# ਵਤਨੋਂ ਦੂਰ

## ਇਸ ਅੰਕ ਵਿਚ


ਕਹਾਣੀਆਂ : ਬਘਿਆੜ / ਦੇਵਿੰਦਰ ਸੇਖੋਂ
ਜਦੋਂ ਆਪਣੇ ਘਰ ਲੱਗੇ / ਅਵਤਾਰ ਗਿੱਲ

ਲੇਖ : ਕੈਨੇਡਾ ਦੀ ਧਰਤੀ ਉੱਪਰ ਅਮਰੀਕਣ ਮਿਜ਼ਾਈਲਾਂ / ਸਤਵੰਤ

ਕਵਿਤਾਵਾਂ : ਸਾਧੂ, ਸੁਖਪਾਲ, ਇਕਬਾਲ ਰਾਮੂਵਾਲੀਆ, ਜਗਤਾਰ ਢਾਅ, ਸੁਰਿੰਦਰ ਧੰਜਲ, ਸੁਖਿੰਦਰ, ਅਜਮੇਰ ਰੋਡੇ, ਗੁਰਚਰਨ ਰਾਮਪੁਰੀ, ਅਵਤਾਰ ਰੋਡੇ, ਗੁਲਸ਼ਨ ਪਾਲ ਦਿਆਲ

ਇੰਟਰਵੀਊ : ਫਿਲਪੀਨ ਦੀ ਨਿਊ ਪੀਪਲਜ਼ ਆਰਮੀ ਦੇ ਕਾਰਕੁਨ ਨਾਲ ਮੁਲਾਕਾਤ/ ਕੁਲਦੀਪ ਸਿੰਘ

ਰੀਪੋਰਟਾਂ/ਮਤੇ: ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ, ਵਿਨੀਪੈੱਗ ਦੀ ਮੀਟਿੰਗ / ਅਮਰਜੀਤ ਸਿੰਘ

ਖ਼ਤ : ਸੰਪਾਦਕ 'ਸਮਤਾ' ਵੱਲੋਂ ਰਾਜੀਵ ਗਾਂਧੀ ਦੇ ਨਾਂ ਖੁੱਲ੍ਹਾ ਖ਼ਤ

ਵਿਸ਼ੇਸ਼ : ਭਗਤ ਸਿੰਘ - ਰਾਜਗੁਰੂ - ਸੁਖਦੇਵ ਸ਼ਹੀਦੀ ਸਪਲੀਮੈਂਟ —
ਖਰੀਆਂ ਖਰੀਆਂ
ਗਵਰਨਰ ਨੂੰ ਖ਼ਤ
ਖ਼ੂਨ ਦਾ ਬਦਲਾ ਖ਼ੂਨ
ਸਿਆਸੀ ਕਾਰਕੁੰਨ ਨੌਜਵਾਨਾਂ ਨੂੰ ਸੰਦੇਸ਼
ਮਹਾਤਮਾਂ ਗਾਂਧੀ ਨੂੰ ਖ਼ਤ


# WATNO DUR


**MAR.-APR. 1985**
**Vol. 12 No. 105**
**Date of issue: Mar. 23, 1985**

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | March – April 1985 | Vol. 12 No. 105

Editorial Board:

Satwant Deepak, Edmonton .................. 461-1917
Laat Bhinder, Edmonton .................. 435-7469
Avtar Gill, Sherwood Park .................. 464-3851
Karnail Randhawa, Edmonton .................. 462-2712

Watno Dur Representatives:

- British Columbia

Sadhu, Burnaby .................. 437-9014
Sukhwant Hundal, Vancouver .................. 321-9221
Amarjit Chahal, Surrey .................. 581-0406
Paul Binning, Richmond .................. 270-9467
Gurcharan Tallewalia, Burnaby .................. 298-3431
Tej Sandhu, Quesnel .................. 992-6775
Avtar Rodhey, Quesnel .................. 992-7578
Inderjit Rode, Vancouver .................. 430-4104

- Ontario

Surinder Dhanjal, Hamilton ..................

ਕਾਂਗਰਸ ਸਰਕਾਰ ਨੇ ਪੰਜਾਬ ਵਿਚ ਆਪਣੇ ਵਿਰੋਧੀਆਂ ਦੀਆਂ ਗੋਡਣੀਆਂ ਲਵਾਉਣ ਲਈ, ਪੰਜਾਬੀਆਂ ਦੀਆਂ ਵਾਜਬ ਮੰਗਾਂ ਨੂੰ ਮੰਨਣ ਦੀ ਬਜਾਏ ਟਰਕਾਊ ਅਤੇ ਲਮਕਾਊ ਨੀਤੀ ਅਖ਼ਤਿਆਰ ਕੀਤੀ। ਨਾਲ ਨਾਲ ਜਨੂੰਨ ਨੂੰ ਸ਼ਹਿ ਦਿੱਤੀ। ਫਿਰ ਸਮੁੱਚੇ ਦੇਸ਼ ਵਿਚ ਆਪਣੀ ਸਟੇਟ ਮਸ਼ੀਨਰੀ ਦੀ ਧਾਂਕ ਜਮਾਉਣ ਲਈ ਧਾਰਮਕ ਸਥਾਨਾਂ ਤੇ ਟੈਂਕ ਚਾੜ੍ਹ ਦਿੱਤੇ।

ਇੰਦਰਾ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਕਾਂਗਰਸੀ ਹਾਕਮ ਜਮਾਤ ਅਤੇ ਇਸ ਦੇ ਪਾਲਤੂ ਗੁੰਡਿਆਂ ਵੱਲੋਂ ਕੀਤੇ/ਕਰਵਾਏ ਨਿਰਦੋਸ਼ ਸਿੱਖਾਂ ਦੇ ਕਤਲੇਆਮ ਨੇ '47 ਦਾ ਮਨਹੂਸ ਦੌਰ ਯਾਦ ਕਰਵਾ ਦਿੱਤਾ ਜਿਸ ਨਾਲ ਸਰਕਾਰ ਦੇ ਮੂੰਹ ਤੋਂ ਅਖੌਤੀ ਧਰਮ ਨਿਰਪੱਖਤਾ ਦਾ ਨਕਾਬ ਲਹਿ ਗਿਆ ਹੈ। ਹੁਣ ਇਸੇ ਹੀ ਜ਼ਾਲਮ ਸਰਕਾਰ ਨੇ ਹੁਣ ਆਪਣੀਆਂ ਕਰਤੂਤਾਂ 'ਤੇ ਪਰਦਾ ਪਾਉਣ ਲਈ 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਅਤੇ 'ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ' ਅਤੇ ਜਮਹੂਰੀ ਅਧਿਕਾਰ ਸਭਾ ਵੱਲੋਂ ਪ੍ਰਕਾਸ਼ਿਤ ਦਸਤਾਵੇਜ਼ "ਹੂ ਆਰ ਦਾ ਗਿਲਟੀ?" ਨੂੰ ਜ਼ਬਤ ਕਰ ਲਿਆ ਹੈ।

ਇਸ ਭ੍ਰਿਸ਼ਟ, ਫ਼ਿਰਕਾਪ੍ਰਸਤ ਲੋਕ-ਦੁਸ਼ਮਣ ਸਰਕਾਰ ਦਾ ਜੂਲਾ ਗਲੋਂ ਲਾਹੁਣ ਲਈ ਆਉ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਇਨਕਲਾਬੀ ਵਿਚਾਰਾਂ ਨਾਲ ਲੈਸ ਹੋਈਏ ਤਾਂ ਜੋ ਫਿਰ ਕੋਈ ਦੇਸੀ ਜਾਂ ਬਦੇਸ਼ੀ ਸਰਕਾਰਾਂ ਲੋਕਾਂ ਨੂੰ ਲੁੱਟ ਨਾਂ ਸਕਣ ਅਤੇ ਉਨ੍ਹਾਂ ਦੇ ਜਜ਼ਬਾਤਾਂ ਨੂੰ ਲਿਤਾੜ ਨਾ ਸਕਣ।

— ਅਦਾਰਾ ਵਤਨੋਂ ਦੂਰ

- **ANNUAL SUBSCRIPTION**
  - Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
  - Special Rates for subscribers of India (Annual:RS10/-); Mail directly to: 1. Gursharan singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਗੁਰਸ਼ਰਨ ਸਿੰਘ, ਸੰਪਾਦਕ 'ਸਮਤਾ' ਵੱਲੋਂ ਰਾਜੀਵ ਗਾਂਧੀ ਦੇ ਨਾਂ ਖੁੱਲ੍ਹਾ ਖ਼ਤ

ਸੇਵਾ ਵਿਖੇ, **ਸ੍ਰੀ ਰਾਜੀਵ ਗਾਂਧੀ, ਪ੍ਰਧਾਨ ਮੰਤਰੀ ਭਾਰਤ ਸਰਕਾਰ, ਨਵੀਂ ਦਿਲੀ ।**

ਸ੍ਰੀ ਮਾਨ, ਇਹ ਚਿੱਠੀ ਮੈਂ ਤੈਨੂੰ ਇਕ ਦੇਸ਼ ਦਾ ਸਾਧਾਰਨ ਸ਼ਹਿਰੀ ਹੋਣ ਕਰਕੇ ਲਿਖ ਰਿਹਾ ਹਾਂ । ਮੇਰੇ ਨਾਂ ਨਾਲ ਭਾਵੇਂ ਸਿੰਘ ਹੈ ਪਰ ਮੈਂ ਬੜੀ ਹਲੀਮੀ ਨਾਲ ਇਹ ਗੱਲ ਕਹਿੰਦਾ ਹਾਂ ਕਿ ਮੈਂ ਆਪਣੇ ਆਪ ਵਿਚ ਕਦੀ ਦਾਅਵਾ ਨਹੀਂ ਕੀਤਾ ਕਿ ਮੈਂ ਸਿਰਫ ਗੁਰੂ ਦੀ ਸਾਜੀ ਸਾਧ ਸੰਗਤ ਦਾ ਦਾਸ ਹੀ ਹਾਂ । ਮੈਂ ਇਕ ਸਾਧਾਰਨ ਸ਼ਹਿਰੀ ਹਾਂ ਤੇ ਸਿਰਫ ਇਕ ਸਾਧਾਰਨ ਮਨੁੱਖ ਹਾਂ ਤੇ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਨਾਂ ਕਿਸੇ ਧਰਮ ਜਾਂ ਮਜ਼ਹਬ ਨਾਲ ਨਾਂ ਜੋੜਿਆ ਜਾਏ । ਮੈਂ ਉਹਨਾ ਸਾਧਾਰਨ ਲੋਕਾ ਵਿਚੋਂ ਹਾਂ

- ਜੋ ਉਸ ਵੇਲੇ ਵੀ ਰੋਸ ਦੀ ਆਵਾਜ਼ ਉੱਚੀ ਕਰਦੇ ਸਨ, ਜਦੋਂ ਜੂਨ 1984 ਤੋਂ ਪਹਿਲਾਂ, ਧਾਰਮਕ ਜਨੂੰਨ ਦੇ ਨਾਂ ਥਲੇ ਬੇਗੁਨਾਹ ਲੋਕਾਂ ਦੇ ਕਤਲ (ਜਿਨ੍ਹਾਂ ਦੇ ਸਿਰ ਤੇ ਪਗੜੀ ਨਹੀਂ ਸੀ) ਹੋ ਰਹੇ ਸਨ ।
- ਜੋ ਉਸ ਵੇਲੇ ਵੀ ਰੋਸ ਦੀ ਆਵਾਜ਼ ਉੱਚੀ ਕਰਦੇ ਸਨ ਜਦੋਂ ਝੂਠੇ ਪੁਲਸ ਮੁਕਾਬਲਿਆਂ ਵਿਚ ਨੌਜਵਾਨ ਮਾਰੇ ਜਾਂਦੇ ਸਨ । ਇਹ ਮਾਰੇ ਜਾਣ ਵਾਲੇ ਲੋਕ ਭਾਵੇਂ ਕਮਿਊਨਿਸਟ ਇਨਕਲਾਬੀ ਸਨ ਤੇ ਭਾਵੇਂ ਅੰਮ੍ਰਿਤਧਾਰੀ ਸਿੱਖ ਸਨ ।
- ਜਿਨ੍ਹਾਂ ਨੇ ਇਹ ਆਵਾਜ਼ ਉਠਾਈ ਕਿ ਦਰਬਾਰ ਸਾਹਿਬ ਵਿਚ ਕਾਤਲਾਂ ਨੂੰ ਪਨਾਹ ਦੇਣੀ ਗਲਤ ਹੈ ਅਤੇ ਜਿਨ੍ਹਾਂ ਕੋਲ ਦਰਬਾਰ ਸਾਹਿਬ ਦਾ ਪ੍ਰਬੰਧ ਹੈ, ਉਹ ਇਸ ਜ਼ਿੰਮੇਵਾਰੀ ਤੋਂ ਸੁਰਖਰੂ ਨਹੀਂ ਹੋ ਸਕਦੇ ।
- ਜਿਨ੍ਹਾਂ ਨੇ ਇਹ ਵੀ ਕਿਹਾ ਕਿ ਕਾਤਲ ਦਰਬਾਰ ਸਾਹਿਬ ਉੱਡਕੇ ਨਹੀਂ ਪੱਜ ਜਾਂਦੇ, ਸਮੇਂ ਦੀ ਸਰਕਾਰ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਾਧਾਰਨ ਸ਼ਹਿਰੀਆਂ ਨੂੰ ਕਾਤਲਾਂ ਦੇ ਹਥੋਂ ਬਚਾਏ ।
- ਜਿੰਨ੍ਹਾਂ ਇਹ ਵੀ ਕਿਹਾ ਕਿ ਇਕ ਵਿਅਕਤੀ ਨੂੰ ਫੜਣ ਲਈ (ਭਾਵੇਂ ਉਹ ਕਾਨੂੰਨ ਦੀਆਂ ਨਜ਼ਰਾਂ ਵਿਚ ਕਿੰਨਾਂ ਵਡਾ ਗੁਨਾਹਗਾਰ ਹੋਵੇ) ਹਰਮੰਦਿਰ ਸਾਹਿਬ ਵਿਚ ਏਨੇ ਵਡੇ ਪੈਮਾਨੇ ਦੀ ਫੌਜੀ ਕਾਰਵਾਈ ਤੇ ਤਬਾਹੀ ਇਕ ਸਰਾਸਰ ਗਲਤ ਕਾਰਵਾਈ ਹੈ ਅਤੇ ਇਸ ਫੌਜੀ ਕਾਰਵਾਈ ਵਿਚ ਵੀ ਅਗੋਂ ਹੋਰ ਬੇਗੁਨਾਹ ਲੋਕਾਂ ਦਾ ਮਾਰਿਆ ਜਾਣਾ, ਇਕ ਐਸਾ ਗੁਨਾਹ ਜਿਸ ਤੋਂ **ਪ੍ਰਧਾਨ ਮੰਤਰੀ ਇੰਦਰਾ ਗਾਂਧੀ** ਤੇ ਪ੍ਰਧਾਨ ਗਿਆਨੀ ਜ਼ੈਲ ਸਿੰਘ ਕਦੀ ਵੀ ਬਰੀ ਨਹੀਂ ਕੀਤੇ ਜਾ ਸਕਦੇ ।
- ਜਿਨ੍ਹਾਂ ਇਹ ਵੀ ਕਿਹਾ ਸੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਿਆਸੀ ਹਾਰ ਦੇਣ ਦੀ ਥਾਂ, ਉਹਦੀ ਜਿਸਮਾਨੀ ਹਤਿਆ ਬਹੁਤ ਹੀ ਗਲਤ ਧਾਰਨਾ ਹੈ, ਜਿਸ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਏ, ਉਹ ਥੋੜੀ ਹੈ ਜਿਨ੍ਹਾਂ ਇਹ ਵੀ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੀ ਹੱਤਿਆ ਤੋਂ ਬਾਅਦ ਕਾਂਗਰਸੀ ਗੁੰਡਿਆਂ ਦੇ ਹਥੋਂ ਸਾਧਾਰਨ ਸਿਖਾਂ ਦਾ ਕਤਲਿਆਮ ਇਕ ਬਹੁਤ ਵੱਡਾ ਗੁਨਾਹ ਹੈ ਤੇ ਕਾਂਗਰਸ ਪਾਰਟੀ ਨੂੰ ਇਸ ਦੇ ਲਈ ਕਦੀ ਮੁਆਫ ਨਹੀਂ ਕੀਤਾ ਜਾ ਸਕਦਾ ।
- ਜੋ ਇਹ ਕਹਿੰਦੇ ਹਨ ਕਿ ਵੀਹਵੀਂ ਸਦੀ ਵਿਚ ਮਜ਼ਹਬ ਤੇ ਆਧਾਰਤ ਸਿਆਸਤ ਇਤਿਹਾਸ ਦਾ ਪਹੀਆ ਪੁੱਠਾ ਚਲਾਉਣ ਦੇ ਬਰਾਬਰ ਹੈ ।
- ਜਿਹੜੇ ਇਹ ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਦਾ ਰੈਜ਼ੂਲੇਸ਼ਨ ਮੰਨਣ ਜਾਂ ਨਾਂ ਮੰਨਣ ਨਾਲ ਲੋਕਾਂ ਦੇ ਬੁਨਿਆਦੀ ਮੱਸਲਿਆਂ ਦੇ ਹੱਲ ਹੋਣ ਦੀ ਕੋਈ ਸੰਭਾਵਨਾ ਨਹੀਂ ।

ਹਾਂ ਮੈਂ ਉਨ੍ਹਾਂ 'ਚੋਂ ਇਕ ਹਾਂ ਜੋ ਇਹ ਸਮਝਦੇ ਹਨ ਕਿ ਇਹ ਭਾਰਤ ਸਾਰੇ ਲੋਕਾਂ ਦਾ ਸਾਂਝਾ ਹੈ ਤੇ ਇਸ ਵਿਚ ਪੰਜਾਬ ਵੀ ਸ਼ਾਮਿਲ ਹੈ । ਇਥੇ ਕਿਸੇ ਇਕ ਫਿਰਕੇ ਦੀ ਕੋਈ ਵਿਸ਼ੇਸ਼ ਹੱਕਾ ਦੀ ਇਜਾਰੇਦਾਰੀ ਨਹੀਂ । ਭਾਵੇਂ ਉਹ ਬਹੁਗਿਣਤੀ ਹੈ ਜਾਂ ਘੱਟ ਗਿਣਤੀ ਵਿਚ ਹੈ । ਇਸ ਸਪਸ਼ਟ ਸਟੈਂਡ ਤੇ ਖਲੋਕੇ ਮੈਂ ਤੈਨੂੰ ਹੇਠ ਲਿਖੀਆਂ ਸਤਰਾਂ ਲਿਖ ਰਿਹਾ ਹਾਂ ।

ਪਹਿਲੀ ਗਲ ਤਾਂ ਮੈਂ ਫੇਰ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਾਡੇ ਸਾਰੇ ਸਾਧਾਰਨ ਲੋਕਾਂ ਦਾ ਹੈ । ਇਹ ਪੰਜਾਬ ਕੋਈ ਕਾਂਗਰਸ ਪਾਰਟੀ ਜਾਂ ਅਕਾਲੀ ਪਾਰਟੀ ਦੀ ਜਗੀਰ ਨਹੀਂ ਕਿ ਦੋਨਾ ਦੀ ਕੁਰਸੀ ਦੀ ਲੜਾਈ ਵਿਚ ਇਸਨੂੰ ਛਿੱਕੇ ਟੰਗਿਆ ਜਾ ਸਕੇ ।

ਤੂੰ ਅਕਾਲੀਆਂ ਨੂੰ ਕਹਿੰਦਾ ਹੈਂ ਕਿ ਉਹ ਅੱਤਿਵਾਦ ਬਾਰੇ ਆਪਣਾ ਸਪੱਸ਼ਟ ਸਟੈਂਡ ਦਸਣ, ਤੇਰਾ ਇਹ ਕਹਿਣਾ ਸਰਾਸਰ ਨਜਾਇਜ਼ ਹੈ । ਉਹ ਅਲੈਕਸ਼ਨ ਕਮਿਸ਼ਨ ਵਲੋਂ ਪ੍ਰਵਾਨਤ ਇਕ ਬਾਕਾਇਦਾ ਸਿਆਸੀ ਪਾਰਟੀ ਹਨ । ਉਹਨਾਂ ਦਾ ਜੋ ਵੀ ਸਟੈਂਡ ਹੈ, ਉਹ ਲੋਕਾਂ ਵਿਚ ਦਸਣਗੇ, ਤੂੰ ਪੁਛਣ ਵਾਲਾ ਕੌਣ ਏਂ ? ਨਾਲੇ ਅਤਿਵਾਦ ਨਾਲ ਨਿਬੜਣਾ ਹੁਣ ਤੇਰੀ ਪ੍ਰਬੰਧਕੀ ਜ਼ਿੰਮੇਵਾਰੀ ਹੈ, ਉਹਨਾਂ ਦੀ ਨਹੀਂ । ਜਿਨ੍ਹਾਂ ਦੀ ਸਾਰੀ ਲੀਡਰਸ਼ਿਪ ਜੇਲ੍ਹ ਵਿਚ ਬੈਠੀ ਹੈ । ਹੁਣ ਤੂੰ ਇਹ ਨਹੀਂ ਕਹਿ ਸਕਦਾ ਕਿ ਅਤਿਵਾਦੀ ਗੁਰਦੁਆਰਿਆਂ ਵਿਚ ਸ਼ਰਨ ਲੈਂਦੇ ਹਨ । ਉਥੇ ਹੁਣ ਤੇਰੀ ਪੁਲਸ ਅਤੇ ਫੌਜ ਨੂੰ ਜਾਣ ਦੀ ਕੋਈ ਮਨਾਹੀ ਨਹੀਂ ।

ਅਕਾਲੀ ਅਗੋਂ ਇਹ ਕਹਿੰਦੇ ਹਨ ਕਿ ਤੂੰ ਉਹਨਾਂ ਤੋਂ ਪੁਛਣ ਤੋਂ ਪਹਿਲਾਂ ਇਹ ਦਸ ਕਿ ਤੇਰਾ ਦਿਲ੍ਹੀ ਦੇ ਕਾਤਲ ਗੁੰਡਿਆਂ ਨਾਲ ਕੀ ਰਿਸ਼ਤਾ ਹੈ ? ਸਾਰੀ ਦੁਨੀਆਂ ਜਾਣਦੀ ਹੈ ਕਿ ਇਹ ਕਾਤਲ ਗੁੰਡੇ ਤੇਰੀ ਪਾਰਟੀ ਦੇ ਸਨ । ਇਹਨਾਂ ਵਿਚੋਂ ਤੂੰ ਇਕ ਨੂੰ ਸਟੇਟ ਮਨਿਸਟਰ ਤੋਂ ਪੂਰਾ ਕੈਬਨਿਟ ਮਨਿਸਟਰ ਬਣਾ ਦਿਤਾ ਹੈ। ਹੁਣ ਇਹ ਨਾਂ ਆਖੀਂ ਕਿ ਕਾਤਲ ਨੇ ਤਿੰਨ ਲੱਖ ਵੋਟਾਂ ਲਈਆਂ ਹਨ । ਉਹਦੇ ਨਾਲ ਉਹਦਾ ਕਤਲ ਵਿਚ ਸ਼ਾਮਿਲ ਹੋਣ ਦਾ ਗੁਨਾਹ ਮੁਆਫ ਨਹੀਂ ਕੀਤਾ ਜਾ ਸਕਦਾ। ਕਦੇ ਡਾਕੂ ਮਾਨ ਸਿੰਘ ਚੰਬਲ ਘਾਟੀ ਤੋਂ ਚੋਣਾਂ ਲੜੇ ਤਾਂ ਉਹ ਵੀ ਇਸ ਤੋਂ ਵੱਧ ਵੋਟਾਂ ਲੈ ਸਕਦਾ ਹੈ, ਪਰ ਇਹਦੇ ਨਾਲ ਉਹਦੇ ਨਾਂ ਨਾਲੋਂ ਡਾਕੂ ਸ਼ਬਦ ਵੱਖਰਾ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ, ਤੇਰੇ ਭਗਤਾਂ, ਟਾਇਟਲਰਾਂ ਤੇ ਧਰਮ ਦਾਸਾਂ ਨਾਲੋਂ ਕਾਤਲ ਸ਼ਬਦ ਵੱਖਰਾ ਨਹੀਂ ਕੀਤਾ ਜਾ ਸਕਦਾ। ਜੇ ਤੂੰ ਇਸ ਗਲ ਨੂੰ ਨਹੀਂ ਮੰਨੇਗਾ ਤਾ ਆਉਣ ਵਾਲੇ ਲੋਕ ਇਹਨਾਂ ਨੂੰ ਕਟਿਹਰੇ ਵਿਚ ਖੜਾ ਕਰਨਗੇ। ਯਾਦ ਰੱਖ ਨਾਜ਼ੀ ਕਾਤਲਾਂ ਉਤੇ ਵੀਹ ਵੀਹ ਸਾਲ ਬਾਅਦ ਵੀ ਮੁਕੱਦਮੇ ਚਲਾਏ ਗਏ ਸਨ। ਪ੍ਰਧਾਨ ਮੰਤਰੀ ਦੇ ਕਾਤਲਾਂ ਅਤੇ ਉਸ ਕਤਲ ਵਿਚ ਸ਼ਾਮਿਲ ਸਾਜ਼ਿਸ਼ ਦੇ ਕਥਿਤ ਦੋਸ਼ੀਆਂ ਵਿਰੁਧ ਜੇਕਰ ਮੁਕੱਦਮੇ ਚਲਾਏ ਜਾ ਸਕਦੇ ਹਨ ਤਾਂ ਉਹਨਾਂ ਦੋਸ਼ੀਆਂ ਵਿਰੁਧ ਕਿਉਂ ਨਹੀਂ ਚਲਾਏ ਜਾ ਸਕਦੇ ਜਿਨ੍ਹਾਂ ਦੀ ਸਪੱਸ਼ਟ ਤੌਰ ਤੇ ਪਹਿਚਾਣ ਕਰ ਲਈ ਗਈ ਹੈ ਤੇ ਜਿਨ੍ਹਾਂ ਕਤਲ ਕੀਤੇ ਹਨ।

ਪੰਜਾਬ ਦੇ ਮਸਲੇ ਦਾ ਜੇ ਤੇਰੇ ਕੋਲ ਕੋਈ ਹਲ ਹੈ, ਤਾਂ ਸਪੱਸ਼ਟ ਦਸ । ਅਕਾਲੀਆਂ ਨੂੰ ਇਹ ਮਨਜ਼ੂਰ ਹੋਵੇ ਜਾਂ ਨਾਂ ਹੋਵੇ, ਇਹ ਨਾਂ ਤੇਰੀ ਮਜਬੂਰੀ ਹੈ ਤੇ ਨਾਂ ਅਕਾਲੀਆਂ ਦੀ। ਤੁਸੀਂ ਦੋ ਸਿਆਸੀ ਪਾਰਟੀਆਂ ਹੋ ਤਾਂ ਤੁਸੀਂ ਆਪਣੇ ਹਿੱਤ ਜਾਂ ਇਹ ਕਹਿ ਲਵੋ ਜਿਨ੍ਹਾਂ ਜਮਾਤਾਂ ਦੀ ਤੁਸੀਂ ਨੁਮਾਇੰਦਗੀ ਕਰਦੇ ਹੋ, ਉਹਨਾਂ ਦੇ ਹਿੱਤ ਪਾਲਣੇ ਹਨ। ਇਸ ਲਈ ਅਕਾਲੀਆਂ ਵਾਸਤੇ ਤੇਰੇ ਲਈ ਕੋਈ ਸ਼ਰਤ ਡਿਕਟੇਟ ਕਰਵਾਉਣੀ ਜਾਂ ਉਨ੍ਹਾਂ ਵਲੋਂ ਤੇਰੇ ਵਾਸਤੇ ਕੋਈ ਸ਼ਰਤ ਰਖਣੀ ਦੋਨੋਂ ਗੈਰ ਸਿਆਸੀ ਗਲਾਂ ਹਨ । ਹਾਂ ਜੇ ਤੁਸੀਂ ਅੰਦਰਖਾਤੇ ਇਹ ਸਲਾਹ ਬਣਾ ਲਈ ਹੈ ਕਿ ਪੰਜਾਬ ਵਿਚ ਆਉਣ ਵਾਲੀ ਵਜ਼ਾਰਤ ਤੁਹਾਡੀ ਦੋਨਾਂ ਦੀ ਸਾਂਝੀ ਹੋਵੇ ਤਾਂ ਪਏ ਇਕ ਦੂਜੇ ਕੋਲੋਂ ਸ਼ਰਤਾਂ ਮਨਵਾਓ। ਪੰਜਾਬ ਦੇ ਲੋਕਾਂ ਨੂੰ ਅਮਨ ਤੇ ਸ਼ਾਂਤੀ ਚਾਹੀਦੀ ਹੈ, ਜਿਥੇ ਬਗੈਰ ਕਿਸੇ ਫੌਜੀ ਜਾਂ ਪੁਲਸ ਜਾਂ ਅਤਿਵਾਦੀ ਦੀ ਦਹਿਸ਼ਤ ਦੇ ਲੋਕ ਆਪਣੇ ਆਪਣੇ ਕੰਮ ਕਰ ਸਕਨ, ਤੇ ਇਹਨਾਂ ਕੰਮਾਂ ਵਿਚ ਆਪਣੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਲਈ ਸੰਘਰਸ਼ ਵੀ ਸ਼ਾਮਿਲ ਹਨ ਤੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸਿਆਸੀ ਕਾਰਗੁਜ਼ਾਰੀ ਵੀ ਸ਼ਾਮਿਲ ਹੈ । ਇਹ ਸਭ ਕੁਝ ਵੀਹਵੀਂ ਸਦੀ ਦੇ ਜਮਹੂਰੀ ਸਮਾਜ ਦੀਆਂ ਘੱਟੋ ਘੱਟ ਜ਼ਰੂਰਤਾਂ ਹਨ ਜਿਨ੍ਹਾਂ ਉਤੇ ਫਾਸ਼ੀ ਕਾਨੂੰਨਾਂ ਰਾਹੀਂ ਬੰਦਸ਼ਾਂ ਲਗਾਈਆਂ ਜਾ ਰਹੀਆਂ ਹਨ। ਆਖਰ ਸਾਰੇ ਪੰਜਾਬ ਵਿਚ ਲੰਮੇ ਅਰਸੇ ਲਈ ਦਫਾ 144 ਲਗਾਕੇ ਤੇ ਅਧਿਕਾਰੀਆਂ ਦੀ ਇਜਾਜ਼ਤ ਬਿਨਾ ਕੋਈ ਸਿਆਸੀ ਜਾਂ ਸਭਿਆਚਾਰਕ ਇਕੱਠ ਕਰਨ ਉਤੇ ਬੰਦਸ਼ ਲਗਾਕੇ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਨਾਉਣ ਦਾ ਹੱਕ ਤੁਹਾਡੇ ਲਕਾਂ ਨੂੰ ਕਿਸਨੇ ਦਿਤਾ ਹੈ ?

ਤੇਰੀਆਂ ਇਹ ਸਾਰੀਆ ਪਾਲਸੀਆਂ ਅਤਿਵਾਦ ਨੂੰ ਫੈਲਾਉਣ ਵਿਚ ਸਹਾਇਤਾ ਕਰ ਰਹੀਆਂ ਹਨ ਤੇ ਸ਼ਾਇਦ ਤੂੰ ਇਹੋ ਚਾਹੁੰਦਾ ਏਂ, ਕਿਉਂਕਿ ਇਹੋ ਤਾਂ ਇਕ ਹਥਿਆਰ ਹੈ, ਜਿਸਨੂੰ ਵਰਤਕੇ ਤੂੰ ਏਨੀਆਂ ਵੋਟਾਂ ਹਾਸਿਲ ਕਰ ਸਕਿਆ ਏਂ ਤੇ ਵਿਰੋਧੀਆਂ ਨੂੰ ਚਿਤ ਕਰ ਸਕਿਆ ਏ। ਪਰ ਯਾਦ ਰਖ ਇਹ ਵਿਸਫੋਟਕ ਹਾਲਤ ਜੋ ਪੈਦਾ ਹੋ ਰਹੀ ਹੈ, ਉਹ ਸਾਨੂੰ ਪੰਜਾਬ ਦੇ ਲੋਕਾਂ ਨੂੰ ਤਾਂ ਡੋਬੇਗੀ ਹੀ, ਪਰ ਬਾਕੀ ਭਾਰਤ ਨੂੰ ਵੀ ਜ਼ਰੂਰ ਲੈ ਡੁਬੇਗੀ। ਪੰਜਾਬ ਭਾਰਤ ਦਾ ਇਕ ਜ਼ਰੂਰੀ ਅੰਗ ਹੈ ਤੇ ਜੋ ਇਸਦੀ ਪਾਕਿਸਤਾਨ ਨਾਲ ਲਗਨਕਰਕੇ ਜੁਗਰਾਫਾਈ ਸਥਿਤੀ ਹੈ, ਉਹ ਇਸਦੇ ਬਾਰੇ ਫੋਰੀ ਫੈਸਲੇ ਦੀ ਮੰਗ ਕਰਦੀ ਹੈ, ਅਗਰ ਫੈਸਲੇ ਦੀ ਦੇਰੀ ਹੁੰਦੀਗਈ ਤਾਂ ਜਿਸ ਭਾਰਤ ਦੀ ਏਕਤਾ ਦੇ ਨਾ ਤੇ ਤੂੰ ਏਨੀਆਂ ਵੋਟਾਂ ਲਈਆਂ ਹਨ, ਉਹ ਏਕਤਾ ਖੇਰੂ ਖੇਰੂ ਹੋ ਜਾਏਗੀ ਫੌਜਾਂ ਅਤੇ ਪੁਲਸ ਜਬਰ ਕਿਸੇ ਮੱਸਲੇ ਦਾ ਹੱਲ ਨਹੀਂ।

ਅਕਾਲੀਆਂ ਨਾਲ ਤੂੰ ਕੀ ਰਵੀਯਾ ਇਖਤਿਆਰ ਕਰ, ਇਹ ਸਾਡੀ ਸਿਰਦਰਦੀ ਨਹੀਂ। ਉਹ ਪੰਜਾਬ ਵਿਚ ਸੱਤਾ ਸੰਭਾਲਨ ਵਾਲੀ ਤੇਰੀ ਪਾਰਟੀ ਦੀ ਸ਼ਰੀਕ ਪਾਰਟੀ ਹੈ। ਇਹ ਸ਼ਰੀਕਾਂ ਦੀ ਲੜਾਈ ਵਿਚ ਸਾਡਾ ਕਿਉਂ ਘਾਣ ਹੋ ਰਿਹਾ ਹੈ ? ਅਸੀਂ ਇਹ ਪੁਛਣ ਦਾ ਹੱਕ ਰਖਦੇ ਹਾਂ।

ਤੂੰ ਇਸ ਵੇਲੇ ਕੇਂਦਰੀ ਹਕੂਮਤ ਦਾ ਮਾਲਕ ਏਂ, ਭਾਵੇਂ ਕਿਸੇ ਤਰ੍ਹਾਂ ਵੀ ਲਈਆਂ ਤੂੰ ਵਡੀ ਗਿਣਤੀ ਵਿਚ ਲੋਕਾਂ ਕੋਲੋਂ ਵੋਟਾਂ ਲਈਆਂ ਹਨ ਤੇ ਲੋਕਾਂ ਦਾ ਹੱਕ ਬਣਦਾ ਹੈ ਕਿ ਉਹ ਤੇਰੇ ਕੋਲੋਂ ਮੱਸਲੇ ਦਾ ਹਲ ਪੁਛਣ। ਜੋ ਕੁਝ ਤੇਰੇ ਦਿਲ ਵਿਚ ਹੈ, ਉਹ ਸਪੱਸ਼ਟ ਦਸ ਤੇ ਲੋਕਾਂ ਦਾ ਸਾਹਮਣਾ ਕਰ, ਕਦੀ ਕੈਬਨਿਟ ਕਮੇਟੀਆਂ ਬਣਾਕੇ ਕਦੀ ਭਜਨ ਲਾਲ ਕੋਲੋਂ ਬਿਆਨ ਦਿਵਾਕੇ ਸਿਆਸੀ ਬੇਇਮਾਨੀ ਦੇ ਰਾਹ ਤੇ ਕਿਉਂ ਤੁਰ ਪਿਆ ਏਂ ?

ਅਸੀਂ ਜੋ ਪੰਜਾਬ ਦੇ ਸਾਧਾਰਨ ਸ਼ਹਿਰੀ ਹਾਂ, ਜੋ ਭਾਰਤ ਦਾ ਇਕ ਹਿੱਸਾ ਹੈ, ਤੇਰੇ ਕੋਲੋਂ ਸਿਆਸੀ ਇਮਾਨਦਾਰੀ ਦੀ ਮੰਗ ਕਰਦੇ ਹਾਂ ਤੇ ਇਸ ਮੱਸਲੇ ਦਾ ਹੱਲ ਮੰਗਦੇਹਾਂ।

**ਗੁਰਸ਼ਰਨ ਸਿੰਘ**—ਸੰਪਾਦਕ ਸਮਤਾ

**('ਸਮਤਾ' ਮਾਰਚ '85 'ਚੋਂ ਧੰਨਵਾਦ ਸਹਿਤ)**

# ਸ਼ਹੀਦ ਭਗਤਸਿੰਘ - ਰਾਜਗੁਰੂ - ਸੁਖਦੇਵ ਸਪਲੀਮੈਂਟ

## ਖਰੀਆਂ ............ ਖਰੀਆਂ ............

ਗਾਂਧੀ ਨੇ ਇਰਵਨ ਪੈਕਟ ਵੇਲੇ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਮੌਤ ਦੀ ਸਜ਼ਾ ਦੀ ਬਦਲੀ ਨੂੰ ਸਮਝੌਤੇ ਦੀ ਸ਼ਰਤ ਨਹੀਂ ਬਣਾਇਆ ਸਗੋਂ ਇਰਵਨ ਨੂੰ ਇਹ ਚਿਤਾਵਨੀ ਦੇਣੀ ਯੋਗ ਸਮਝੀ ਕਿ

'ਜੇ ਇਹਨਾਂ ਮੁੰਡਿਆ ਨੂੰ ਫਾਂਸੀ ਦੇਣੀ ਹੀ ਹੈ ਤਾਂ ਇਹ ਕਰਾਚੀ ਸ਼ੈਸ਼ਨ ਦੇ ਬਾਅਦ ਨਾਲੋਂ ਪਹਿਲਾਂ ਕੀਤਾ ਜਾਣਾ ਬਿਹੱਤਰ ਹੋਵੇਗਾ ।'

(ਡਾ. ਪੀ. ਸੰਤਾਰਮੱਯ, ਦੀ ਹਿਸਟਰੀ ਆਫ ਇੰਡੀਅਨ ਨੈਸ਼ਨਲ ਕਾਂਗਰਸ, ਜਿਲਦ 1, ਪੰਨਾਂ 442)

ਜਾਹਨਸਨ ਨੇ ਆਪਣੀ ਕਿਤਾਬ 'ਲਾਰਡ ਹੈਲੀਫੈਕਸ' ਵਿਚ ਜੋ ਦੋਸ਼ ਗਾਂਧੀ ਤੇ ਲਾਇਆ ਹੈ, ਉਸ ਦਾ ਖੰਡਨ ਅਜ ਤਕ ਕਿਸੇ ਨੇ ਨਹੀਂ ਕੀਤਾ । ਜਾਹਨਸਨ ਆਪਣੀ ਕਿਤਾਬ ਵਿਚ ਲਿਖਦਾ ਹੈ, 'ਜਦੋਂ ਗਾਂਧੀ ਤੇ ਇਰਵਨ ਵਾਰਤਾ ਚਲ ਰਹੀ ਸੀ ਤਾਂ ਅੰਗਰੇਜ਼ ਸਰਕਾਰ ਦੇ ਘਰੇਲੂ ਵਿਭਾਗ ਦੇ ਇਕ ਮੈਂਬਰ ਹਰਬਰਟ ਐਮਰਸਨ ਨੂੰ ਇਸ ਵਾਰਤਾ ਵਿਚ ਵਿਸ਼ੇਸ਼ ਰੋਲ ਅਦਾ ਕਰਨ ਲਈ ਭੇਜਿਆ ਗਿਆ । ਉਸ (ਐਮਰਸਨ) ਦਾ ਕਹਿਣਾ ਹੈ ਕਿ

### *ਜਦੋਂ ਗਾਂਧੀ ਤੇ ਇਰਵਨ ਇਹ ਫੈਸਲਾ ਕਰ ਚੁਕੇ ਕਿ ਭਗਤ ਸਿੰਘ ਨੂੰ ਫਾਂਸੀ ਲਾ ਦਿਤੀ ਜਾਵੇ*

ਤਾਂ ਉਹ ਦੋਵੇਂ ਬਹੁਤ ਵਿਸਥਾਰ ਪੂਰਬਕ ਬਹਿਸ ਕਰ ਰਹੇ ਸਨ । ਐਮਰਸਨ ਨੂੰ ਇਹ ਵੇਖ ਕੇ ਹੈਰਾਨੀ ਹੋਈ, ਉਹ ਦੋਵੇਂ ਸਿਆਸਤਦਾਨ ਨਹੀਂ ਸਨ ਪ੍ਰਤੀਤ ਹੁੰਦੇ ਜੋ ਭੰਨ ਤੋੜ ਦੇ ਸਿਆਸੀ ਪ੍ਰਭਾਵ ਬਾਰੇ ਗੱਲ ਕਰ ਰਹੇ ਹੋਣ । ਸਗੋਂ ਇੰਜ ਲਗਦੇ ਸੀ ਜਿਵੇਂ ਦੋ ਮਹਾਤਮਾ ਮਨੁਖੀ ਜੀਵਨ ਦੀ ਪਵਿੱਤਰਤਾ ਤੇ ਵਿਚਾਰ ਕਰ ਰਹੇ ਹੋਣ ।

(ਲਾਰਡ ਹੈਲੀਫੈਕਸ, ਪੰਨਾਂ 313)

19 ਮਾਰਚ, 1931 ਗਾਂਧੀ ਨੇ ਦੁਬਾਰਾ ਇਰਵਨ ਨਾਲ ਆਪਣੀ ਗਲ ਬਾਤ ਵਿਚਾਲੇ ਭਗਤ ਸਿੰਘ ਦਾ ਜ਼ਿਕਰ ਕੀਤਾ । ਉਸ ਗੱਲ ਬਾਤ ਦੀ ਕਾਰਵਾਈ ਇਰਵਨ ਨੇ ਇੰਜ ਲਿਖੀ ਹੈ. "ਜਦੋਂ ਗਾਂਧੀ ਜਾਣ ਲਗਿਆ ਤਾਂ ਉਸ ਨੇ ਪੁਛਿਆ ਕਿ ਕੀ ਮੈਂ ਭਗਤ ਸਿੰਘ ਦੇ ਕੇਸ ਬਾਰੇ ਗੱਲ ਕਰ ਲਵਾਂ । ਕਿਉਂਕਿ ਉਸ ਨੇ ਅਖਬਾਰਾਂ ਵਿਚ ਵੇਖਿਆ ਸੀ ਕਿ ਉਸ ਨੂੰ 25 ਮਾਰਚ ਨੂੰ ਫਾਸੀ ਦਿਤੀ ਜਾ ਰਹੀ ਹੈ ਅਤੇ ਉਸ ਨੇ ਇਹ ਵੀ ਕਿਹਾ ਕਿ

### *ਇਹ ਇਕ ਸੁਭਾਗ ਦਿਨ ਨਹੀਂ ਹੈ ਕਿਉਂਕਿ ਉਸੇ ਦਿਨ ਕਾਂਗਰਸ ਦੇ ਪ੍ਰਧਾਨ ਕਰਾਚੀ ਆ ਰਹੇ ਹਨ ਅਤੇ ਲੋਕਾਂ ਵਿਚ ਕਾਫੀ ਖਿਚਾਉ ਹੋਵੇਗਾ ।*

ਮੈਂ ਉਸ ਨੂੰ ਕਿਹਾ ਕਿ ਮੈਂ ਸਾਰਾ ਮਾਮਲਾ ਬੜੀ ਸਾਵਧਾਨੀ ਨਾਲ ਵਿਚਾਰਿਆ ਹੈ ਤੇ ਮੈਨੂੰ ਕੋਈ ਇਹੋ ਜਿਹਾ ਕਾਰਨ ਨਹੀਂ ਦਿਸਦਾ ਜਿਸ ਦੇ ਆਧਾਰ ਤੇ ਉਸ ਦੀ ਫਾਂਸੀ ਮਨਸੂਖ ਕਰ ਸਕਾਂ— ਉਹ ਮੇਰੀ ਇਸ ਰਾਏ ਦਾ ਪ੍ਰਸ਼ੰਸਕ ਪ੍ਰਤੀਤ ਹੁੰਦਾ ਸੀ ਤੇ ਇਸ ਤੋਂ ਬਾਅਦ ਉਸ ਨੇ ਕੁਝ ਨਹੀਂ ਕਿਹਾ **(I bid minute 19 March)** ।

20 ਮਾਰਚ ਗਾਂਧੀ ਦੀ ਹਰਬਰਟ ਐਮਰਸਨ ਨਾਲ ਮੁਲਾਕਾਤ ਸੀ । ਐਮਰਸਨ ਨੇ ਆਪਣੀ ਲਿਖਤ ਵਿਚ ਗਾਂਧੀ ਦੀ ਭਗਤ ਸਿੰਘ ਬਾਰੇ ਭਾਵਨਾ ਨੂੰ ਇੰਝ ਲਿਖਿਆ ਹੈ । ਗਾਂਧੀ ਇਸ ਮੁਆਮਲੇ ਵਿਚ ਕੋਈ ਫਿਕਰਮੰਦ ਨਹੀਂ ਦਿਸਦਾ । ਮੈਂ ਉਸ ਨੂੰ ਕਿਹਾ ਕਿ ਇਹ ਸਾਡੀ ਖੁਸ਼ ਕਿਸਮਤੀ ਹੋਵੇਗੀ ਜੇ ਸਭ ਕਝ ਬਗੈਰ ਰੌਲੇ ਗੋਲੇ ਦੇ ਮਕ ਜਾਵੇ । ਮੈਂ ਉਸ ਨੂੰ ਇਹ ਵੀ ਕਿਹਾ ਕਿ ਉਹ ਸਭ ਕੁਝ ਕਰੇ ਜਿਸ ਨਾਲ ਅਗਲੇ ਦਿਨਾਂ ਵਿਚ ਦਿੱਲੀ ਵਿਚ ਹੋਣ ਵਾਲੀਆਂ ਮੀਟਿੰਗਾਂ ਨਾ ਹੋਣ ਤੇ ਹਿੰਸਕ ਤਕਰੀਰਾਂ ਨਾ ਹੋਣ । ਉਸ ਨੇ ਵਾਇਦਾ ਕੀਤਾ ਕਿ ਜੋ ਉਸ ਤੋਂ ਹੋ ਸਕਿਆ ਉਹ ਕਰੇਗਾ । (ਫਾਇਲ ਨੰ: 33—1/1931/ ਗਹਿ ਵਿਭਾਗ, ਸਿਆਸੀ ਬਰਾਂਚ ਆਰਕਿਆ ਈਵਸ) ।

ਗਾਂਧੀ ਨੇ ਐਮਰਸਨ ਨੂੰ 20 ਮਾਰਚ ਨੂੰ ਇਹ ਲਿਖਿਆ :

1, ਦਰਿਆ ਗੰਜ,
ਦਿੱਲੀ, ਮਾਰਚ 20, 1931 ।

ਮੇਰੇ ਪਿਆਰੇ ਐਮਰਸਨ,

ਹੁਣੇ ਤੇਰਾ ਖ਼ਤ ਮਿਲਿਆ ਧੰਨਵਾਦ। ਮੈਨੂੰ ਉਸ ਮੀਟਿੰਗ ਦਾ ਪਤਾ ਹੈ ਜਿਸ ਦਾ ਤੁਸੀਂ ਜ਼ਿਕਰ ਕੀਤਾ ਹੈ। ਮੈਂ ਸਭ ਇੰਤਜ਼ਾਮ ਕਰ ਲਏ ਹਨ ਤੇ ਕੁਝ ਵੀ ਨਾਖੁਸ਼-ਗਵਾਰ ਨਹੀਂ ਹੋਵੇਗਾ। ਮੇਰੀ ਇਹ ਰਾਏ ਹੈ ਕਿ ਪੁਲੀਸ ਤੈਨਾਤ ਨਾ ਕੀਤੀ ਜਾਵੇ ਤੇ ਮੀਟਿੰਗ (20 ਤਰੀਕ ਸ਼ਾਮ ਦਿੱਲੀ ਵਿਚ ਪਬਲਿਕ ਜ਼ਲਸਾ ਭਗਤ ਸਿੰਘ ਨੂੰ ਫਾਂਸੀ ਤੋਂ ਬਚਾਣ ਲਈ ਹੋਣਾ ਸੀ ਤੇ ਉਸ ਵਿਚ ਸੁਭਾਸ਼ ਚੰਦਰ ਬੋਸ ਨੇ ਭਾਗ ਲੈਣਾ ਸੀ) ਵਿਚ ਦਖਲ ਨਾ ਦਿੱਤਾ ਜਾਵੇ। ਖਿਚਾਅ ਦੀ ਸੰਭਾਵਨਾ ਹੈ। ਇਹ ਚੰਗਾ ਰਹੇਗਾ ਜੇ ਇਹ ਖਿਚਾਅ ਮੀਟਿੰਗਾਂ ਵਗੈਰਾ ਵਿਚ ਬਹਿ ਜਾਏ।

ਤੇਰਾ ਸਚ ਮਿੱਤਰ :
ਦਸਤਖਤ ਐਮ. ਕੇ. ਗਾਂਧੀ

---

# ਫਾਂਸੀ ਤੋਂ ਤਿੰਨ ਦਿਨ ਪਹਿਲਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਗਵਰਨਰ ਪੰਜਾਬ ਨੂੰ ਖ਼ੱਤ

## *ਸਾਨੂੰ ਫਾਂਸੀ ਦੇਣ ਦੀ ਥਾਂ ਗੋਲੀ ਨਾਲ ਉਡਾ ਦਿਤਾ ਜਾਵੇ*

ਸੇਵਾ ਵਿਖੇ,

ਗਵਰਨਰ ਪੰਜਾਬ,
ਸ਼ਿਮਲਾ।

ਸ੍ਰੀਮਾਨ ਜੀ

ਉਚਿਤ ਸਨਮਾਨ ਨਾਲ, ਅਸੀਂ ਤੁਹਾਡਾ ਧਿਆਨ ਹੇਠ ਲਿਖੀਆਂ ਗੱਲਾਂ ਵੱਲ ਦਿਵਾਂਦੇ ਹਾਂ...

ਭਾਰਤ ਵਿੱਚ ਅੰਗਰਜ਼ੀ ਸਰਕਾਰ ਦੇ ਮੁਖੀ ਵਾਇਸਰਾਇ ਦੇ ਵਿਸ਼ੇਸ਼ ਲਾਹੌਰ ਸਾਜ਼ਸ਼ ਕੇਸ ਬਾਰੇ ਹੁਕਮ ਦੇ ਮੁਤਾਬਿਕ, ਸਾਡੇ ਕੇਸ ਦੀ ਸੁਣਵਾਈ ਲਈ ਖਾਸ ਅਦਾਲਤ (ਟ੍ਰਿਬਨਲ) ਸਥਾਪਤ ਕੀਤੀ ਗਈ ਸੀ, ਜਿਸ ਨੇ ਸਾਨੂੰ 7 ਅਕਤੂਬਰ 1930 ਵਾਲੇ ਦਿਨ ਫਾਂਸੀ ਦੀ ਸਜ਼ਾ ਸੁਣਾਈ ਸੀ। ਸਭ ਤੋਂ ਵੱਡਾ ਦੋਸ਼, ਇੰਗਲੈਂਡ ਦੇ ਰਾਜੇ ਸਮਰਾਟ ਜਾਰਜ ਪੰਜਵੇਂ ਦੇ ਵਿਰੁਧ ਜੰਗ ਛੇੜਨ ਦਾ ਸੀ।

ਇਹ ਫੈਸਲਾ ਦਿੰਦੇ ਸਮੇਂ ਅਦਾਲਤ ਨੇ ਦੋ ਗੱਲਾਂ ਮਿਥੀਆਂ ਸਨ :-

ਪਹਿਲੀ ਇਹ ਕਿ ਅੰਗਰੇਜ਼ਾਂ ਤੇ ਭਾਰਤੀ ਜਨਤਾ ਵਿਚਾਲੇ ਇਕ ਜੰਗ ਚਲ ਰਹੀ ਹੈ। ਦੂਸਰਾ ਇਹ ਕਿ ਅਸਾਂ ਨਿਸਚਿਤ ਰੂਪ ਵਿਚ ਇਸ ਜੰਗ ਵਿੱਚ ਹਿੱਸਾ ਲਿਆ ਹੈ। ਜਿਸ ਕਰਕੇ ਅਸੀਂ ਜੰਗੀ ਕੈਦੀ ਹਾਂ।

ਭਾਵੇਂ ਦੂਸਰੀ ਗੱਲ ਦੀ ਵਿਆਖਿਆ ਕਰਦੇ ਹੋਏ ਬਹੁਤ ਹੱਦ ਤੱਕ ਚਲਾਕੀ ਤੋਂ ਕੰਮ ਲਿਆ ਗਿਆ ਹੈ, ਜਿਸ ਕਰਕੇ ਇਸ ਦੇ ਖਿਲਾਫ ਕੁਝ ਕਹਿਣਾ ਜ਼ਰੂਰੀ ਭਾਸਦਾ ਹੈ, ਪਰ ਫਿਰ ਵੀ ਅਸੀਂ ਇਹ ਕਹੇ ਬਗੈਰ ਨਹੀਂ ਰਹਿ ਸਕਦੇ ਕਿ ਸਾਡੇ ਬਾਰੇ ਏਦਾਂ ਕਹਿ ਕੇ, ਸਾਨੂੰ ਸਨਮਾਨਿਆ ਗਿਆ ਹੈ।

## *ਜੰਗ ਵਾਲੀ ਹਾਲਤ*

ਜਿਥੋਂ ਤੱਕ ਪਹਿਲੀ ਮਿੱਥੀ ਗੱਲ ਦਾ ਸਬੰਧ ਹੈ, ਉਸ ਤੇ ਅਸੀਂ ਥੋੜੇ ਵਿਸਥਾਰ ਨਾਲ ਰੋਸ਼ਨੀ ਪਾਉਣਾ ਚਾਹਾਂਗੇ। ਪ੍ਰਤੱਖ ਰੂਪ ਵਿੱਚ ਐਸੀ ਕੋਈ ਲੜਾਈ ਛਿੜੀ ਹੋਈ ਨਜ਼ਰ ਨਹੀਂ ਆਉਂਦੀ। ਫਿਰ ਵੀ ਇਸ ਦੇ ਲਫਜ਼ੀ ਅਰਥ ਵਿਚ ਅਸੀਂ ਇਸ ਵਿਆਖਿਆ ਨੂੰ ਮੰਨਣ ਲਈ ਤਿਆਰ ਹਾਂ। ਪਰ ਅਸੀਂ ਇਸ ਨੂੰ ਹੋਰ ਵਿਸਥਾਰ ਨਾਲ ਦੱਸਣਾ ਚਾਹਾਂਗੇ ਤਾਂ ਕਿ ਸਾਨੂੰ ਠੀਕ ਤਰ੍ਹਾਂ ਨਾਲ ਸਮਝਿਆ ਜਾਵੇ।

> ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁਧ ਚਲ ਰਿਹਾ ਹੈ ਤੇ ਇਹ ਤਦ ਤੱਕ ਚਲਦਾ ਰਹੇਗਾ ਜਦ ਤੱਕ ਚੰਦ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਪੂੰਜੀਪਤੀ ਹੋਣ ਜਾਂ ਦੋਨੋਂ ਰਲਵੇਂ, ਚਾਹੇ ਉਹ ਜਨਤਾ ਦਾ ਖ਼ਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਲੀ ਨੌਕਰ ਸ਼ਾਹੀ ਦੀ ਮਸ਼ੀਨ ਨੂੰ ਵਰਤਣ। ਇਹ ਸਭ ਕੁਝ ਨਾਲ ਸਾਨੂੰ ਕੋਈ ਫਰਕ ਨਹੀਂ ਪਵੇਗਾ। ਅਗਰ ਤੁਹਾਡੀ ਸਰਕਾਰ, ਛੋਟੀਆਂ ਛੋਟੀਆਂ ਸਹੂਲਤਾਂ ਦੇ ਕੇ ਜਾਂ ਸਮਝੌਤਾ ਕਰਕੇ ਭਾਰਤੀ ਨੇਤਾਵਾਂ ਤੇ ਇਸ ਸਮਾਜ ਦੇ ਉੱਚ ਤਬਕੇ ਦੇ

ਮੁਖੀਆਂ ਨੂੰ ਆਪਣੇ ਨਾਲ ਗੰਢਣ ਵਿਚ ਕਾਮਯਾਬ ਹੋ ਜਾਂਦੀ ਹੈ, ਤੇ ਕੁਝ ਅਰਸੇ ਲਈ ਜਨਤਾ ਦੀ ਤਾਕਤ ਨੂੰ ਮੱਧਮ ਕਰ ਦਿੰਦੀ ਹੈ, ਤਾਂ ਵੀ ਇਸ ਨਾਲ ਹਾਲਤ ਵਿਚ ਕੋਈ ਫਰਕ ਨਹੀਂ ਆਵੇਗਾ ।

ਇਸ ਦੀ ਵੀ ਕੋਈ ਚਿੰਤਾ ਨਹੀਂ ਕਿ ਇਕ ਵਾਰ ਫਿਰ ਭਾਰਤੀ ਲਹਿਰ ਦੇ ਮੋਹਰੀ ਦਸਤੇ, ਇਨਕਲਾਬੀ ਪਾਰਟੀ ਨੂੰ ਜ਼ੋਰਾਂ ਦੀ ਲੜਾਈ ਵਿਚ ਖਤਿਆਂ ਨੂੰ ਧੋਖਾ ਦਿਤਾ ਗਿਆ ਹੈ। ਇਸ ਦਾ ਵੀ ਕੋਈ ਫਰਕ ਨਹੀਂ ਪਵੇਗਾ ਜੇ ਭਾਰਤ ਨੇਤਾ, ਜਿੰਨ੍ਹਾਂ ਦੇ ਅਸੀਂ ਜ਼ਾਤੀ ਤੌਰ ਤੇ ਇਸ ਕਰਕੇ ਅਭਾਰੀ ਹਾਂ ਕਿ ਉਨ੍ਹਾਂ ਸਾਡੇ ਲਈ ਹਮਦਰਦੀ ਤੇ ਚੰਗੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਹਨ, ਏਨੇ ਬਦਲਾ ਲਉ ਹੋ ਗਏ ਹਨ ਕਿ ਉਨ੍ਹਾਂ ਨੇ ਸਾਂਤੀ ਸਮਝੌਤਾ ਵਾਰਤਾ ਵਿਚ ਬੇ-ਘਰ ਤੇ ਬੇ-ਸਹਾਰਾ ਇਸਤਰੀ ਰਾਜਨੀਤਕ ਕਾਰਿਆ ਕਰਤਿਆਂ ਦਾ ਭੋਗ ਤਕ ਵੀ ਨਹੀਂ ਪਾਇਆ। ਕਿਉਂਕਿ ਉਨ੍ਹਾਂ ਨੂੰ ਇਨਕਲਾਬੀ ਪਾਰਟੀ ਦੇ ਮੈਂਬਰ ਸਮਝਿਆ ਗਿਆ ਹੈ । ਤੇ ਨੇਤਾਵਾਂ ਦੀ ਨਜ਼ਰ ਵਿਚ

ਇਨਕਲਾਬੀ ਪਾਰਟੀ ਉਨ੍ਹਾਂ ਦੀ ਸ਼ੇਖ ਦਿਲੀ ਵਾਲੀ (ਕਲਪਿਤ) ਅਹਿੰਸਾ ਦੀ ਵਿਰੋਧੀ ਹੈ । ਭਾਵੇਂ ਇਹ ਅਹਿੰਸਾ ਹੁਣ ਇਕ ਬੋਦੀ ਗੱਲ ਬਣ ਚੁਕੀ ਹੈ । ਇਹ ਉਹ ਭਾਰਤ ਦੀਆਂ ਬਹਾਦਰ ਸਪੁਤਰੀਆਂ ਹਨ ਜਿੰਨ੍ਹਾਂ ਦੀ ਆਪਣੀ ਕੁਰਬਾਨੀ ਤਾਂ ਬੇ-ਮਿਸ਼ਾਲ ਹੈ । ਨਾਲ ਹੀ ਜਿੰਨ੍ਹਾਂ ਆਪਣੇ ਪਤੀਆਂ ਤੇ ਭਰਾਵਾਂ ਨੂੰ ਜਾਂ ਕੁਰਬਾਨ ਗਾਹ ਤੇ ਭੇਂਟ ਚੜ੍ਹਾਇਆ ਹੈ ਜਾਂ ਬਲੀ ਲਈ ਆਪਣੇ ਹੱਥੀਂ ਤੋਰਿਆ ਹੈ । ਇਨ੍ਹਾਂ ਬਹਾਦਰ ਦੇਵੀਆਂ ਨੇ ਆਪਣੀ ਜਾਨ ਸਮੇਤ, ਹਰ ਪਿਆਰੀ ਤੇ ਨਜਦੀਕੀ ਚੀਜ਼ ਨੂੰ ਕਰਬਾਨੀ ਲਈ ਭੇਟ ਕੀਤਾ ਹੈ। ਤੇ ਤੁਹਾਡੀ ਸਰਕਾਰ ਨੇ ਇਨ੍ਹਾਂ ਨੂੰ ਵਿਦਰੋਹੀ ਕਰਾ ਦਿੱਤਾ ਹੈ । ਜੇ ਤੁਹਾਡੇ ਏਜੰਟ ਏਨੇ ਗਿਰ ਗਏ ਹਨ ਕਿ ਉਹਨਾਂ ਮਨਘੜਤ ਕਹਾਣੀਆਂ ਘੜ ਕੇ ਇਹਨਾਂ ਦੀ ਪਾਰਟੀ ਦੀ ਇੱਜ਼ਤ ਨੂੰ ਨੁਕਸਾਨ ਪਹੁੰਚਾਣ ਦੀ ਕੋਸ਼ਸ਼ ਕੀਤੀ ਹੈ । ਤਾਂ ਵੀ ਇਹ ਯੁਧ ਚਲਦਾ ਰਹੇਗਾ ।

## ਜੰਗ ਦੇ ਤਰੀਕੇ ਦੀ ਚੋਣ ਤੁਹਾਡੇ ਤੇ ਹੈ

ਹੋ ਸਕਦਾ ਹੈ ਕਿ ਇਹ ਲੜਾਈ ਵੱਖ ਵੱਖ ਪੜਾਵਾਂ ਵਿਚ ਵੱਖ ਵੱਖ ਰੂਪ ਧਾਰੇ । ਕਿਸੇ ਸਮੇਂ ਇਹ ਲੜਾਈ ਪ੍ਰਗਟ ਰੂਪ ਵਿਚ ਹੋਵੇ, ਕਦੀ ਖੁਫੀਆ, ਕਦੀ ਨਿਰੋਲ ਅੰਦੋਲਨਕਾਰ ਤੇ ਕਦੇ ਇਹ ਇੰਨੀ ਭਿਆਨਕ ਹੋਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲਗ ਜਾਵੇ । ਪਰ ਇਹ ਕਿਹੋ ਜਿਹਾ ਰੂਪ ਧਾਰਦੀ ਹੈ, ਖੂਨੀ ਜਾਂ ਥੋੜਾ ਸ਼ਾਂਤੀ ਪੂਰਨ, ਇਸ ਦੀ ਚੋਣ ਤੁਹਾਡੇ ਤੇ ਨਿਰਭਰ ਹੈ । ਸੋ ਤੁਸੀਂ ਇਸ ਦੇ ਰੂਪ ਦੀ ਚੋਣ ਆਪਣੀ ਮਰਜ਼ੀ ਮੁਤਾਬਿਕ ਕਰ ਸਕਦੇ ਹੋ । ਪਰ ਇਹ ਜੰਗ, ਐਵੇਂ ਨਿੱਕੀਆਂ 2 ਗੱਲਾਂ ਵਿਚ ਪਏ ਬਗੈਰ ਬੇ-ਮਤਲਬ ਨੈਤਿਕ ਸਿਧਾਂਤਾਂ ਵਿਚ ਉਲਝੇ ਬਿਨਾਂ ਲਗਾਤਾਰ ਚਲਦਾ ਰਹੇਗਾ ।

ਜਦ ਤਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਕਰਕੇ ਉਸ ਦੇ ਥਾਂ ਸਮਾਜਕ ਖੁਸ਼ਹਾਲੀ ਤੇ ਅਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ । ਜਦ ਤਕ ਹਰ ਕਿਸਮ ਦੀ ਲੁਟ-ਘਸੁਟ ਅਸੰਭਵ ਬਣਾ ਕੇ ਮਨਖਤਾ ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀ ਹੁੰਦੀ, ਤਦ ਤਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਰਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ । ਨਿਕਟ ਭਵਿੱਖ ਵਿਚ ਆਖਰੀ ਯੁਧ ਲੜਿਆ ਜਾਵੇਗਾ ਤੇ ਉਹ ਫੈਸਲਾ ਕੁਨ ਹੋਵੇਗਾ ।

ਸਾਮਰਾਜੀ ਤੇ ਪੂੰਜੀਵਾਦੀ ਲੁਟ ਕੁਝ ਦਿਨਾਂ ਦੀ ਖੇਡ ਹੈ । ਇਹ ਜੰਗ ਨਾ ਹੀ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗਾ । ਇਹ ਤਾਂ ਇਤਿਹਾਸਿਕ ਕਾਰਨਾ ਤੇ ਆਲੇ ਦੁਆਲੇ ਪਸਰੇ ਹਾਲਾਤਾਂ ਦਾ ਜ਼ਰੂਰੀ ਨਤੀਜਾ ਹੈ । ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਿਕ ਲੜੀ ਦੀ ਇਕ ਕੜੀ ਹੈ, ਜਿਸ ਨੂੰ ਜਤਿੰਨ ਦਾਸ ਦੀ ਬੇ–ਮਿਸਾਲ ਕੁਰਬਾਨੀ ਨੇ, ਸ਼ਹੀਦ ਭਗਵਤੀ ਚਰਨ ਜੀ ਦੀ ਅਤੀ ਭਿਆਨਕ ਪਰ ਪਵਿੱਤਰ ਤੇ ਮਹਾਨ ਕੁਰਬਾਨੀ ਨੇ ਤੇ ਸਾਡੇ ਮਹਿਬੂਬ ਜਰਨੈਲ ਆਜ਼ਾਦ ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਾਏ ਹਨ .

## ਫਾਂਸੀ ਦੀ ਥਾਂ ਗੋਲੀ

ਜਿਥੋਂ ਤਕ ਸਾਡੀ ਕਿਸਮਤ ਦਾ ਸਵਾਲ ਹੈ, ਅਸੀਂ ਦ੍ਰਿੜ ਇਰਾਦੇ ਨਾਲ ਰਹਿਣਾ ਚਾਹੁੰਦੇ ਹਾਂ ਕਿ ਤੁਸਾਂ ਜਦ ਸਾਨੂੰ ਫਾਂਸੀ ਦੇਣ ਦਾ ਹੁਕਮ ਦਿਤਾ ਹੈ ਤਾਂ ਤੁਸੀਂ ਜ਼ਰੂਰ ਹੀ ਇਸ ਨੂੰ ਪੂਰਾ ਕਰੋਗੇ । ਤੁਹਾਡੇ ਹੱਥ ਵਿਚ ਤਾਕਤ ਹੈ ਤੇ ਦੁਨੀਆਂ ਵਿਚ ਤਾਕਤ ਨੂੰ ਹਰ ਹੱਕ ਹਾਸਲ ਹੈ । ਅਸੀਂ ਜਾਣਦੇ ਹਾਂ ਕਿ ਤੁਹਾਡਾ ਇਰਾਦਾ ਪੂਰਨ ਕਰਨ ਲਈ 'ਜਿਸ

ਦੀ ਲਾਠੀ ਉਸ ਦੀ ਭੈਂ'ਸ' ਵਾਲਾ ਮੁਹਾਵਰਾ ਕੰਮ ਕਰਦਾ ਹੈ । ਸਾਡੇ ਮੁਕੱਦਮੇ ਦੀ ਸੁਣਵਾਈ ਇਸ ਦਾ ਇਕ ਸੋਹਣਾ ਸਬੂਤ ਹੈ । ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਤੁਹਾਡੀ ਹੀ ਇਕ ਅਦਾਲਤ ਦੇ ਫੈਸਲੇ ਅਨੁਸਾਰ ਸਾਡੇ ਉਤੇ ਯੁਧ ਵਿਡਣ ਦਾ ਦੋਸ਼ ਹੈ ਤੇ ਇਸ ਕਰਕੇ ਅਸੀਂ ਜੰਗੀ ਕੈਦੀ ਹਾਂ । ਅਤੇ ਇਸੇ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਹੀ ਸਲੂਕ ਕੀਤਾ ਜਾਵੇ । ਯਾਨੀ ਕਿ ਫਾਂਸੀ ਤੇ ਲਟਕਾਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ । ਹੁਣ ਇਹ ਸਿੱਧ ਕਰਨਾ ਤੁਹਾਡਾ ਕੰਮ ਹੈ ਕਿ ਜੋ ਤੁਹਾਡੀ ਅਦਾਲਤ ਨੇ ਕਿਹਾ ਹੈ, ਉਸ ਵਿਚ ਤੁਹਾਡਾ ਪੂਰਾ ਵਿਸ਼ਵਾਸ ਹੈ ।

ਸੋ ਅਸੀਂ ਨਿਮਰਤਾ ਪੂਰਵਕ ਤੁਹਾਨੂੰ ਇਹ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਫੌਜੀ ਵਿਭਾਗ ਨੂੰ ਹੁਕਮ ਦਿਉ ਕਿ ਸਾਨੂੰ ਗੋਲੀ ਨਾਲ ਉਡਾਣ ਲਈ ਇਕ ਫੌਜੀ ਟੋਲੀ ਭੇਜ ਦੇਣ ।

ਤੁਹਾਡੇ,

ਭਗਤ ਸਿੰਘ – ਰਾਜਗੁਰੂ – ਸੁਖਦੇਵ ।


HIMALAYA RESTAURANT LTD.

6595 Main Street
Phone: 324-6514

2313 Main Street, (LICENSED PREMISES)
Phone: 876-2911

VANCOUVER, B.C.



KEWAL SINGH PABLA

PABLA'S
VIKING INN
828 East Hastings
Call 324 - 6514



JAGMOHAN SINGH PABLA

Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.

ਮਠਿਆਈ ਦੀ ਮਸ਼ਹੂਰ ਦੁਕਾਨ






Jay's Travel Ltd.

10421 - 80 Avenue, Edmonton, Alta. T6E 1V1
Ph. 403(432-7017)-4 lines

COMPLETE TRAVEL
SERVICE—WORLDWIDE

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

UNBEATABLE RATES TO

*India, Pakistan, Sri Lanka, East Africa and Lebanon*

# ਲਾਲਾ ਲਾਜਪਤ ਰਾਇ ਦੀ ਮੌਤ ਦਾ ਬਦਲਾ ਲੈਣ ਵੇਲੇ ਲਾਇਆ ਪਰਚਾ

## ਖ਼ੂਨ ਦਾ ਬਦਲਾ ਖ਼ੂਨ

**ਹਿੰਦੁਸਤਾਨ ਸਮਾਜਵਾਦੀ ਸੈਨਾ** **ਨੋਟਿਸ** **ਨੌਕਰਸ਼ਾਹੀ ਸਾਵਧਾਨ**

ਜੇ. ਪੀ. ਸਾਂਡਰਸ ਦੀ ਮੌਤ ਨਾਲ ਲਾਲਾ ਲਾਜਪਤ ਰਾਇ ਜੀ ਦੀ

ਹਤਿਆ ਦਾ ਬਦਲਾ ਲੈ ਲਿਆ ਗਿਆ... ...

... ... ... ... ...

ਇਹ ਸੋਚ ਕੇ ਕਿੰਨਾਂ ਦੁਖ ਹੁੰਦਾ ਹੈ ਕਿ ਜੇ. ਪੀ. ਸਾਂਡਰਸ ਵਰਗੇ ਇਕ ਮਾਮੂਲੀ ਅਫਸਰ ਦੇ ਕਮੀਨੇ ਹਥੋਂ ਦੇਸ਼ ਦੀ ਤੀਹ ਕਰੋੜ ਜਨਤਾ ਦੇ ਹਰਮਨ ਪਿਆਰੇ ਆਗੂ ਤੇ ਹਮਲਾ ਕਰਕੇ ਉਨ੍ਹਾਂ ਦੇ ਪ੍ਰਾਣ ਲੈ ਲਏ ਗਏ। ਕੌਮ ਦਾ ਇਹ ਅਪਮਾਨ ਹਿੰਦੁਸਤਾਨੀ ਨੌਜਵਾਨਾਂ ਅਤੇ ਮਰਦਾਂ ਨੂੰ ਇਕ ਵੰਗਾਰ ਸੀ।

ਅਜ ਸ਼ੰਸਾਰ ਨੇ ਦੇਖ ਲਿਆ ਹੈ ਕਿ ਹਿੰਦੁਸਤਾਨ ਦੀ ਜਨਤਾ ਬੇ-ਜਾਨ ਨਹੀਂ ਹੋ ਗਈ, ਉਨ੍ਹਾਂ ਦਾ ਖੂਨ ਜੰਮ ਨਹੀਂ ਗਿਆ। ਉਹ ਆਪਣੇ ਰਾਸ਼ਟਰ ਦੇ ਮਾਣ ਲਈ ਜਾਨ ਦੀ ਬਾਜ਼ੀ ਲਗਾ ਸਕਦੇ ਹਨ ਅਤੇ ਇਸ ਦਾ ਸਬੂਤ ਦੇਸ਼ ਦੇ ਉਨ੍ਹਾਂ ਜਵਾਨਾਂ ਨੇ ਦਿਤਾ ਹੈ ਜਿੰਨ੍ਹਾਂ ਦੀ ਇਸ ਦੇਸ਼ ਦੇ ਆਗੂ ਨਿੰਦਾ ਤੇ ਅਪਮਾਨ ਕਰਦੇ ਹਨ।

## *ਅਤਿਆਚਾਰੀ ਸਰਕਾਰ ਸਾਵਧਾਨ*

ਇਸ ਦੇਸ਼ ਦੀ ਪੀੜਤ ਜਨਤਾ ਦੀਆਂ ਭਾਵਨਾਵਾਂ ਨੂੰ ਸੱਟ ਨਾ ਮਾਰੋ। ਆਪਣੀਆਂ ਸ਼ੈਤਾਨੀ ਭਰੀਆਂ ਹਰਕਤਾਂ ਬੰਦ ਕਰੋ। ਸਾਨੂੰ ਹਥਿਆਰ ਨਾ ਰਖਣ ਦੇਣ ਲਈ ਬਣਾਏ ਤੁਹਾਡੇ ਕਾਨੂੰਨਾਂ ਤੇ ਚੌਕਸੀ ਦੇ ਬਾਵਜੂਦ ਪਿਸਤੌਲ ਤੇ ਰਿਵਾਲਵਰ ਇਸ ਦੇਸ਼ ਦੀ ਜਨਤਾ ਦੇ ਹੱਥਾਂ ਵਿਚ ਆਉਂਦੇ ਹੀ ਰਹਿਣਗੇ। ਜੇ ਇਹ ਹਥਿਆਰਬੰਦ ਕਰਾਂਤੀ ਲਈ ਨਾ ਵੀ ਮਿਲੇ ਤਾਂ ਵੀ ਕੌਮੀ ਅਪਮਾਨ ਦਾ ਬਦਲਾ ਲੈਣ ਲਈ ਤਾਂ ਕਾਫੀ ਹੋਣਗੇ। ਸਾਡੇ ਆਪਣੇ ਲੋਕ ਭਾਵੇਂ ਸਾਡੀ ਨਿੰਦਾ ਤੇ ਅਪਮਾਨ ਕਰਨ, ਬਦੇਸ਼ੀ ਸਰਕਾਰ ਚਾਹੇ ਸਾਡੇ ਤੇ ਕਿੰਨ੍ਹਾਂ ਵੀ ਜ਼ੁਲਮ ਕਰੇ, ਪਰ ਅਸੀਂ ਕੌਮ ਦੇ ਮਾਣ ਦੀ ਰਖਿਆ ਕਰਨ ਅਤੇ ਬਦੇਸ਼ੀ ਅਤਿਆਚਾਰੀਆਂ ਨੂੰ ਸਬਕ ਸਿਖਾਉਣ ਲਈ ਸਦਾ ਤਿਆਰ ਰਹਾਂਗੇ। ਅਸੀਂ ਸਾਰੇ ਵਿਰੋਧ ਤੇ ਦਬਾਅ ਦੇ ਬਾਵਜੂਦ ਕ੍ਰਾਂਤੀ ਦੀ ਆਵਾਜ਼ ਨੂੰ ਉਚਾ ਰਖਾਂਗੇ ਤੇ ਫਾਂਸੀ ਦੇ ਤਖਤੇ ਤੋਂ ਵੀ ਪੁਕਾਰਾਂਗੇ:

'ਇਨਕਲਾਬ ਜ਼ਿੰਦਾਬਾਦ।'

ਸਾਨੂੰ ਇਕ ਆਦਮੀ ਦੀ ਹੱਤਿਆ ਕਰਨ ਦਾ ਦੁਖ ਹੈ ਪਰ ਇਹ ਆਦਮੀ ਨਿਰਦਈ, ਨੀਚ ਤੇ ਬੇਇਨਸਾਫ ਪ੍ਰਣਾਲੀ ਦਾ ਇਕ ਅੰਗ ਸੀ ਅਤੇ ਜਿਸ ਨੂੰ ਖਤਮ ਕਰ ਦੇਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਸ ਆਦਮੀ ਦੀ ਹਤਿਆ ਹਿੰਦੁਸਤਾਨ ਵਿਚ ਬ੍ਰਿਟਿਸ਼ ਸਾਮਰਾਜ ਦੇ ਕਾਰਿੰਦੇ ਦੇ ਰੂਪ ਵਿਚ ਕੀਤੀ ਗਈ ਹੈ। ਇਹ ਸਰਕਾਰ ਸੰਸਾਰ ਦੀ ਸਭ ਤੋਂ ਜ਼ਿਆਦਾ ਅਤਿਆਚਾਰੀ ਸਰਕਾਰ ਹੈ।

ਮਨੁਖ ਦਾ ਖੂਨ ਵਗਾਉਣ ਲਈ ਸਾਨੂੰ ਦੁਖ ਹੈ, ਪਰ ਕ੍ਰਾਂਤੀ ਦੀ ਵੇਦੀ ਤੇ ਖੂਨ ਵਹਾਉਣਾ ਜ਼ਰੂਰੀ ਹੋ ਜਾਂਦਾ ਹੈ। ਸਾਡਾ ਭਾਵ ਇਕ ਐਸੀ ਕ੍ਰਾਂਤੀ ਤੋਂ ਹੈ ਜੋ ਮਨੁਖ ਉਤੇ ਮਨੁਖ ਦੀ ਦਬਾਊ ਹਕੂਮਤ ਨੂੰ ਖਤਮ ਕਰ ਦੇਵੇਗੀ।

'ਇਨਕਲਾਬ ਜ਼ਿੰਦਾਬਾਦ।' ਦਸਖਤ :—

ਬਲਰਾਜ

18 ਦਸੰਬਰ, 1928 'ਸੈਨਾਪਤੀ ਪੰਜਾਬ ਹਿਸਪ੍ਰਸ'

# ਸਿਆਸੀ ਕਾਰਕੁਨ ਨੌਜੁਆਨਾਂ ਨੂੰ ਸੰਦੇਸ਼

( ਭਗਤ ਸਿੰਘ- 2 ਫਰਵਰੀ 1931 )

ਪਿਆਰੇ ਸਾਥੀਓ,

ਇਸ ਸਮੇਂ ਸਾਡਾ ਅੰਦੋਲਨ ਬਹੁਤ ਅਹਿਮ ਹਾਲਤਾਂ ਵਿਚੋਂ ਦੀ ਲੰਘ ਰਿਹਾ ਹੈ। ਇਕ ਸਾਲ ਦੇ ਸਖ਼ਤ ਸੰਗਰਾਮ ਬਾਅਦ ਗੋਲ ਮੇਜ਼ ਕਾਨਫਰੰਸ ਨੇ ਸਾਡੇ ਸਾਹਮਣੇ ਵਿਧਾਨ ਵਿਚ ਕੁਝ ਨਿਸਚਿਤ ਗੱਲਾਂ ਪੇਸ਼ ਕੀਤੀਆਂ ਹਨ ਅਤੇ ਕਾਂਗਰਸੀ ਨੇਤਾਵਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਵਿਧਾਨ ਦੀ ਤਿਆਰੀ ਵਿਚ ਹੱਥ ਵਟਾਉਣ। ਇਹ ਗੱਲ ਸਾਡੇ ਲਈ ਬਹੁਤ ਅਹਿਮ ਨਹੀਂ ਹੈ ਕਿ ਕਾਂਗਰਸ ਦੇ ਆਗੂ ਇਸ ਹਾਲਾਤ ਵਿਚ ਅੰਦੋਲਨ ਨੂੰ ਬੰਦ ਕਰਨ ਦੇ ਹੱਕ ਵਿਚ ਫੈਸਲਾ ਕਰਦੇ ਹਨ ਜਾਂ ਉਸ ਦੇ ਉਲਟ। ਇਹ ਤਾਂ ਨਿਸਚਿਤ ਹੈ ਕਿ ਵਰਤਮਾਨ ਅੰਦੋਲਨ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਦੇ ਰੂਪ ਵਿਚ ਹੋਵੇਗਾ। ਇਹ ਦੂਸਰੀ ਗੱਲ ਹੈ ਕਿ ਸਮਝੌਤਾ ਜਲਦੀ ਹੀ ਹੋ ਜਾਵੇ ਜਾਂ ਦੇਰ ਨਾਲ ਹੋਵੇ।

## ਸਮਝੌਤਾ ਕੀ ਹੈ ?

ਅਸਲ ਵਿਚ ਸਮਝੌਤਾ ਕੋਈ ਇਹੋ ਜਿਹੀ ਨਫਰਤ ਜਾਂ ਨਿੰਦਣ ਯੋਗ ਚੀਜ਼ ਨਹੀਂ, ਜਿਸ ਤਰ੍ਹਾਂ ਕਿ ਅਸੀਂ ਆਮ ਤੌਰ ਤੇ ਸਮਝਦੇ ਹਾਂ। ਇਹ ਰਾਜਨੀਤਕ ਸੰਗਰਾਮਾਂ ਦਾ ਇਕ ਅਤਿ ਜ਼ਰੂਰੀ ਅੰਗ ਹੈ। ਕੋਈ ਵੀ ਜਾਤੀ ਜੋ ਕਿਸੇ ਅਤਿਆਚਾਰੀ ਰਾਜ ਦੇ ਵਿਰੁਧ ਖੜੀ ਹੋਵੇ, ਆਪਣੀ ਲੰਮੀ ਜਦੋਜਹਿਦ ਦੇ ਮਧਕਾਲ ਵਿਚ ਇਸ ਤਰ੍ਹਾਂ ਦੇ ਸਮਝੌਤੇ ਨਾਲ ਸਿਆਸੀ ਸੁਧਾਰ ਕਰ ਲਵੇ ਅਤੇ ਆਪਣੀ ਜਦੋਜਹਿਦ ਦੀ ਆਖਰੀ ਮੰਜ਼ਿਲ ਤਕ ਪਹੁੰਚਦੇ ਪਹੁੰਚਦੇ ਆਪਣੀ ਤਾਕਤ ਨੂੰ ਇਕਮੁੱਠ ਤੇ ਪੱਕਾ ਕਰ ਲਵੇ ਕਿ ਦੁਸ਼ਮਨ ਉੱਤੇ ਉਸ ਦਾ ਆਖਰੀ ਹਮਲਾ ਇੰਨਾ ਜ਼ੋਰਦਾਰ ਹੋਵੇ ਕਿ ਰਾਜ ਪਰਬੰਧਾਂ ਦੀਆਂ ਤਾਕਤਾਂ ਉਨ੍ਹਾਂ ਦੀ ਇਸ ਕਾਂਗ ਸਾਹਮਣੇ ਖੇਰੂੰ ਖੇਰੂੰ ਹੋ ਜਾਣ। ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਉਸ ਵੇਲੇ ਵੀ ਦੁਸ਼ਮਣ ਨਾਲ ਕੋਈ ਸਮਝੌਤਾ ਕਰ ਲੈਣਾ ਪਏ, ਇਹ ਗੱਲ ਰੂਸ ਦੀ ਮਿਸਾਲ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ।

1905 ਵਿਚ ਰੂਸ ਵਿਚ ਕ੍ਰਾਂਤੀ ਦੀ ਲਹਿਰ ਉੱਠੀ ਤਾਂ ਕ੍ਰਾਂਤੀਕਾਰੀ ਨੇਤਾਵਾਂ ਨੂੰ ਢੇਰ ਸਾਰੀਆਂ ਉਮੀਦਾਂ ਸਨ। ਲੈਨਿਨ ਉਸ ਵੇਲੇ ਵਿਦੇਸ਼ ਤੋਂ ਵਾਪਸ ਆਏ ਸਨ। ਜਿਥੇ ਉਹ ਪਹਿਲਾਂ ਦੌੜ ਕੇ ਚਲੇ ਗਏ ਸਨ ਅਤੇ ਸਾਰੇ ਅੰਦੋਲਨ ਨੂੰ ਚਲਾ ਰਹੇ ਸਨ। ਲੋਕਾਂ ਨੇ ਕੋਈ ਦਰਜਨ ਕੁ ਜ਼ਿਮੀਦਾਰਾਂ ਨੂੰ ਮਾਰ ਦਿਤਾ ਸੀ। ਪਰ ਇਹ ਕ੍ਰਾਂਤੀ ਸਫਲ ਨਾ ਹੋਈ। ਉਸ ਦਾ ਇਹ ਨਤੀਜਾ ਜ਼ਰੂਰ ਹੋਇਆ ਕਿ ਸਰਕਾਰ ਕੁਝ ਸੁਧਾਰ ਕਰਨ ਲਈ ਮਜਬੂਰ ਹੋ ਗਈ ਅਤੇ ਡੀਊਮਾਂ (ਰੂਸੀ ਪਾਰਲੀਮੈਂਟ) ਦੀ ਸਥਾਪਨਾ ਕੀਤੀ ਗਈ। ਉਸ ਸਮੇਂ ਲੈਨਿਨ ਨੇ ਡੀਊਮਾਂ ਵਿਚ ਜਾਣ ਦੀ ਹਮਾਇਤ ਕੀਤੀ, ਜਿਸ ਦੇ ਅਧਿਕਾਰ ਬਹੁਤ ਘੱਟ ਕਰ ਦਿਤੇ ਗਏ ਸਨ। ਇਸ ਦਾ ਕਾਰਨ ਇਹ ਸੀ ਕਿ ਉਹ ਡੀਊਮਾ ਨੂੰ ਆਪਣੇ ਅੰਦੋਲਨ ਦਾ ਇਕ ਪਲੇਟ ਫਾਰਮ ਬਨਾਉਣਾ ਚਾਹੁੰਦੇ ਸਨ।

ਇਸ ਤਰ੍ਹਾਂ 1917 ਤੋਂ ਬਾਅਦ ਜਦ ਜਰਮਨੀ ਨਾਲ ਰੂਸ ਦੀ ਸੰਧੀ ਦਾ ਸਵਾਲ ਪੈਦਾ ਹੋਇਆ ਤਾਂ ਲੈਨਿਨ ਤੋਂ ਬਿਨਾਂ ਸਾਰੇ ਇਸ ਸੰਧੀ ਦੇ ਵਿਰੁਧ ਸਨ। ਪਰ ਲੈਨਿਨ ਨੇ ਕਿਹਾ, 'ਅਮਨ, ਅਮਨ ਤੇ ਫੇਰ ਅਮਨ, ਕਿਸੇ ਵੀ ਕੀਮਤ ਤੇ ਹੋਵੇ, ਅਮਨ ਹੋਣਾ ਚਾਹੀਦਾ ਹੈ। ਇਥੋਂ ਤਕ ਕਿ ਜੇ ਸਾਨੂੰ ਰੂਸ ਦੇ ਕੁਝ ਹਿੱਸੇ ਜਰਮਨ ਜੰਗਬਾਜ਼ਾਂ ਨੂੰ ਦੇਣੇ ਪੈਣ ਤਾਂ ਵੀ ਕਰ ਲੈਣਾ ਚਾਹੀਦਾ ਹੈ।' ਉਸ ਵੇਲੇ ਕੁਝ ਬਾਲਸ਼ਵਿਕ ਆਗੂਆਂ ਨੇ ਵੀ ਉਹਨਾਂ ਦੀ ਇਸ ਨੀਤੀ ਦਾ ਵਿਰੋਧ ਕੀਤਾ ਤੇ ਉਨ੍ਹਾਂ ਸਾਫ਼ ਕਹਿ ਦਿਤਾ ਕਿ ਉਸ ਵਕਤ ਬਾਲਸ਼ਵਿਕ ਸਰਕਾਰ ਜਰਮਨੀ ਦਾ ਮੁਕਾਬਲਾ ਕਰਨ ਦੇ ਅਯੋਗ ਹੈ ਅਤੇ ਇਸ ਵਕਤ ਸਾਡਾ ਪਹਿਲਾ ਕੰਮ ਲੜਾਈ ਤੋਂ ਲਾਂਭੇ ਹੋ ਕੇ ਆਪਣੀ ਸਰਕਾਰ ਨੂੰ ਮਜ਼ਬੂਤ ਕਰਨਾ ਹੈ।

ਜਿਸ ਗੱਲ ਨੂੰ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਮਝੌਤਾ ਵੀ

# ਮਹਾਤਮਾ ਗਾਂਧੀ ਨੂੰ ਖ਼ਤ

(ਸੁਖਦੇਵ 20 ਮਾਰਚ 1931)

ਮਾਨਯੋਗ ਮਹਾਤਮਾ ਜੀ,

ਅਜ ਕਲ ਦੀਆਂ ਤਾਜ਼ੀਆਂ ਖਬਰਾਂ ਤੋਂ ਮਾਲੂਮ ਹੁੰਦਾ ਹੈ ਕਿ ਸੰਧੀ ਚਰਚਾ ਦੇ ਪਿਛੋਂ ਤੁਸੀਂ ਕਰਾਂਤੀਕਾਰੀਆਂ ਦੇ ਨਾਂ ਕਈ ਅਪੀਲਾਂ ਕਢੀਆਂ ਹਨ। ਤੁਸੀਂ ਅਪੀਲਾਂ ਵਿਚ ਆਪਣੇ ਉਨ੍ਹਾਂ ਨੂੰ ਘਟੋ ਘੱਟ ਵਰਤਮਾਨ ਸਮੇਂ ਲਈ ਕਰਾਂਤੀਕਾਰੀ ਅੰਦੋਲਨ ਰੋਕ ਦੇਣ ਲਈ ਕਿਹਾ ਹੈ। ਅਸਲ ਗੱਲ ਇਹ ਹੈ ਕਿ ਕਿਸੇ ਅੰਦੋਲਨ ਨੂੰ ਰੋਕ ਦੇਣ ਦਾ ਕੰਮ ਕੋਈ ਸਿਧਾਂਤਕ ਤੇ ਆਪਣੇ ਵਸ ਦੀ ਗੱਲ ਨਹੀਂ ਹੈ। ਸਮੇਂ ਸਮੇਂ ਤੇ ਲੋੜ ਮੁਤਾਬਕ ਅੰਦੋਲਨਾਂ ਦੇ ਨੇਤਾ ਆਪਣੀ ਨੀਤੀ ਤਬਦੀਲ ਕਰਦੇ ਹਨ।

ਸਾਡਾ ਅਨੁਮਾਨ ਹੈ ਕਿ ਸੰਧੀ ਦੀ ਗਲਬਾਤ ਦੇ ਸਮੇਂ ਆਪ ਇਕ ਪਲ ਵੀ ਇਹ ਗੱਲ ਨਹੀਂ ਭੁਲੇ ਹੋਵੋਗੇ ਕਿ ਇਹ ਸਮਝੌਤਾ ਕੋਈ ਸਮਝੌਤਾ ਨਹੀਂ ਹੋ ਸਕਦਾ। ਮੇਰਾ ਖਿਆਲ ਹੈ ਕਿ ਇਹ ਤਾਂ ਸਾਰੇ ਸਮਝਦਾਰ ਇਨਸਾਨ ਸਮਝਦੇ ਹੋਣਗੇ ਕਿ ਆਪਦੇ ਸਾਰੇ ਸੁਧਾਰਾਂ ਨੂੰ ਮੰਨ ਲੈਣ ਤੇ ਵੀ ਦੇਸ਼ ਨੂੰ ਉਸ ਦਾ ਅੰਤਮ ਫਲ਼ ਪਰਾਪਤ ਨਹੀਂ ਹੋਵੇਗਾ। ਲਾਹੌਰ ਕਾਂਗਰਸ ਦੇ ਪਰਸਤਾਵ ਮੁਤਾਬਕ, ਕਾਂਗਰਸ ਆਜ਼ਾਦੀ ਦਾ ਜੰਗ ਤਦ ਤਕ ਚਲਾਣ ਲਈ ਦ੍ਰਿੜ੍ਹ ਹੈ ਜਦ ਤਕ ਪੂਰਣ ਆਜ਼ਾਦੀ ਹਾਸਲ ਨਾ ਹੋ ਜਾਵੇ। ਵਿਚ-ਵਿਚਾਲੇ ਦੀਆਂ ਸੰਧੀਆਂ ਤੇ ਸਮਝੌਤੇ ਤਾਂ ਸਿਰਫ ਪਲ ਭਰ ਲਈ ਟਿਕਾਓ ਹੈ, ਜਿਸ ਵਿਚ ਅਗਲੀ ਲੜਾਈ ਦੇ ਲਈ ਵੱਧ ਤੋਂ ਵੱਧ ਤਾਕਤ ਇਕੱਠੀ ਕਰਨ ਦਾ ਮੌਕਾ ਮਿਲਦਾ ਹੈ। ਸਿਰਫ ਇਸ ਸਿਧਾਂਤ ਤੇ ਹੀ ਕਿਸੇ ਕਿਸਮ ਦੀ ਸੰਧੀ ਜਾਂ ਸਮਝੌਤਾ ਕਰਨ ਦੀ ਸੋਚੀ ਜਾ ਸਕਦੀ ਹੈ। ਸਮਝੌਤੇ ਲਈ ਠੀਕ ਵਕਤ ਤੇ ਸ਼ਰਤਾਂ ਤੇ ਵਿਚਾਰ ਕਰਨ ਦਾ ਕੰਮ ਨੇਤਾਵਾਂ ਦਾ ਹੈ। ਭਾਵੇਂ ਲਾਹੌਰ ਦੇ ਪੂਰਣ ਆਜ਼ਾਦੀ ਵਾਲੇ ਮਤੇ ਦੇ ਹੁੰਦਿਆਂ ਹੋਇਆਂ ਵੀ ਤੁਸਾਂ ਆਪਣਾ ਅੰਦੋਲਨ ਰੋਕ ਲਿਆ ਹੈ, ਫਿਰ ਵੀ ਪਰਸਤਾਵ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਹੀ ਕਾਇਮ ਹੈ। "ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ" ਦੇ ਕਰਾਂਤੀਕਾਰੀਆਂ ਦਾ ਮੰਤਵ ਇਸ ਦੇਸ਼ ਵਿਚ ਸਮਾਜਵਾਦੀ ਪ੍ਰਜਾਤੰਤਰ ਤਰੀਕੇ ਦੀ ਸਥਾਪਨਾ ਹੈ। ਇਸ ਮੰਤਵ ਵਿਚ ਸੋਧ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਹ ਤਾਂ ਆਪਣਾ ਸੰਗਰਾਮ ਤਦ ਤਕ ਪੂਰੀ ਤਰ੍ਹਾਂ ਜਾਰੀ ਰੱਖਣ ਲਈ ਮਜਬੂਰ ਹਨ ਜਦ ਤਕ ਕਿ ਇਹ ਮੰਤਵ ਹਾਸਲ ਨਹੀਂ ਹੋ ਜਾਂਦਾ ਤੇ ਇਸ ਆਦਰਸ਼ ਦੀ ਪੂਰੀ ਤਰ੍ਹਾਂ ਸਥਾਪਨਾ ਨਹੀਂ ਹੋ ਜਾਂਦੀ। ਪਰ ਸਮੇਂ ਦੀ ਤਬਦੀਲੀ ਦੇ ਨਾਲ ਨਾਲ, ਉਹ ਆਪਣੀ ਯੁਧ ਨੀਤੀ ਵੀ ਬਦਲਦੇ ਰਹਿਣਾ ਚਾਹੁੰਦੇ ਹਨ। ਕਰਾਂਤੀਕਾਰੀਆਂ ਦਾ ਯੁਧ ਵੱਖ-ਵੱਖ ਮੌਕਿਆਂ ਤੇ ਵੱਖਰਾ-ਵੱਖਰਾ ਰੂਪ ਧਾਰ ਲੈਂਦਾ ਹੈ। ਕਦੀ ਇਹ ਪਰਤੱਖ ਰੂਪ ਵਿਚ ਹੁੰਦਾ ਹੈ ਕਦੀ ਗੁਪਤ ਰੂਪ ਧਾਰ ਲੈਂਦਾ ਹੈ। ਕਦੀ ਸਿਰਫ ਅੰਦੋਲਨ ਜਿਹਾ ਹੀ ਰਹਿ ਜਾਂਦਾ ਹੈ, ਕਦੀ ਜੀਵਨ ਤੇ ਮੌਤ ਦਾ ਭਿਆਨਕ ਸੰਗਰਾਮ

ਇਕ ਐਸਾ ਹਥਿਆਰ ਹੈ, ਜਿਸ ਨੂੰ ਸਿਆਸੀ ਜਦੋਜਹਿਦ ਵਿਚ ਪਲ ਪਲ ਤੇ ਵਰਤਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਜਿਸ ਨਾਲ ਇਕ ਸਖ਼ਤ ਲੜਾਈ ਤੋਂ ਥੱਕੀ ਹੋਈ ਕੌਮ ਨੂੰ ਥੋੜੀ ਦੇਰ ਲਈ ਅਰਾਮ ਮਿਲ ਸਕੇ ਅਤੇ ਅਗਾਂਹ ਜੰਗ ਲਈ ਹੋਰ ਵਧੇਰੇ ਤਾਕਤ ਨਾਲ ਤਿਆਰ ਹੋ ਸਕਣ।

ਪਰ ਇਸ ਸਾਰੇ ਸਮਝੌਤੇ ਦੇ ਇਲਾਵਾ ਜਿਸ ਚੀਜ਼ ਨੂੰ ਸਾਨੂੰ ਭੁਲਣਾ ਨਹੀਂ ਚਾਹੀਦਾ—ਉਹ ਹੈ ਸਾਡਾ ਆਦਰਸ਼! ਆਦਰਸ਼ ਹਮੇਸ਼ਾ ਸਾਡੇ ਸਾਹਮਣੇ ਰਹਿਣਾ ਚਾਹੀਦਾ ਹੈ। ਜਿਸ ਮੰਤਵ ਲਈ ਅਸੀਂ ਲੜ ਰਹੇ ਹਾਂ, ਜੇ ਉਸਦਾ ਇਕ ਆਨਾ ਮਿਲ ਜਾਂਦਾ ਹੈ ਤਾਂ ਉਹ ਇਕ ਆਨਾ ਜੇਬ ਵਿਚ ਪਾ ਕੇ ਬਾਕੀ ਪੰਦਰਾਂ ਆਨਿਆਂ ਲਈ ਫਿਰ ਲੜਾਈ ਛੇੜ ਦੇਣੀ ਚਾਹੀਦੀ ਹੈ। ਹਿੰਦੁਸਤਾਨ ਦੇ ਨਰਮ-ਦਲੀਆਂ (ਮਾਡਰੇਟਾਂ) ਦੀ ਜਿਸ ਗਲ ਤੋਂ ਸਾਨੂੰ ਨਫ਼ਰਤ ਹੈ, ਉਹ ਹੈ ਕਿ ਉਨ੍ਹਾਂ ਦਾ ਮੰਤਵ ਕੁਝ ਵੀ ਨਹੀਂ ਹੈ। ਉਹ ਇਕ ਆਨੇ ਲਈ ਹੀ ਲੜਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲ ਸਕਦਾ।

## ਕਾਂਗਰਸ ਦਾ ਉਦੇਸ਼ ਕੀ ਹੈ ?

ਭਾਰਤ ਦਾ ਮੌਜੂਦਾ ਘੋਲ ਦਰਮਿਆਨੇ ਤਬਕੇ ਦੇ ਸਿਰ ਤੇ ਲੜਿਆ ਜਾ ਰਿਹਾ ਹੈ। ਇਸ ਦਰਮਿਆਨੇ ਤਬਕੇ ਦਾ ਆਦਰਸ਼ ਬੜਾ ਮਾਮੂਲੀ ਜਿਹਾ ਹੈ, ਕਾਂਗਰਸ ਸਰਮਾਏਦਾਰਾਂ ਤੇ ਦੁਕਾਨਦਾਰਾਂ ਰਾਹੀਂ ਸਰਕਾਰ ਤੇ ਆਰਥਕ ਦਬਾਅ ਪਾ ਕੇ ਕੁਝ ਅਖ਼ਤਿਆਰ ਲੈ ਲੈਣਾ ਚਾਹੁੰਦੀ ਹੈ। ਪਰ ਜਿਥੋਂ ਤਕ ਦੇਸ਼ ਦੇ ਕਰੋੜਾਂ ਮਜ਼ਦੂਰਾਂ, ਕਿਸਾਨਾਂ ਦਾ ਸੰਬੰਧ ਹੈ, ਇਹਨਾਂ ਦੀ ਬਿਹਤਰੀ ਨਹੀਂ ਹੋ ਸਕਦੀ। ਜੇ ਦਰਮਿਆਨੇ ਤਬਕੇ ਦੀ ਬਜਾਏ ਸਾਰੇ ਦੇਸ਼ ਦੀ ਲੜਾਈ ਲੜਨੀ ਹੈ ਤਾਂ ਮਜ਼ਦੂਰਾਂ, ਕਿਸਾਨਾਂ ਤੇ ਆਮ ਜਨਤਾ ਨੂੰ ਅਗੇ ਲਿਆਉਣਾ ਹੋਵੇਗਾ ਤੇ ਇਨ੍ਹਾਂ ਨੂੰ ਲੜਾਈ ਲਈ ਜਥੇਬੰਦ ਕਰਨਾ ਹੋਵੇਗਾ। ਪਰ ਕਾਂਗਰਸੀ ਲੀਡਰ ਇਹਨਾਂ ਨੂੰ ਅਗੇ ਲਿਆਣ ਲਈ ਕੁਝ ਨਹੀਂ ਕਰਦੇ ਤੇ ਨਾ ਹੀ ਕਰ ਸਕਦੇ ਹਨ। ਕਿਸਾਨਾਂ ਨੂੰ ਬਦੇਸ਼ੀ ਜੂਲੇ ਤੋਂ ਬਿਨਾਂ ਜਗੀਰਦਾਰਾਂ ਦੇ ਜੂਲੇ ਤੋਂ ਵੀ ਮੁਕਤ ਕਰਾਉਣਾ ਹੈ, ਪਰ ਇਹ ਕਾਂਗਰਸ ਦਾ ਆਦਰਸ਼ ਨਹੀਂ। ਇਸ ਲਈ ਮੈਂ ਕਹਿੰਦਾ ਹਾਂ ਕਿ ਕਾਂਗਰਸੀ ਲੀਡਰ ਮੁਕੰਮਲ ਇਨਕਲਾਬ ਨਹੀਂ ਚਾਹੁੰਦੇ, ਬਲਕਿ ਸਰਕਾਰ ਤੇ ਦਬਾਅ ਪਾ ਕੇ ਭਾਰਤ ਦੇ ਸਰਮਾਏਦਾਰਾਂ ਲਈ ਕੁਝ ਰਿਆਇਤਾਂ ਚਾਹੁੰਦੇ ਹਨ। ਸੋ ਕਾਂਗਰਸ ਦੀ ਲਹਿਰ ਕਿਸੇ ਨਾ ਕਿਸੇ ਸਮਝੌਤੇ ਦੀ ਸ਼ਕਲ ਵਿਚ ਖ਼ਤਮ ਹੋਵੇਗੀ।

## ਨੌਜਵਾਨਾਂ ਦਾ ਫ਼ਰਜ਼

ਇਸ ਹਾਲਤ ਵਿਚ ਨੌਜਵਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਲਈ ਸਮਾਂ ਹੋਰ ਵੀ ਸਖ਼ਤ ਆ ਰਿਹਾ ਹੈ। ਉਹਨਾਂ ਨੂੰ ਖ਼ਬਰਦਾਰ ਹੋ ਜਾਣਾ ਚਾਹੀਦਾ ਹੈ—ਕਿਤੇ ਉਹਨਾਂ ਦੀ ਅਕਲ ਚਕਰਾ ਨਾ ਜਾਏ ਜਾਂ ਉਹ ਨਰਾਜ਼ ਨਾ ਹੋ ਬੈਠਣ। ਗਾਂਧੀ ਦੀਆਂ ਦੋ ਲੜਾਈਆਂ ਦਾ ਤਜਰਬਾ ਪ੍ਰਾਪਤ ਕਰ ਲੈਣ ਦੇ ਬਾਅਦ ਮੌਜੂਦਾ ਹਾਲਾਤ ਅਤੇ ਆਪਣੇ ਭਵਿਖ ਦੇ ਪ੍ਰੋਗਰਾਮ ਦੇ ਸੰਬੰਧ ਵਿਚ ਸਾਡੇ ਲਈ ਸਾਫ਼ ਨੀਤੀ ਅਪਨਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ।

## ਇਨਕਲਾਬ ਜ਼ਿੰਦਾਬਾਦ

ਇਤਨੀ ਵਿਚਾਰ ਕਰ ਲੈਣ ਮਗਰੋਂ ਮੈਂ ਆਪਣੀ ਗੱਲ ਬਿਲਕੁਲ ਸਾਫ਼ ਸ਼ਬਦਾਂ ਵਿਚ ਕਹਿਣਾ ਚਾਹਾਂਗਾ।

ਅਸੀਂ ਲੋਕ (Long live revolution) ਭਾਵ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾਉਂਦੇ ਹਾਂ। ਇਹ ਨਾਅਰਾ ਸਾਡੇ ਵਾਸਤੇ ਬਹੁਤ ਪਵਿੱਤਰ ਹੈ ਅਤੇ ਇਸ ਦੀ ਵਰਤੋਂ ਬਹੁਤ ਹੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ।

ਜਦ ਤੁਸੀਂ ਨਾਅਰਾ ਲਾਉਂਦੇ ਹੋ, ਤਾਂ ਮੈਂ ਸਮਝਦਾ ਹਾਂ, ਤੁਸੀਂ ਅਸਲ ਵਿਚ ਜੋ ਨਾਅਰਾ ਮਾਰਦੇ ਹੋ—ਉਸ ਤੇ ਅਮਲ ਵੀ ਕਰਨਾ ਚਾਹੀਦਾ ਹੈ। ਅਸੈਂਬਲੀ ਬੰਬ ਕੇਸ ਬਣ ਜਾਂਦਾ ਹੈ। ਵਰਤਮਾਨ ਹਾਲਤਾਂ ਵਿਚ ਕਰਾਂਤੀਕਾਰੀਆਂ ਦੇ ਸਾਹਮਣੇ ਅੰਦੋਲਨ ਰੋਕ ਦੇਣ ਲਈ ਕੁਝ ਵਿਸ਼ੇਸ਼ ਕਾਰਣਾਂ ਦਾ ਹੋਣਾ ਜ਼ਰੂਰੀ ਹੈ। ਪਰ ਤੁਸੀਂ ਸਾਡੇ ਸਾਹਮਣੇ ਐਸਾ ਕੋਈ ਨਿਸਚਿਤ ਕਾਰਣ ਨਹੀਂ ਰੱਖਿਆ, ਜਿਸ ਤੇ ਵਿਚਾਰ ਕਰਕੇ ਅਸੀਂ ਆਪਣਾ ਅੰਦੋਲਨ ਰੋਕ ਦੇਈਏ। ਸਿਰਫ਼ ਭਾਵਕ ਅਪੀਲਾਂ ਕਰਾਂਤੀਕਾਰੀਆਂ ਦੇ ਸੰਗਰਾਮ ਤੇ ਕੋਈ ਪ੍ਰਭਾਵ ਨਹੀਂ ਪਾ ਸਕਦੀਆਂ।

ਸਮਝੌਤਾ ਕਰਕੇ ਤੁਸੀਂ ਆਪਣਾ ਅੰਦੋਲਨ ਰੋਕ ਲਿਆ ਹੈ। ਜਿਸ ਦੇ ਸਿੱਟੇ ਵਜੋਂ ਤੁਹਾਡੇ ਅੰਦੋਲਨ ਦੇ ਸਾਰੇ ਬੰਦੀ ਛੁੱਟ ਗਏ ਹਨ। ਪਰ ਕਰਾਂਤੀਕਾਰੀ ਬੰਦੀਆਂ ਦੇ ਸੰਬੰਧ ਵਿਚ ਤੁਸੀਂ ਕੀ ਕਹਿਣਾ ਹੈ ? 1915 ਦੇ ਗਦਰ ਪਾਰਟੀ ਦੇ ਬੰਦੀ ਅੱਜ ਵੀ ਜੇਲ੍ਹਾਂ ਵਿਚ ਪਏ ਸੜ ਰਹੇ ਹਨ, ਜਦ ਕਿ ਉਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁਕੀਆਂ ਹਨ। ਮਾਰਸ਼ਲ ਲਾ ਦੇ ਸੈਂਕੜੇ ਬੰਦੀ ਅਜ ਜੀਂਦੇ ਹੋਏ ਵੀ ਕਬਰਾਂ ਵਿਚ ਦਫਨਾਏ ਹੋਏ ਹਨ। ਏਸੇ ਤਰ੍ਹਾਂ ਬੱਬਰ ਅਕਾਲੀ ਲਹਿਰ ਦੇ ਦਰਜਨਾਂ ਬੰਦੀ ਜੇਲ ਦੀਆਂ ਸਖ਼ਤੀਆਂ ਝਲ ਰਹੇ ਹਨ। ਅੱਧੀ ਦਰਜਨ ਤੋਂ ਵੱਧ ਸਾਜ਼ਸ਼ ਕੇਸ-ਲਾਹੌਰ, ਦਿਲੀ, ਚਿਟਾਗਾਂਗ, ਬੰਬਈ, ਕਲਕੱਤੇ ਆਦਿ ਥਾਵਾਂ ਤੇ ਚਲ ਰਹੇ ਹਨ। ਅਨੇਕਾਂ ਕਰਾਂਤੀ-ਕਾਰੀ ਮਫ਼ਰੂਰ ਹਨ, ਜਿਨ੍ਹਾਂ ਵਿਚ ਬਹੁਤ ਸਾਰੀਆਂ ਔਰਤਾਂ ਵੀ ਹਨ। ਅੱਧੀ ਦਰਜਨ ਤੋਂ ਵਧ ਬੰਦੀ ਮੌਤ ਦੀ ਸਜ਼ਾ ਦੀ ਇੰਤਜ਼ਾਰ ਕਰ ਰਹੇ ਹਨ। ਇਸ ਸਭ ਦੇ ਬਾਰੇ ਆਪ ਨੇ ਕੀ ਕਹਿਣਾ ਹੈ ? ਲਾਹੌਰ ਸਾਜ਼ਸ਼ ਕੇਸ ਦੇ ਤਿੰਨਬੰਦੀ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲੀ ਹੈ ਅਤੇ ਜਿਨ੍ਹਾਂ ਨੂੰ ਸਬੱਬ ਨਾਲ ਦੇਸ਼ ਵਿਚ ਬਹੁਤ ਮਾਨ ਪਰਾਪਤ ਹੋ ਗਿਆ ਹੈ, ਕਰਾਂਤੀਕਾਰੀ ਦਲ ਦੇ ਸਭ ਕੁਝ ਨਹੀਂ ਹਨ। ਦਲ ਦੇ ਸਾਹਮਣੇ ਕੇਵਲ ਉਹਨਾਂ ਦੀ ਹੀ ਕਿਸਮਤ ਦਾ ਸਵਾਲ ਨਹੀਂ ਹੈ। ਅਸਲ ਵਿਚ ਉਹਨਾਂ ਦੀ ਸਜ਼ਾ ਵਿਚ ਤਬਦੀਲੀ ਨਾਲ ਦੇਸ਼ ਦਾ ਏਨਾ ਕੁਝ ਨਹੀਂ ਸੌਰਨਾ ਜਿੰਨਾ ਉਨ੍ਹਾਂ ਨੂੰ ਫਾਂਸੀ ਤੇ ਚੜ੍ਹਾ ਦੇਣ ਨਾਲ ਹੋਵੇਗਾ।

ਇਨ੍ਹਾਂ ਸਭ ਗੱਲਾਂ ਦੇ ਹੁੰਦੇ ਹੋਏ ਵੀ ਆਪ ਸਾਨੂੰ ਅੰਦੋਲਨ ਰੋਕ ਦੇਣ ਦੀਆਂ ਅਪੀਲਾਂ ਕਰ ਰਹੇ ਹੋ। ਅਸੀਂ ਆਪਣਾ ਕਰਾਂਤੀਕਾਰੀ ਅੰਦੋਲਨ ਕਿਉਂ ਰੋਕ ਲਈਏ, ਇਸ ਦਾ ਆਪਨੇ ਕੋਈ ਠੀਕ ਕਾਰਣ ਨਹੀਂ ਦਸਿਆ। ਇਸ ਤਰ੍ਹਾਂ ਦੇ ਹਾਲਤਾਂ ਵਿਚ ਆਪ ਦੀਆਂ ਇਨ੍ਹਾਂ ਅਪੀਲਾਂ ਦਾ ਅਰਥ ਤਾਂ ਬਸ ਇਹੀ ਹੈ ਕਿ ਤੁਸੀਂ ਕਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਨੌਕਰਸ਼ਾਹੀ ਦਾ ਸਾਥ ਦੇ ਰਹੇ ਹੋ। ਇਹਨਾਂ ਅਪੀਲਾਂ ਰਾਹੀਂ ਤੁਸੀਂ ਖ਼ੁਦ ਕਰਾਂਤੀਕਾਰੀ ਦਲ ਵਿਚ ਫੁਟ ਅਤੇ ਵਿਸ਼ਵਾਸ-ਘਾਤ ਦੀ ਸਿਖਿਆ ਦੇ ਰਹੇ ਹੋ। ਅਗਰ ਇਹ ਗਲ ਨਾ ਹੁੰਦੀ ਤਾਂ ਆਪ ਲਈ ਵਧੀਆ ਢੰਗ ਇਹ ਸੀ ਕਿ ਤੁਸੀਂ ਕੁਝ ਪਰਮੁਖ ਕਰਾਂਤੀਕਾਰੀਆਂ ਨਾਲ ਮਿਲਕੇ ਇਸ ਵਿਸ਼ੇ ਤੇ ਗਲਬਾਤ ਕਰ ਲੈਂਦੇ। ਆਪ ਨੂੰ ਉਹਨਾਂ ਨੂੰ ਅੰਦੋਲਨ ਰੋਕ ਦੇਣ ਦੀ ਸਲਾਹ ਦੇਣ ਤੋਂ ਪਹਿਲਾਂ ਉਸ ਦੇ ਕਾਰਨ ਦਲੀਲ ਰਾਹੀਂ ਸਮਝਾਣੇ ਚਾਹੀਦੇ ਸਨ। ਮੇਰਾ ਖਿਆਲ ਹੈ ਕਿ ਆਮ ਲੋਕਾਂ ਵਾਂਗ ਆਪ ਦੀ ਤਾਂ ਇਹ ਧਾਰਨਾ ਨਹੀਂ ਹੋਵੇਗੀ ਕਿ ਕਰਾਂਤੀਕਾਰੀ ਬੇਦਲੀਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਕੇਵਲ ਮਰਨ ਮਾਰਨ ਦੇ ਕੰਮਾਂ ਵਿਚ ਸੁਆਦ ਆਉਂਦਾ ਹੈ। ਅਸੀਂ

ਸਮੇਂ ਇਨਕਲਾਬ ਦੀ ਵਿਆਖਿਆ ਕੀਤੀ ਸੀ ਕਿ ਕਰਾਂਤੀ ਤੋਂ ਸਾਡਾ ਭਾਵ ਸਮਾਜ ਦੇ ਮੌਜੂਦਾ ਢੰਗ ਨੂੰ ਅਤੇ ਪ੍ਰਬੰਧ ਨੂੰ ਪੂਰੀ ਤਰ੍ਹਾਂ ਉਖਾੜ ਸੁਟਣਾ ਹੈ। ਇਸ ਉਦੇਸ਼ ਲਈ ਪਹਿਲਾਂ ਅਸੀਂ ਸਰਕਾਰ ਦੀ ਤਾਕਤ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਇਸ ਵੇਲੇ ਰਾਜ-ਪ੍ਰਬੰਧ ਦੀ ਮਸ਼ੀਨ ਅਮੀਰਾਂ ਦੇ ਹੱਥ ਵਿਚ ਹੈ। ਆਮ ਜਨਤਾ ਦੇ ਹਿੱਤਾਂ ਦੀ ਰਖਿਆ ਲਈ ਅਤੇ ਆਪਣੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਲਈ ਅਰਥਾਤ ਸਮਾਜ ਨੂੰ ਨਵੇਂ ਸਿਰੇ ਤੋਂ ਕਾਰਲ ਮਾਰਕਸ ਦੇ ਸਿਧਾਂਤਾਂ ਅਨੁਸਾਰ ਜਥੇਬੰਦ ਕਰਨ ਲਈ ਅਸੀਂ ਸਰਕਾਰ ਦੀ ਮਸ਼ੀਨ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਅਸੀਂ ਇਸੇ ਆਦਰਸ਼ ਲਈ ਲੜ ਰਹੇ ਹਾਂ। ਪਰ ਇਸ ਲਈ ਸਾਨੂੰ ਆਮ ਜਨਤਾ ਨੂੰ ਪੜ੍ਹਾਉਣਾ ਚਾਹੀਦਾ ਹੈ।

### ਵਿਧਾਨ ਦੀ ਕਸੌਟੀ—

ਸਾਡੇ ਲਈ ਹੇਠ ਲਿਖੀਆਂ ਤਿੰਨ ਗੱਲਾਂ ਕਿਸੇ ਵੀ ਰਾਜਨੀਤਿਕ ਵਿਧਾਨ ਦੀ ਪਰਖ ਲਈ ਜ਼ਰੂਰੀ ਹਨ :

(1) ਰਾਜ-ਪ੍ਰਬੰਧ ਦੀ ਜ਼ਿੰਮੇਵਾਰੀ ਕਿਸ ਹੱਦ ਤਕ ਭਾਰਤਵਾਸੀਆਂ ਦੇ ਸਪੁਰਦ ਕੀਤੀ ਜਾਂਦੀ ਹੈ ?

(2) ਰਾਜ-ਪ੍ਰਬੰਧ ਚਲਾਉਣ ਵਾਸਤੇ ਕਿਸ ਤਰ੍ਹਾਂ ਦੀ ਸਰਕਾਰ ਬਣਾਈ ਜਾਂਦੀ ਹੈ ਅਤੇ ਇਸ ਵਿਚ ਹਿੱਸਾ ਲੈਣ ਦਾ ਆਮ ਜਨਤਾ ਨੂੰ ਕਿਥੋਂ ਕੁ ਤਕ ਮੌਕਾ ਮਿਲਦਾ ਹੈ ?

(3) ਭਵਿਖ ਵਿਚ ਉਸ ਤੋਂ ਕੀ ਆਸ ਕੀਤੀ ਜਾ ਸਕਦੀ ਹੈ ? ਉਸ ਤੇ ਕਿਥੋਂ ਤਕ ਰੋਕ ਲਾਈ ਜਾਂਦੀ ਹੈ ?

ਕਿਉਂਕਿ ਭਾਰਤ ਸਰਕਾਰ ਦੀ ਰਾਜ-ਸਭਾ ਅਮੀਰਾਂ ਦੀ ਹੇੜ ਹੈ ਅਤੇ ਲੋਕਾਂ ਨੂੰ ਫਾਹੁਣ ਦਾ ਇਕ ਪਿੰਜਰਾ ਹੈ, ਇਸ ਲਈ ਇਸ ਨੂੰ ਖ਼ਤਮ ਕਰਕੇ ਇਕ ਹੀ ਸਭਾ, ਜਿਸ ਵਿਚ ਜਨਤਾ ਦੇ ਨੁਮਾਇੰਦੇ ਹੋਣ, ਰਖਣੀ ਚਾਹੀਦੀ ਹੈ।

### ਸੂਬਾਈ ਸਵਰਾਜ ਜਾਂ ਸੂਬਾਈ ਜ਼ੁਲਮ ?

ਜਿਸ ਤਰ੍ਹਾਂ ਦੇ ਲੋਕਾਂ ਨੂੰ ਸਾਰੀਆਂ ਤਾਕਤਾਂ ਦਿਤੀਆਂ ਜਾ ਰਹੀਆਂ ਹਨ, ਉਸ ਨਾਲ ਤਾਂ ਸੂਬਾਈ ਸਵਰਾਜ ਨਾਂ ਹੋ ਕੇ ਜ਼ੁਲਮ ਹੋ ਜਾਏਗਾ।

ਇਹਨਾਂ ਸਾਰੀਆਂ ਹਾਲਤਾਂ ਤੇ ਵਿਚਾਰ ਕਰਕੇ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸਭ ਤੋਂ ਪਹਿਲਾਂ ਸਾਨੂੰ ਸਾਡੀਆਂ ਹਾਲਤਾਂ ਦਾ ਚਿੱਤਰ ਸਪਸ਼ਟ ਤੌਰ ਤੇ ਵੇਖਣਾ ਚਾਹੀਦਾ ਹੈ। ਭਾਵੇਂ ਅਸੀਂ ਮੰਨਦੇ ਹਾਂ ਕਿ ਸਮਝੌਤੇ ਦਾ ਅਰਥ ਕਦੇ ਆਤਮ-ਸਮਰਪਣ ਜਾਂ ਬਦੇਸ਼ੀ ਰਾਜ ਸਵੀਕਾਰ ਕਰਨਾ ਨਹੀਂ, "ਪਰ ਇਕ ਕਦਮ ਅਗੇ ਤੇ ਫਿਰ ਕੁਝ ਅਰਾਮ ਹੈ !" ਪਰ ਨਾਲ ਹੀ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਮਝੌਤਾ ਇਸ ਤੋਂ ਵਧ ਹੋਰ ਹੈ ਵੀ ਕੁਝ ਨਹੀਂ। ਇਹ ਆਖ਼ਰੀ ਮੰਤਵ ਅਤੇ ਆਖ਼ਰੀ ਆਰਾਮ ਦੀ ਥਾਂ ਨਹੀਂ ਹੈ।

### ਸਾਡੇ ਆਦਰਸ਼ ਤੇ ਸਾਧਨ—

ਦਲ ਦਾ ਨਾਂ ਸੋਸ਼ਲਿਸਟ ਰੀਪਬਲਿਕਨ ਆਰਮੀ ਹੈ। ਇਸ ਲਈ ਇਸ ਦਾ ਮਕਸਦ ਇਕ ਸੋਸ਼ਲਿਸਟ ਜਾਂ ਕਮਿਊਨਿਸਟ ਸਮਾਜਕ ਸੰਗਠਨ ਦੀ ਸਥਾਪਨਾ ਹੈ। ਕਾਂਗਰਸ ਅਤੇ ਇਸ ਦਲ ਦੇ ਮੰਤਵ ਵਿਚ ਇਹ ਹੀ ਫ਼ਰਕ ਹੈ ਕਿ ਜਦ ਰਾਜਨੀਤਕ ਕਰਾਂਤੀ ਨਾਲ ਰਾਜ ਪ੍ਰਬੰਧ ਦੀ ਸ਼ਕਤੀ ਅੰਗਰੇਜ਼ਾਂ ਦੇ ਹੱਥਾਂ ਵਿਚੋਂ ਨਿਕਲ ਕੇ ਭਾਰਤ ਵਾਸੀਆਂ ਦੇ ਹੱਥ ਵਿਚ ਆ ਜਾਏਗੀ ਤਾਂ ਸਾਡਾ ਮੰਤਵ ਰਾਜ ਪ੍ਰਬੰਧ ਨੂੰ ਉਹਨਾਂ ਹੱਥਾਂ ਦੇ ਸਪੁਰਦ ਕਰਨਾ ਹੈ, ਜਿਹਨਾਂ ਦੀ ਮੰਜ਼ਲ ਕਮਿਊਨਿਜ਼ਮ ਹੈ। ਇਸ ਲਈ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਜ਼ਰੂਰੀ ਹੈ। ਕਿਉਂਕਿ ਇਨ੍ਹਾਂ ਲੋਕਾਂ ਲਈ ਲਾਰਡ ਰੀਡਿੰਗ ਜਾਂ ਲਾਰਡ ਇਰਵਨ ਦੀ ਥਾਂ ਤੇਜ ਬਹਾਦਰ ਜਾਂ ਪੁਰਸ਼ੋਤਮ ਦਾਸ ਠਾਕਰ ਦਾਸ ਦੇ ਆ ਜਾਣ ਨਾਲ ਕੋਈ ਫ਼ਰਕ ਨਹੀਂ ਪਵੇਗਾ।

ਤੁਹਾਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਅਸਲੀਅਤ ਵਿਚ ਗਲ ਇਸ ਦੇ ਬਿਲਕੁਲ ਉਲਟ ਹੈ। ਉਹ ਹਰ ਕਦਮ ਉਤੇ ਅਗੇ ਵਧਣ ਤੋਂ ਪਹਿਲਾਂ ਉਹਦੀਆਂ ਚਾਰੇ ਪਾਸੇ ਦੀਆਂ ਹਾਲਤਾਂ ਤੇ ਵਿਚਾਰ ਕਰ ਲੈਂਦੇ ਹਨ। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹਰ ਵਕਤ ਰਹਿੰਦਾ ਹੈ। ਉਹ ਆਪਣੇ ਕਰਾਂਤੀ-ਕਾਰੀ ਵਿਧਾਨ ਵਿਚ ਰਚਨਾਤਮਕ ਅੰਗ ਦੀ ਜ਼ਰੂਰਤ ਨੂੰ ਮੁਖ ਥਾਂ ਦਿੰਦੇ ਹਨ। ਭਾਵੇਂ ਹੁਣ ਦੇ ਹਾਲਤਾਂ ਵਿਚ ਉਨ੍ਹਾਂ ਨੂੰ ਕੇਵਲ ਫਾਹੂ ਹਿੱਸੇ ਵਲ ਹੀ ਧਿਆਨ ਦੇਣਾ ਪਿਆ ਹੈ।

ਸਰਕਾਰ ਕਰਾਂਤੀਕਾਰੀਆਂ ਲਈ ਪੈਦਾ ਹੋਈ ਸਰਬ ਸਾਂਝੀ ਹਮਦਰਦੀ ਤੇ ਮਦਦ ਦੀ ਭਾਵਨਾ ਨੂੰ ਨਸ਼ਟ ਕਰਕੇ, ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਕੁਚਲ ਦੇਣਾ ਚਾਹੁੰਦੀ ਹੈ। ਇਕੱਲੇ ਤਾਂ ਉਹ ਬਹੁਤ ਆਸਾਨੀ ਨਾਲ ਮਸਲੇ ਜਾ ਸਕਦੇ ਹਨ। ਸੋ ਇਹੋ ਜਿਹੇ ਹਾਲਤਾਂ ਵਿਚ ਕਿਸੇ ਕਿਸਮ ਦੀਆਂ ਭਾਵਕ ਅਪੀਲਾਂ ਕਰਕੇ ਉਹਨਾਂ ਵਿਚ ਫੁਟ ਤੇ ਵਿਸ਼ਵਾਸਘਾਤ ਪੈਦਾ ਕਰਨਾ ਮਹਾਨ ਗਲਤੀ ਤੇ ਕਰਾਂਤੀ ਵਿਰੋਧੀ ਕੰਮ ਹੋਵੇਗਾ। ਇਸ ਨਾਲ ਸਰਕਾਰ ਨੂੰ ਉਹਨਾਂ ਨੂੰ ਕੁਚਲਣ ਵਿਚ ਸਾਫ ਤੌਰ ਤੇ ਸਹਾਇਤਾ ਮਿਲਦੀ ਹੈ।

ਇਸ ਲਈ ਆਪ ਨੂੰ ਸਾਡੀ ਪ੍ਰਾਰਥਨਾ ਹੈ ਕਿ ਜਾਂ ਤਾਂ ਆਪ ਕੁਝ ਕਰਾਂਤੀਕਾਰੀਆਂ ਨਾਲ ਜੋ ਜੇਲ੍ਹਾਂ ਵਿਚ ਬੰਦ ਹਨ, ਇਸ ਵਿਸ਼ੇ ਤੇ ਗਲਬਾਤ ਕਰਕੇ ਕੁਝ ਨਿਰਨਾ ਕਰ ਲਓ ਨਹੀਂ ਤਾਂ ਇਹ ਅਪੀਲਾਂ ਬੰਦ ਕਰ ਦਿਓ। ਮਿਹਰਬਾਨੀ ਕਰਕੇ ਇਹਨਾਂ ਦੋ ਰਾਹਾਂ ਵਿਚੋਂ ਕਿਸੇ ਇਕ ਨੂੰ ਅਪਨਾਓ ਤੇ ਉਹ ਵੀ ਪੂਰੇ ਦਿਲ ਨਾਲ। ਅਗਰ ਤੁਸੀਂ ਉਨ੍ਹਾਂ ਦੀ ਮਦਦ ਨਹੀਂ ਕਰ ਸਕਦੇ ਤਾਂ ਮੇਹਰਬਾਨੀ ਕਰਕੇ ਉਨ੍ਹਾਂ ਤੇ ਰਹਿਮ ਕਰੋ ਤੇ ਉਨ੍ਹਾਂ ਨੂੰ ਇਕੱਲੇ ਛੱਡ ਦਿਓ। ਉਹ ਆਪਣੀ ਰਖਿਆ ਆਪੇ ਕਰ ਲੈਣਗੇ। ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਆਉਣ ਵਾਲੇ ਰਾਜਨੀਤਕ ਯੁਧ ਵਿਚ ਉਨ੍ਹਾਂ ਦੀ ਅਗਵਾਈ ਨਿਸਚਿਤ ਹੈ। ਜਨਤਾ ਉਹਨਾਂ ਵਲ ਬਰਾਬਰ ਵਧੀ ਆ ਰਹੀ ਹੈ। ਉਹ ਦਿਨ ਦੂਰ ਨਹੀਂ ਹੈ ਜਦ ਉਨ੍ਹਾਂ ਦੀ ਅਗਵਾਈ ਵਿਚ ਅਤੇ ਉਨ੍ਹਾਂ ਦੇ ਝੰਡੇ ਥੱਲੇ ਜਨਤਾ ਆਪਣੇ ਸਮਾਜਵਾਦੀ ਪ੍ਰਜਾਤੰਤਰ ਦੇ ਮਹਾਨ ਨਿਸ਼ਾਨੇ ਵਲ ਵਧਦੀ ਵਿਖਾਈ ਦੇਵੇਗੀ।

ਅਤੇ ਜੇ ਸੱਚਮੁੱਚ ਤੁਸੀਂ ਉਹਨਾਂ ਦੀ ਮਦਦ ਕਰਨੀ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਆਪਣਾ ਦ੍ਰਿਸ਼ਟੀਕੋਨ ਸਮਝਾਣ ਲਈ ਉਨ੍ਹਾਂ ਨਾਲ ਗਲਬਾਤ ਕਰੋ ਅਤੇ ਸਾਰੇ ਹਾਲਾਤ ਤੇ ਖੁੱਲ੍ਹ ਕੇ ਵਿਚਾਰ ਕਰੋ।

ਉਮੀਦ ਹੈ ਆਪ ਉਪਰਲੀ ਪ੍ਰਾਰਥਨਾ ਤੇ ਵਿਚਾਰ ਕਰੋਗੇ ਅਤੇ ਆਪਣੀ ਰਾਏ ਜਨਤਾ ਦੇ ਸਾਹਮਣੇ ਰਖੋਗੇ।

ਆਪ ਦਾ

"ਅਨੇਕਾਂ ਵਿਚੋਂ ਇਕ"

### ਪੂਰਨ ਆਜ਼ਾਦੀ—

ਜਦ ਲਾਹੌਰ ਕਾਂਗਰਸ ਨੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਸੀ ਤਾਂ ਅਸੀਂ ਇਸ ਨੂੰ ਪੂਰੇ ਦਿਲ ਨਾਲ ਚਾਹੁੰਦੇ ਸਾਂ। ਪਰ ਕਾਂਗਰਸ ਦੇ ਉਸੇ ਇਜਲਾਸ ਵਿਚ ਗਾਂਧੀ ਨੇ ਕਿਹਾ ਸੀ ਕਿ ਸਮਝੌਤੇ ਦਾ ਦਰਵਾਜ਼ਾ ਹੁਣ ਵੀ ਖੁਲ੍ਹਾ ਹੈ। ਇਸ ਦਾ ਮਤਲਬ ਇਹ ਸੀ ਕਿ ਉਹ ਪਹਿਲਾਂ ਜਾਣਦੇ ਸਨ ਕਿ ਉਨ੍ਹਾਂ ਦੀ ਲੜਾਈ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਵਿਚ ਹੋਵੇਗਾ। ਉਹ ਪੂਰੇ ਦਿਲ ਨਾਲ ਆਜ਼ਾਦੀ ਦੀ ਘੋਸ਼ਣਾ ਨਹੀਂ ਕਰ ਰਹੇ ਸਨ। ਅਸੀਂ ਇਸ ਨੂੰ ਦਿਲੋਂ ਨਫ਼ਰਤ ਕਰਦੇ ਹਾਂ।

ਇਸ ਮਕਸਦ ਲਈ ਸਮਾਜਕ ਤਬਦੀਲੀ ਲਿਆਉਣ ਲਈ ਨੌਜਵਾਨਾਂ ਨੂੰ ਮੈਦਾਨ ਵਿਚ ਨਿਤਰਨਾ ਚਾਹੀਦਾ ਹੈ। ਲੀਡਰ ਤਾਂ ਦੇਸ਼ ਵਿਚ ਪਹਿਲਾਂ ਹੀ ਬਹੁਤ ਹਨ, ਸਾਡੇ ਦਲ ਨੂੰ ਲੀਡਰਾਂ ਦੀ ਜ਼ਰੂਰਤ ਨਹੀਂ। ਜੇ ਤੁਸੀਂ ਦੁਨੀਆਂਦਾਰ ਹੋ, ਬਾਲ ਬੱਚਿਆਂ ਵਾਲੇ ਹੋ ਤੇ ਗ੍ਰਹਿਸਤ ਵਿਚ ਫਸੇ ਹੋਏ ਹੋ ਤਾਂ ਸਾਡੇ ਰਾਹ ਤੇ ਨਾ ਆਉਣਾ। ਤੁਸੀਂ ਸਾਡੇ ਉਦੇਸ਼ ਨਾਲ ਹਮਦਰਦੀ ਰਖਦੇ ਹੋ ਤਾਂ ਹੋਰ ਤਰੀਕਿਆਂ ਨਾਲ ਸਾਨੂੰ ਮਦਦ ਦਿਉ, ਸਖਤ ਮੁਸ਼ਕਲਾਂ ਵਿਚ ਰਹਿ ਸਕਣ ਵਾਲੇ ਸਾਥੀ ਹੀ ਇਸ ਅੰਦੋਲਨ ਨੂੰ ਅਗਾਂਹ ਖੜ ਸਕਦੇ ਹਨ। ਇਹ ਜ਼ਰੂਰੀ ਨਹੀਂ ਕਿ ਸਾਡੀ ਪਾਰਟੀ ਚੋਰੀ ਛਿਪੇ ਹੀ ਕੰਮ ਕਰੇ। ਸਾਨੂੰ ਨੌਜਵਾਨਾਂ ਲਈ ਅਧਿਅਨ ਕੇਂਦਰ (Study Circle) ਖੋਹਲਣੇ ਚਾਹੀਦੇ ਹਨ। ਪੈਂਫਲਿਟ, ਕਿਤਾਬਚੇ, ਭਾਸ਼ਨਾਂ ਤੇ ਗਲਬਾਤ ਰਾਹੀਂ ਹਰ ਇਕ ਥਾਂ ਤੇ ਸਾਨੂੰ ਆਪਣੇ ਖਿਆਲਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

### ਸੈਨਿਕ ਵਿਭਾਗ—

ਸਾਡੇ ਦਲ ਦਾ ਇਕ ਸੈਨਿਕ ਵਿਭਾਗ ਜ਼ਰੂਰ ਹੋਣਾ ਚਾਹੀਦਾ ਹੈ। ਕਦੀ ਕਦੀ ਇਸ ਦੀ ਬਹੁਤ ਜ਼ਰੂਰਤ ਪੈ ਜਾਂਦੀ ਹੈ। ਇਸ ਬਾਰੇ ਮੈਂ ਆਪਣਾ ਖਿਆਲ ਜ਼ਿਆਦਾ ਸਾਫ਼ ਕਰ ਦੇਣਾ ਚਾਹੁੰਦਾ ਹਾਂ। ਮੈਂ ਜੋ ਕੁਝ ਕਹਿਣਾ ਚਾਹੁੰਦਾ ਹਾਂ, ਉਸ ਵਿਚ ਗਲਤ ਫ਼ਹਿਮੀ ਲਈ ਥਾਂ ਨਹੀਂ ਹੈ। ਪਰ ਤੁਸਾਂ ਮੇਰੇ ਸ਼ਬਦਾਂ ਅਤੇ ਵਾਕਾਂ ਦਾ ਕੋਈ ਡੂੰਘਾ ਅਰਥ ਨਾ ਕੱਢਣਾ।

ਇਹ ਗੱਲ ਪ੍ਰਸਿੱਧ ਹੈ ਕਿ ਮੈਂ ਤਸ਼ਦਦ ਪਸੰਦ (Terrorist) ਰਿਹਾ ਹਾਂ। ਪਰ ਮੈਂ ਤਸ਼ਦਦ ਪਸੰਦ ਨਹੀਂ ਹਾਂ। ਮੈਂ ਇਕ ਕ੍ਰਾਂਤੀਕਾਰੀ ਹਾਂ, ਜਿਸ ਦੇ ਕੁਝ ਨਿਸ਼ਚਿਤ ਵਿਚਾਰ ਅਤੇ ਆਦਰਸ਼ ਹੁੰਦੇ ਹਨ। ਜਿਸ ਦੇ ਸਾਹਮਣੇ ਇਕ ਲੰਮਾ ਪਰੋਗਰਾਮ ਹੈ। ਮੈਨੂੰ ਇਹ ਦੋਸ਼ ਦਿਤਾ ਜਾਵੇਗਾ, ਜਿਵੇਂ ਕਿ ਰਾਮ ਪ੍ਰਸਾਦ ਬਿਸਮਿਲ ਨੂੰ ਦਿੰਦੇ ਹਨ ਕਿ ਫ਼ਾਂਸੀ ਦੀ ਕਾਲ ਕੋਠੜੀ ਵਿਚ ਪਏ ਰਹਿਣ ਨਾਲ ਮੇਰੇ ਵਿਚਾਰਾਂ ਵਿਚ ਵੀ ਕੋਈ ਤਬਦੀਲੀ ਆ ਗਈ ਹੈ. ਪਰ ਇਹੋ ਜਿਹੀ ਗੱਲ ਨਹੀਂ ਹੈ, ਮੇਰੇ ਵਿਚਾਰ ਹੁਣ ਵੀ ਉਹੀ ਹਨ। ਮੇਰੇ ਦਿਲ ਵਿਚ ਹੁਣ ਵੀ ਉਸੇ ਤਰ੍ਹਾਂ ਉਤਸ਼ਾਹ ਹੈ ਅਤੇ ਉਹੀ ਆਦਰਸ਼ ਹੈ ਜੋ ਜੇਲ ਤੋਂ ਬਾਹਰ ਸੀ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਅਸੀਂ ਬੰਬ ਨਾਲ ਕੋਈ ਲਾਭ ਨਹੀਂ ਪ੍ਰਾਪਤ ਕਰ ਸਕਦੇ। ਇਹ ਗੱਲ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ ਦੇ ਇਤਿਹਾਸ ਤੋਂ ਸੌਖ ਨਾਲ ਮਲੂਮ ਹੋ ਜਾਂਦੀ ਹੈ। ਬੰਬ ਸੁਟਣਾ ਨਾ ਸਿਰਫ਼ ਬੇਫ਼ਾਇਦਾ ਹੈ, ਸਗੋਂ ਬਹੁਤ ਵਾਰੀ ਨੁਕਸਾਨਦੇਹ ਵੀ ਹੈ। ਇਸ ਦੀ ਜ਼ਰੂਰਤ ਕਿਸੇ ਹਾਲਤ ਵਿਚ ਵੀ ਪੈਂਦੀ ਹੈ, ਸਾਡਾ ਮਕਸਦ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਕ-ਮੁੱਠ ਕਰਨਾ ਹੈ, ਸੈਨਿਕ ਵਿਭਾਗ ਯੁੱਧ ਦੇ ਸਮਾਨ ਨੂੰ ਕਿਸੇ ਖ਼ਾਸ ਮੌਕੇ ਲਈ ਇਕੱਠਾ ਕਰਦਾ ਰਹੇਗਾ।

ਹਾਂ! ਜੇ ਇਸ ਤਰ੍ਹਾਂ ਹੀ ਕੋਸ਼ਿਸ਼ ਕਰਦੇ ਜਾਵਾਂਗੇ, ਤਾਂ ਕਿਤੇ ਜਾ ਕੇ ਸਵਰਾਜ ਦੀ ਪ੍ਰਾਪਤੀ ਜੇ ਇਕ ਸਾਲ ਵਿਚ ਨਹੀਂ ਤਾਂ ਇਕ ਦਿਨ ਮਹਾਨ ਕੁਰਬਾਨੀ ਅਤੇ ਤਿਆਗ ਦੀ ਸਖ਼ਤ ਪਰੀਖਿਆ 'ਚੋਂ ਲੰਘਣ ਬਾਅਦ ਜ਼ਰੂਰ ਜੇਤੂ ਹੋਵਾਂਗੇ।

ਭਗਤ ਸਿੰਘ

"ਇਨਕਲਾਬ ਜ਼ਿੰਦਾਬਾਦ!"

## ਚਾਨਣ

ਸਾਧੂ

ਖ਼ੁਦ ਹੀ ਤਾਂ ਕਹਿੰਦੇ ਰਹੇ ਹੋ
ਸਾਡਾ ਧਰਮ ਨਵਾਂ
ਸਭ ਤੋਂ ਨਰੋਆ
ਅੱਜ ਦੀ ਵਿਗਿਆਨਕ ਸੋਚ ਦਾ ਪ੍ਰਤੀਕ
ਸਾਡੇ ਗੁਰੂਆਂ
ਵਹਿਮਾਂ ਭਰਮਾਂ ਦੇ ਪੜਦੇ ਲਾਹੇ
'ਮਿਟੀ ਧੁੰਦ ਜੱਗ ਚਾਨਣ ਹੋਆ'
ਤੇ ਮੈਂ ਇਹ ਚਾਨਣ ਹੱਥਾਂ 'ਚ ਲਈ
ਜਦ ਕਦੀ ਵੀ ਲੱਖਾਂ ਕਿਤਾਬਾਂ ਵਾਲੇ ਘਰੀਂ ਗਿਆ
ਸੋਚ ਦੀ ਮਿਸ਼ਾਲ ਚੁੱਕੀ ਜਾਂਦੇ
ਅਣਗਿਣਤ ਖਿਡਾਰੀ ਦੇਖੇ
ਜਿਹਨਾਂ ਸਮੁੰਦਰਾਂ ਦੇ ਜਿਸਮਾਂ ਦੀ
ਤੇ ਜਿਸਮਾਂ ਦੇ ਸਮੁੰਦਰਾਂ ਦੀ ਹਰ ਨਾੜ ਟੋਹੀ
ਪੁਲਾੜ ਵਿਚ ਹਰ ਤਾਰੇ ਨਾਲ ਅੱਖ ਮਿਲਾਈ
ਹਰ ਹਨੇਰੀ ਨੁੱਕਰ 'ਚ ਚਾਨਣ ਖਿਲਾਰਿਆ
ਮੈਂ ਵਿਗਿਆਨ ਦੇ ਤੱਪੜ 'ਤੇ ਉਡਦਾ
ਚੰਦ 'ਤੇ ਤੁਰਨ ਵਾਲਿਆਂ ਦੇ ਨਾਲ ਵੀ ਗਿਆ
ਉਹਨਾਂ ਨੂੰ ਟਪੂਸੀਆਂ ਮਾਰ ਤੁਰਦਿਆਂ ਦੇਖ
ਆਪਣੇ ਬੱਚੇ ਦੇ ਪਹਿਲੇ ਪੁੱਟੇ
ਕਦਮਾਂ ਜਿੰਨੀ ਖ਼ੁਸ਼ੀ ਆਈ
ਮੈਂ ਗਦ ਗਦ ਹੋ ਗਿਆ
ਜਾਣੋਂ ਸਭ ਸੱਚ ਮੰਨ ਲਿਆ
ਬੱਚੇ ਨੂੰ ਗੋਦੀ ਬਿਠਾ –
ਹਿੱਕ ਚੌੜੀ ਕਰਕੇ ਕਿਹਾ:
ਮੇਰੇ ਲਾਲ ਤੂੰ ਰੱਜ ਰੱਜ ਜ਼ਿੰਦਗੀ ਮਾਣੇਂਗਾ
ਹੁਣ ਗੱਲ ਇੰਨੀ ਸੌਖੀ ਹੱਦ ਤੀਕ ਵਧ ਗਈ ਹੈ
ਹੁਣ ਧਰਮ ਨੂੰ ਕਦੀ ਖ਼ਤਰਾ ਨਹੀਂ ਹੋਵੇਗਾ
ਧਰਮ ਮਨ ਦੀ ਸ਼ਾਂਤੀ ਦਾ ਨਿਸ਼ਾਨ ਹੈ
ਵਿਗਿਆਨ ਤੋਂ ਪਹਿਲਾ ਗਿਆਨ ਹੈ
ਤੇ ਸਾਡਾ ਧਰਮ ਤਾਂ ਖ਼ੁਦ ਹੀ ਵਿਗਿਆਨ ਹੈ
ਵਿਗਿਆਨ ਨੂੰ ਕਦੀ ਨਾ ਕੋਈ ਖ਼ਤਰਾ
ਹੁਣ ਮਜ਼ਹਬ ਦੀ ਤਲਵਾਰ –
ਬੂੰਦ ਬੂੰਦ ਖ਼ੂਨ ਨੂੰ ਤਰਸੇਗੀ
ਕੋਈ ਸੰਤਾਲੀ ਮੁੜ ਨਹੀਂ ਚੜ੍ਹੇਗਾ।

ਹੁਣ ਜਦੋਂ ਮੈਂ ਆਪਣੇ ਬੱਚੇ ਨੂੰ
ਇਹ ਸਭ ਕੁਝ ਦੱਸ ਚੁੱਕਾ ਹਾਂ
ਤੁਸੀਂ ਕਹਿੰਦੇ ਹੋ ਕਿ ਮੈਂ ਗ਼ੱਦਾਰ ਹਾਂ
ਮੈਨੂੰ 'ਸੋਧ' ਕੇ ਆਪਣੇ ਗੁਰੂ ਨੂੰ ਖ਼ੁਸ਼ ਕਰੋਗੇ
ਜਿਹਦੇ ਸ਼ਬਦਾਂ ਦੇ ਜਲੌਅ ਨਾਲ
ਧੁੰਦ ਮਿਟੀ ਸੀ ਤੇ ਜੱਗ ਚਾਨਣ ਹੋਇਆ ਸੀ
ਮੇਰੀਆਂ ਅੱਖਾਂ ਕੱਢ ਕੇ ਉਹਨੂੰ ਪੇਸ਼ ਕਰੋਗੇ?

• (BURNABY, B.C.)

# S&S Insurance SERVICES



ਹਰਦੇਵ ਗਿੱਲ 590-2058

IN PUNJABI MARKET
6658 - MAIN STREET,
VANCOUVER, B.C.
TEL: 324-2311



ਦਲਜੀਤ ਸਿੱਧੂ 324-2311

**GET YOUR** Autoplan **AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ।

*Enquire about Added Autoplan Protection Benefits from us:*
- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT



The shop where you can get all kinds of Fabrics!

## PRINCE FABRICS

372 - Anderson Drive
Quesnel, B.C.
V2J 1G2

Bus: (604) 992-3319
Res: (604) 992-5108
Jagdish Puri

* *We make to measure Salwar - Kamiz - Lehnga*
* *Also in gents wear Pants, Shirts, Coats, etc.*
* *Mail order accepted*



EYE EXAMINATIONS ARRANGED



## SOFT CONTACT LENS SALE

NOW $119^{00}
ALL FITTING FEES INCLUDED

If you've ever wanted to wear contact lenses, here's your opportunity! These first quality soft contact lenses are super comfortable, simple and safe to wear.

Bring us your prescription (or ask us to arrange an eye examination) and be expertly fitted by our qualified staff. You'll be surprised how quickly you can adapt to wearing soft contact lenses!

## EXTENDED WEAR CONTACT LENS $219^{00}

## Campus Eye Center

11151-87 Ave. 432-1372

### ਜੰਗ-ਬਾਜ਼ਾਂ ਦੇ ਮਨਸੂਬਿਆਂ ਵਿਚ ਕੈਨੇਡਾ ਵੀ ਸ਼ਾਮਲ

# ਕੈਨੇਡਾ ਦੀ ਧਰਤੀ ਉੱਪਰ ਅਮਰੀਕਣ ਮਿਸਾਈਲਾਂ

ਸਤਵੰਤ

ਅੱਜ ਸੰਸਾਰ ਉੱਪਰ ਤੀਜੀ ਅਤੇ ਸ਼ਾਇਦ ਆਖ਼ਰੀ ਵੱਡੀ ਜੰਗ ਦੇ ਮਾਰੂ ਬੱਦਲ ਛਾਏ ਹੋਏ ਹਨ। ਸਾਮਰਾਜੀ ਤਾਕਤਾਂ ਵਿਚ ਦੁਨੀਆਂ ਵਿਚ ਆਪੋ ਆਪਣੀਆਂ ਮੰਡੀਆਂ ਸਥਾਪਤ ਕਰਨ ਲਈ ਸ਼ਰੀਕਾ-ਭੇੜ ਚੱਲ ਰਿਹਾ ਹੈ। ਬਹੁਤ ਸਾਰੇ ਵੱਡੇ ਛੋਟੇ ਦੇਸ਼ ਮਾਰੂ ਯੁਧਨੀਤਕ ਹਥਿਆਰਾਂ ਦੀ ਦੌੜ ਵਿਚ ਪਾਗਲਪਨ ਹੱਦ ਤੀਕ ਜੁਟੇ ਹੋਏ ਹਨ। ਅਮਰੀਕਾ ਅਤੇ ਰੂਸ – ਦੋਹੇਂ ਮਹਾਂ-ਸ਼ਕਤੀਆਂ ਵੱਲੋਂ ਇਸ ਸੰਸਾਰ ਨੂੰ ਹਜ਼ਾਰਾਂ ਵਾਰ ਤਬਾਹ ਕਰਨ ਜੋਗ ਪ੍ਰਮਾਣੂ ਅਤੇ ਰਵਾਇਤੀ ਹਥਿਆਰ ਤਿਆਰ ਕਰ ਲਏ ਗਏ ਹਨ। ਤਾਕਤ ਦੇ ਅਸੰਤੁਲਨ ਕਰਕੇ ਕਈ ਹੋਰ ਦੇਸ਼ਾਂ ਦੀਆਂ ਸਰਕਾਰਾਂ ਵੀ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਬਜਾਇ ਹਥਿਆਰਾਂ ਦੀ ਜ਼ਖੀਰੇਬਾਜ਼ੀ ਵਿਚ ਜੁਟੀਆਂ ਹੋਈਆਂ ਹਨ। ਅੱਜ ਸੰਸਾਰ ਦੇ ਅਨੇਕਾਂ ਹਿੱਸਿਆਂ ਵਿਚ ਭੁੱਖ, ਕਾਲ, ਘੋਰ ਗਰੀਬੀ, ਬੀਮਾਰੀ ਆਦਿ ਕਰਕੇ ਲੱਖਾਂ ਲੋਕ ਮਰ ਰਹੇ ਹਨ ਜਾਂ ਮਰਨ ਵਰਗੀ ਹਾਲਤ ਵਿਚ ਹਨ, ਦੂਜੇ ਪਾਸੇ ਜੰਗੀ ਤਿਆਰੀਆਂ ਉਤੇ ਅਥਾਹ ਪੈਸਾ ਵਹਾਇਆ ਜਾ ਰਿਹਾ ਹੈ। ਅੱਜ ਸੰਸਾਰ ਵਿਚ ਇਕ ਮਿੰਟ ਵਿਚ 30 ਬੱਚੇ ਚੰਗੀ ਖੁਰਾਕ ਅਤੇ ਦਵਾਈ ਖੁਣੋਂ ਮਰ ਰਹੇ ਹਨ, ਦੂਜੇ ਪਾਸੇ ਸੰਸਾਰ ਦਾ 1040 ਕਰੋੜ ਰੁਪਇਆ ਹਰ ਮਿੰਟ ਜੰਗੀ ਸਮਾਨ ਉਤੇ ਖਰਚ ਕੀਤਾ ਜਾ ਰਿਹਾ ਹੈ।

ਸਰਬ-ਵਿਨਾਸ਼ਕ ਸੰਸਾਰ ਜੰਗ ਦੇ ਸੰਦਰਭ ਵਿਚ ਪ੍ਰਮਾਣੂ ਹਥਿਆਰ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਹੇ ਹਨ। 6 ਅਗਸਤ 1945 ਨੂੰ ਹੀਰੋਸ਼ੀਮਾ (ਜਾਪਾਨ) ਉੱਤੇ ਅਮਰੀਕਾ ਵੱਲੋਂ ਪਹਿਲਾ ਪ੍ਰਮਾਣੂ ਬੰਬ ਸੁੱਟਿਆ ਗਿਆ, ਜਿਸ ਨਾਲ ਇਕ ਲੱਖ ਤੋਂ ਉੱਪਰ ਲੋਕ ਮਾਰੇ ਗਏ। ਜਿਹੜੇ ਲੋਕ ਬਚ ਗਏ ਉਹ ਅਤੇ ਉਸ ਇਲਾਕੇ ਵਿਚ ਪੈਦਾ ਹੋਣ ਵਾਲੇ ਲੋਕਾਂ ਉਤੇ ਪ੍ਰਮਾਣੂ ਧਮਾਕੇ ਦੇ ਬਾਅਦ ਦੇ ਅਸਰਾਂ ਦਾ ਪ੍ਰਭਾਵ ਹੈ। ਪ੍ਰਮਾਣੂ ਦੀ ਤਬਾਹ-ਕੁਨ ਸ਼ਕਤੀ ਦੀ ਖੋਜ ਲੱਭਣ ਵਾਲੇ ਵਿਗਿਆਨੀ ਐਲਬਰਟ ਆਇਨਸਟਾਈਨ ਨੇ ਖ਼ੁਦ ਮੰਨਿਆ ਸੀ ਕਿ ਇਹ ਖੋਜ ਕਰਕੇ ਉਹ ਮਨੁੱਖ ਨਾ ਰਹਿ ਕੇ ਸੰਸਾਰ ਦੀ ਤਬਾਹੀ ਦਾ ਦੇਵਤਾ ਬਣ ਗਿਆ ਹੈ। ਪ੍ਰਮਾਣੂ-ਯੁਗ ਵਿਚ ਸੰਸਾਰ ਇਕ ਹੋਰ ਵੀ ਭਿਆਨਕ ਪੜਾ ਤੇ ਆਣ ਪਹੁੰਚਿਆ ਹੈ – ਇਹ ਪੜਾਅ ਹੈ ਕਰੂਜ਼ ਮਿਸਾਈਲਾਂ ਦਾ ਯੁੱਗ। ਪ੍ਰਮਾਣੂ ਕਰੂਜ਼ ਮਿਸਾਈਲਾਂ ਦੇ ਇਸ ਦੌਰ ਨੇ ਸੰਸਾਰ ਉਤੇ ਅਮਨ ਦੀ ਘਟ ਰਹੀ ਆਸ ਨੂੰ ਹੋਰ ਵੀ ਘਟਾਇਆ ਹੈ। ਦੋਨੋ ਮਹਾਂ-ਸ਼ਕਤੀਆਂ ਵੱਲੋਂ ਕਰੂਜ਼ ਮਿਸਾਈਲਾਂ ਅਤੇ ਬੰਬਰ ਜਹਾਜ਼ਾਂ ਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਤਾਇਨਾਤ ਕੀਤਾ ਜਾ ਰਿਹਾ ਹੈ, ਭਾਵੇਂ ਰਸਮੀ ਤੌਰ 'ਤੇ ਇਨ੍ਹਾਂ ਹਥਿਆਰਾਂ ਨੂੰ ਘਟਾਉਣ ਅਤੇ ਪਾਬੰਦੀ ਲਗਾਉਣ ਲਈ ਸਮਝੌਤਾ-ਵਾਰਤਾਵਾਂ ਚੱਲ ਰਹੀਆਂ ਹਨ। ਇਹਨਾਂ ਹੀ ਕਰੂਜ਼ ਮਿਸਾਈਲਾਂ ਨੂੰ ਕੈਨੇਡਾ ਦੀ ਧਰਤੀ, ਕੋਲਡ ਲੇਕ (ਅਲਬਰਟਾ) ਵਿਚ ਟੈਸਟ ਕਰਵਾ ਕੇ ਕੈਨੇਡਾ ਦੀ ਸਰਕਾਰ ਦੇ 'ਨਿਰਪੱਖਤਾ' ਅਤੇ 'ਅਮਨ-ਪਸੰਦ ਦੇਸ਼' ਵਾਲੇ ਸੰਕਲਪ ਨੂੰ ਹਰਜਾ ਪਹੁੰਚਿਆ ਹੈ। ਸ੍ਰੀ ਟਰੂਡੋ ਦੀ ਲਿਬਰਲ ਸਰਕਾਰ ਸਮੇਂ ਜਨਮੀ ਅਤੇ ਜਵਾਨ ਹੋ ਕੇ ਸ੍ਰੀ ਬਰਾਇਨ ਮਲਰੂਨੀ ਦੀ ਪਰੋਗਰੈਸਿਵ ਕਨਜ਼ਰਵੇਟਿਵ ਸਰਕਾਰ ਦੇ ਰਾਜ-ਕਾਲ ਦੌਰਾਨ ਪਰਵਾਨ ਚੜ੍ਹੀ ਇਸ ਸਾਜਿਸ਼ ਨੇ ਸੰਸਾਰ ਨੂੰ ਹੋਰ ਤਬਾਹੀ ਵਾਲੇ ਪਾਸੇ ਧੱਕਿਆ ਹੈ। ਸਰਕਾਰ ਅਤੇ ਮੀਡੀਏ ਵੱਲੋਂ ਇਸ ਟੈਸਟ ਦੀ ਕੌਮੀ-ਹਿਤਾਂ ਲਈ ਜ਼ਰੂਰਤ ਦੱਸ ਕੇ ਅਸਲੀ ਨੀਅਤ ਨੂੰ ਛੁਪਾਇਆ ਜਾ ਰਿਹਾ ਹੈ। ਆਮ ਲੋਕਾਂ ਨੂੰ ਇਹਨਾਂ ਦੀ ਤਬਾਹਕੁਨ ਸਮਰੱਥਾ ਬਾਰੇ ਕੁੱਝ ਨਹੀਂ ਦੱਸਿਆ ਜਾ ਰਿਹਾ। ਅੱਜ ਸੰਸਾਰ ਦੇ ਹਰ ਕੋਨੇ, ਖਾਸ ਕਰਕੇ ਯੂਰਪ ਵਿਚ ਦੋਹਾਂ ਮਹਾਂ-ਸ਼ਕਤੀਆਂ ਵੱਲੋਂ ਕਰੂਜ਼ ਮਿਸਾਈਲਾਂ ਨੂੰ ਇਕ ਦੂਜੇ ਦੇ ਵਿਰੁੱਧ ਤਾਇਨਾਤ ਕੀਤਾ ਹੋਇਆ ਹੈ ਅਤੇ ਸਾਰੀ ਦੁਨੀਆਂ ਵਿਚ ਇਹਨਾਂ ਦੀ ਮੌਜੂਦਗੀ ਦਾ ਫਿਕਰ ਵਧ ਰਿਹਾ ਹੈ। ਇਸ ਲੇਖ ਵਿਚ ਅਸੀਂ ਕਰੂਜ਼ ਮਿਸਾਈਲਾਂ, ਇਹਨਾਂ ਦੀ ਤਬਾਹਕੁਨ ਸਮਰੱਥਾ, ਕੈਨੇਡਾ ਸਰਕਾਰ ਦਾ ਰੋਲ ਅਤੇ ਇਨ੍ਹਾਂ ਦੀ ਪਾਬੰਦੀ ਲਈ ਉੱਠ ਰਹੇ ਲੋਕ-ਰੋਹ ਬਾਰੇ ਚਰਚਾ ਕਰਾਂਗੇ।

**ਕਰੂਜ਼ ਮਿਸਾਈਲ ਹੈ ਕੀ?** ਸਾਧਾਰਨ ਵੇਖਣ ਨੂੰ ਤਾਂ ਕਰੂਜ਼ ਮਿਸਾਈਲ ਇਕ ਸਾਧਾਰਨ ਛੋਟੇ ਇੰਜਣ ਨਾਲ ਚੱਲਣ ਵਾਲਾ, ਬਿਨ-ਚਾਲਕ, ਆਵਾਜ਼ ਦੀ ਗਤੀ ਤੋਂ ਘੱਟ ਰਫ਼ਤਾਰ ਨਾਲ ਚੱਲਣ ਵਾਲਾ ਛੋਟੇ ਖੰਭਾਂ ਵਾਲਾ ਜਹਾਜ਼ ਹੁੰਦੀ ਹੈ। ਤਕਰੀਬਨ 21 ਫੁੱਟ ਲੰਬਾਈ ਅਤੇ 2 ਫੁਟ ਘੇਰੇ ਦੇ ਆਕਾਰ ਵਾਲੀ ਇਹ ਤਕਰੀਬਨ 450 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉੱਡ ਸਕਦੀ ਹੈ। ਪਰ ਇਹਨਾਂ ਦੀ ਨਿਸ਼ਾਨੇਬਾਜ਼ੀ ਏਨੀ ਦਰੁੱਸਤ ਹੁੰਦੀ ਹੈ ਕਿ 1500 ਮੀਲ ਦਾ ਪੈਂਡਾ ਤੈਅ ਕਰਕੇ ਵੀ ਇਹ ਆਪਣੇ ਨਿਸ਼ਾਨੇ ਦੇ ਸੌ ਗਜ਼ ਘੇਰੇ ਵਿਚ ਮਾਰ ਕਰ ਸਕਦੀ ਹੈ। ਇਹਨਾਂ ਨੂੰ ਹਵਾਈ-ਜਹਾਜ਼, ਪਣਡੁੱਬੀ, ਸਮੁੰਦਰੀ ਜਹਾਜ਼ ਜਾਂ ਧਰਤੀ ਉਪਰੋਂ ਕਿਸੇ ਵੀ ਪਲੈਟਫਾਰਮ ਤੋਂ ਚਲਾਇਆ ਜਾ ਸਕਦਾ ਹੈ। ਕਿਉਂਕਿ ਇਨ੍ਹਾਂ ਦਾ ਇੰਜਣ ਬਹੁਤ ਛੋਟਾ ਹੁੰਦਾ ਹੈ, ਇਸ ਦਾ ਨਿਕਾਸੀ ਧੂੰਆ ਠੰਡਾ ਅਤੇ ਨਾਂਮਾਤਰ ਹੋਣ ਕਰਕੇ ਇਹ ਆਮ ਰੇਡਾਰ ਦੀ ਪਕੜ ਵਿਚ ਨਹੀਂ ਆਉਂਦੀਆਂ। ਇਕ ਕਰੂਜ਼ ਮਿਸਾਈਲ ਨੂੰ ਬਣਾਉਣ ਲਈ ਤਕਰੀਬਨ ਦੋ ਮਿਲੀਅਨ ਡਾਲਰ ਖਰਚ ਆਉਂਦਾ ਹੈ ਅਤੇ ਇਹਨਾਂ ਵਿਚ 200-250 ਕਿਲੋ ਟਨ ਅਸਲਾ ਲੈ ਕੇ ਉੱਡਣ ਦੀ ਸਮਰੱਥਾ ਹੈ।

ਆਪਣੇ ਸਫ਼ਰ ਦੌਰਾਨ ਇਸ ਨੂੰ ਇਕ ਸੀਮਤ ਹਵਾਈ ਰਸਤੇ 'ਤੇ ਰੱਖਣ ਲਈ ਇਸ ਵਿਚ ਇਕ ਸਾਧਕ ਯੰਤਰ ਲੱਗਾ ਹੁੰਦਾ ਹੈ ਜਿਸ ਨੂੰ ਇੰਨਰਸ਼ੀਅਲ ਗਾਈਡਿੰਗ ਸਿਸਟਮ (INERTIAL GUIDING SYSTEM) ਆਖਦੇ ਹਨ। ਇਸ ਵਿਚ ਇਕ ਕੰਪਿਊਟਰ ਫਿੱਟ ਕੀਤਾ ਹੁੰਦਾ ਹੈ ਜਿਸ ਵਿਚ ਕਰੂਜ਼ ਮਿਸਾਈਲ ਦੇ ਰਸਤੇ ਸਬੰਧੀ ਹਰ ਜਾਣਕਾਰੀ ਜਿਵੇਂ ਕਿ ਪਹਾੜ, ਸਮੁੰਦਰ, ਉਚਾਈ, ਹੋਰ ਰੁਕਾਵਟਾਂ ਅਤੇ ਧਰਤੀ ਸਬੰਧੀ ਜਾਣਕਾਰੀ, ਦੁਸ਼ਮਣ ਦੇ ਰੇਡਾਰ ਸਟੇਸ਼ਨ ਆਦਿ ਪਹਿਲਾਂ ਹੀ ਰੀਕਾਰਡ ਕੀਤੀ ਜਾਂਦੀ ਹੈ। ਆਪਣੇ ਸਫ਼ਰ ਦੌਰਾਨ ਵੱਖ ਵੱਖ ਪੜਾਵਾਂ (CHECK POINTS) 'ਤੇ ਪਹੁੰਚ ਕੇ ਇਸ ਵਿਚਲਾ ਰੇਡਾਰ ਉਸ ਪੜਾ ਸਬੰਧੀ ਸਾਰੀ ਜਾਣਕਾਰੀ ਨੂੰ ਮਾਪ ਕੇ ਅਸਲੀ ਸਥਿਤੀ ਨੂੰ ਕੰਪਿਊਟਰ ਵਾਲੀ ਜਾਣਕਾਰੀ ਨਾਲ ਮਿਲਾਉਂਦਾ ਹੈ। ਜੇ ਕਰ ਲੋੜ ਪਵੇ ਤਾਂ ਕੰਪਿਊਟਰ ਸਿਸਟਮ ਉਸ ਵਿਚ ਸੋਧ ਕਰ ਦਿੰਦਾ ਹੈ ਅਤੇ ਇਸ ਤਰਾਂ ਇਕ ਪੜਾਅ ਤੋਂ ਦੂਜੇ ਪੜਾਅ ਤੱਕ ਇਸਦਾ ਸੁਰੱਖਿਅਤ ਸਫ਼ਰ ਜਾਰੀ ਰਹਿੰਦਾ ਹੈ। ਕਿਉਂਕਿ ਇਹਨਾਂ ਵਿਚ ਕੋਈ ਚਾਲਕ ਨਹੀਂ ਹੁੰਦਾ ਇਸ ਕਰਕੇ ਸਾਰਾ ਕੰਟਰੋਲ ਦੂਰੋਂ (REMOTE) ਹੀ ਕੀਤਾ ਜਾਂਦਾ ਹੈ। ਇਸ ਦੇ ਕੰਪਿਊਟਰ ਸਿਸਟਮ ਵਿਚ ਲੱਗਾ ਯੰਤਰ TERCOM (TERRAIN CONTOUR MATCHING) ਇਸ ਨੂੰ ਬਹੁਤ ਘੱਟ ਉਚਾਈ, ਜਿਵੇਂ ਕਿ ਸਮੁੰਦਰ ਉਤੋਂ 20 ਗਜ਼ ਅਤੇ ਪਹਾੜੀ ਇਲਾਕੇ ਵਿਚ ਸੌ ਗਜ਼ ਦੀ ਉਚਾਈ 'ਤੇ ਉੱਡਣ ਦੇ ਜੋਗ ਬਣਾ ਦਿੰਦਾ ਹੈ। ਇਸ ਘੱਟ ਉਚਾਈ 'ਤੇ ਉਡਣ ਕਰਕੇ ਇਹ ਦੁਸ਼ਮਣ ਦੇ ਰੇਡਾਰ ਦੀ ਪਕੜ ਵਿਚ ਨਹੀਂ ਆਉਂਦੀ। ਇਸੇ ਕੰਪਿਊਟਰ ਸਿਸਟਮ ਨੇ ਹੀ ਇਸ ਨੂੰ ਕਿਸੇ ਅਚਾਨਕ ਰੁਕਾਵਟ, ਰੇਡਾਰ ਸਟੇਸ਼ਨ ਅਤੇ ਦੁਸ਼ਮਣ ਦੀਆਂ ਫੌਜੀ ਚੌਕੀਆਂ ਤੋਂ ਪਾਸੇ ਪਾਸੇ ਨਿਕਲ ਜਾਣ ਦੇ ਜੋਗ ਬਣਾ ਦਿੱਤਾ ਹੈ।

**ਸੰਖੇਪ ਇਤਿਹਾਸ :** ਦੁਨੀਆਂ ਦੀ ਸਭ ਤੋਂ ਪਹਿਲੀ ਕਰੂਜ਼ ਮਿਸਾਈਲ ਜਰਮਨੀ V-1 "ਬਜ਼ ਬੰਬ" (BUZZ BOMB) ਇਕ ਛੋਟੇ ਤੇ ਸਾਧਾਰਨ ਜਿਹੇ ਇੰਜਣ ਨਾਲ ਚੱਲਣ ਵਾਲੇ ਖੰਭਾਂ ਵਾਲੇ ਬੰਬ ਤੋਂ ਵੱਧ ਕੁੱਝ ਨਹੀਂ ਜਾਪਦੀ ਸੀ। ਪਰ ਇਸ ਦੀ ਵਿਨਾਸ਼ ਸ਼ਕਤੀ ਵੱਡੇ ਵੱਡੇ ਮਿਲਟਰੀ ਹਥਿਆਰਾਂ ਅਤੇ ਹੋਰ ਬੰਬਾਂ ਨਾਲੋਂ ਕਈ ਗੁਣਾ ਵੱਧ ਸੀ। ਪ੍ਰਮਾਣੂ ਮਿਸਾਈਲਾਂ ਨੂੰ ਅਮਰੀਕਾ ਅਤੇ ਰੂਸ ਨੇ ਤਕਰੀਬਨ 1950 ਤੋਂ ਵਰਤਣਾ ਸ਼ੁਰੂ ਕੀਤਾ ਹੈ।

ਸ਼ੁਰੂ ਸ਼ੁਰੂ ਵਿਚ ਬਣੀਆਂ ਅਮਰੀਕਣ ਮਿਸਾਈਲਾਂ ਆਕਾਰ ਵਿਚ ਵੱਡੀਆਂ, ਨੁਕਸਦਾਰ ਅਤੇ ਭਰੋਸੇਯੋਗ ਨਹੀਂ ਸਨ ਇਸ ਕਰਕੇ ਅਮਰੀਕਾ ਦੀ ਸਰਕਾਰ ਨੇ ਛੇਤੀ ਹੀ ਇਹਨਾਂ ਦਾ ਉਤਪਾਦਨ ਬੰਦ ਕਰ ਦਿੱਤਾ। ਪਰ ਰੂਸ ਦੀ ਸਰਕਾਰ ਨੇ ਘੱਟ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਸਾਈਲਾਂ ਦਾ ਉਤਪਾਦਨ ਜਾਰੀ ਰੱਖਿਆ ਕਿਉਂਕਿ ਉਸ ਕੋਲ ਜੰਗੀ ਹਵਾਈ ਜਹਾਜ਼ਾਂ ਦੀ ਕਮੀ ਸੀ।

ਕਰੂਜ਼ ਮਿਸਾਈਲਾਂ ਦੀ ਇਸ ਆਧੁਨਿਕ ਰੂਪ ਵਿਚ ਪੁਨਰ-ਸੁਰਜੀਤੀ, ਇਨ੍ਹਾਂ ਦੀ ਦੂਰ ਤੱਕ ਮਾਰ ਕਰ ਸਕਣ ਦੀ ਸਮਰਥਾ ਅਤੇ ਉਚ-ਦਰਜੇ ਦੀ ਸੂਖਮਤਾ ਅਤੇ ਨਿਸ਼ਾਨੇ ਦੀ ਪਕਿਆਈ ਟੈਕਨਾਲੋਜੀ ਵਿਚ ਹੋ ਰਹੀ ਲਗਾਤਾਰ ਉਨਤੀ ਅਤੇ ਦੋਹਾਂ ਮਹਾਂ-ਸ਼ਕਤੀਆਂ ਦੇ ਇਕ ਦੂਜੇ ਨੂੰ ਵਿਨਾਸ਼ ਕਰਕੇ ਸੰਸਾਰ ਉਤੇ ਆਪਣਾ ਗਲਬਾ ਕਾਇਮ ਕਰਨ ਦੇ ਚੰਦਰੇ ਮਨਸੂਬਿਆਂ ਦਾ ਸਿੱਟਾ ਹੈ। ਅਜੇਹੀ ਇਕ ਕਰੂਜ਼ ਮਿਸਾਈਲ 'ਤੇ ਤਕਰੀਬਨ ਦੋ ਮਿਲੀਅਨ ਡਾਲਰ ਖਰਚ ਹੁੰਦਾ ਹੈ। ਇਸ ਤਰਾਂ ਆਪਣੇ ਛੋਟੇ ਪਰ ਠੋਸ ਆਕਾਰ, ਘੱਟ ਲਾਗਤ, ਸੂਖਮਤਾ ਅਤੇ ਬੇਇੰਤਹਾ ਮਾਰੂ ਸ਼ਕਤੀ ਹੋਣ ਕਰਕੇ ਦੋਹਾਂ ਦੇਸ਼ਾਂ ਵੱਲੋਂ ਮਿਸਾਈਲਾਂ ਦੇ ਭੰਡਾਰਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਅਮਰੀਕਾ ਵਿਚ ਅਜੇਹੀਆਂ ਮਿਸਾਈਲਾਂ ਦੇ ਉਤਪਾਦਨ ਦਾ ਕੰਮ 1972 ਵਿਚ ਸ਼ੁਰੂ ਹੋਇਆ, ਜਦੋਂ ਡੀਫੈਂਸ ਸੈਕਟਰੀ ਨੇ ਅਮਰੀਕਣ ਜਲ-ਸੈਨਾ (NAVY) ਨੂੰ ਰੂਸ ਅੰਦਰ ਮਾਰ ਕਰ ਸਕਣ ਵਾਲੀਆਂ ਮਿਸਾਈਲਾਂ ਤਿਆਰ ਕਰਨ ਦੀ ਸੰਭਾਵਨਾ ਬਾਰੇ ਪੁੱਛਿਆ। ਛੇਤੀ ਹੀ ਅਮਰੀਕਾ ਨੂੰ ਇਹ ਅਹਿਸਾਸ ਹੋ ਗਿਆ ਕਿ ਪ੍ਰਚੱਲਤ ਟੈਕਨਾਲੋਜੀ ਵਿਚ ਸੁਧਾਰ ਕਰਕੇ ਬਹੁਤ ਹੀ ਸੂਖਮ ਅਤੇ ਦੂਰ ਤੱਕ ਮਾਰ ਕਰਨ ਵਾਲੀਆਂ (LONG RANGE) ਕਰੂਜ਼ ਮਿਸਾਈਲਾਂ ਬਣਾਈਆਂ ਜਾ ਸਕਦੀਆਂ ਹਨ। 1977 ਵਿਚ B-1 ਬੰਬਾਰ ਜੰਗੀ ਜਹਾਜ਼ਾਂ ਦਾ ਉਤਪਾਦਨ ਬੰਦ ਕਰਕੇ ਅਮਰੀਕਾ ਨੇ ਇਹਨਾਂ ਦੇ ਉਤਪਾਦਨ ਉਤੇ ਪੂਰਾ ਜ਼ੋਰ ਦਿੱਤਾ। ਦੂਸਰੇ ਪਾਸੇ ਰੂਸ ਨੇ ਵੀ ਇਹਨਾਂ ਦਾ ਉਤਪਾਦਨ ਜਾਰੀ ਰੱਖਿਆ ਹੈ। ਪਰ ਦੋਹਾਂ-ਮਹਾਂਸ਼ਕਤੀਆਂ ਦੀ ਬਦਨੀਤੀ ਕਾਰਨ SALT I ਸੰਧੀ ਵਿਚ ਇਹਨਾਂ ਮਿਸਾਈਲਾਂ ਨੂੰ ਸ਼ਾਮਲ ਨਾ ਕੀਤਾ ਗਿਆ। ਇਸ ਸੰਧੀ ਤੋਂ ਬਾਅਦ ਵਾਲੀਆਂ ਸੰਧੀਆਂ ਜਾਂ ਬਹਿਸ-ਮੁਬਾਹਿਸੇ ਵੀ ਇਸ ਗੱਲ 'ਤੇ ਹੀ ਕੇਂਦਰਤ ਰਹੀਆਂ ਹਨ ਕਿ ਇਨ੍ਹਾਂ ਦਾ ਰੋਲ ਕੀ ਹੋਵੇ ਅਤੇ ਇਨ੍ਹਾਂ ਨੂੰ ਵਿਸਫੋਟ ਕਿਨ੍ਹਾਂ ਹਾਲਤਾਂ ਵਿਚ ਕੀਤਾ ਜਾਵੇਗਾ। ਪਰ ਦੋਹਾਂ ਵੱਲੋਂ ਇਨ੍ਹਾਂ ਦੀ ਰੋਕ-ਥਾਮ ਲਈ ਕੋਈ ਠੋਸ ਕਦਮ ਨਹੀਂ ਉਠਾਏ ਗਏ।

ਕਰੂਜ਼ ਮਿਸਾਈਲਾਂ ਕਿੰਨੀ ਕਿਸਮ ਦੀਆਂ ਹਨ? ਮੁਖ ਤੌਰ 'ਤੇ ਕਰੂਜ਼ ਮਿਸਾਈਲਾਂ ਦੀਆਂ ਤਿੰਨ ਕਿਸਮਾਂ ਹਨ:

(ੳ) ਏਅਰ ਲਾਂਚਡ ਕਰੂਜ਼ ਮਿਸਾਈਲਜ਼ - AIR LAUNCHED CRUISE MISSILES (ALCM) - ਭਾਵੇਂ ਇਹਨਾਂ ਦਾ ਸੀਮਤ ਉਤਪਾਦਨ ਤਾਂ 1972 ਤੋਂ ਹੀ ਹੋ ਰਿਹਾ ਸੀ ਪਰ 1977 ਵਿਚ ਅਮਰੀਕਾ ਦੇ ਪ੍ਰਧਾਨ ਕਾਰਟਰ ਨੇ ਲੌਂਗ ਰੇਂਜ ਏਅਰ ਲਾਂਚਡ ਮਿਸਾਈਲਾਂ ਦੇ ਉਤਪਾਦਨ ਨੂੰ ਇਕ ਫੌਰੀ ਕੌਮੀ ਕਾਰਜ ਐਲਾਨ ਕਰਕੇ ਏਅਰ ਫੋਰਸ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਅਜੇਹੀਆਂ ਮਿਸਾਈਲਾਂ ਤਿਆਰ ਕਰਨ ਦਾ ਹੁਕਮ ਚਾੜ੍ਹ ਦਿੱਤਾ ਤਾਂ ਕਿ ਇਨ੍ਹਾਂ ਨੂੰ B-52 ਜੰਗੀ ਜਹਾਜ਼ਾਂ ਵਿਚ ਫਿੱਟ ਕਰਕੇ ਰੂਸੀਆਂ 'ਤੇ ਹਮਲੇ ਲਈ ਵਰਤਿਆ ਜਾ ਸਕੇ। 1982 ਤੱਕ ਬੋਇੰਗ ਏਰੋਸਪੇਸ ਕੰਪਨੀ ਮਹੀਨੇ 'ਚ ਔਸਤਨ 40 ਅਜੇਹੀਆਂ ਮਿਸਾਈਲਾਂ ਤਿਆਰ ਕਰ ਰਹੀ ਸੀ। ਇਨ੍ਹਾਂ ਨੂੰ ਹਵਾਈ ਜਹਾਜ਼ 'ਤੋਂ ਹਰ ਦਿਸ਼ਾ ਵਿਚ ਚਲਾਇਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿਚ ਆਮ ਗ਼ੈਰ-ਫੌਜੀ, ਮੁਸਾਫ਼ਰ ਹਵਾਈ ਜਹਾਜ਼ਾਂ ਵਿਚ ਵੀ ਅਜੇਹੀਆਂ ਮਿਸਾਈਲਾਂ ਫਿੱਟ ਕੀਤੇ ਜਾਣ ਦਾ ਖਦਸ਼ਾ ਹੈ। 1983 ਵਿਚ ਰੀਗਨ ਸਰਕਾਰ ਵੱਲੋਂ ਰਵਾਇਤੀ ALCM ਦੇ ਉਤਪਾਦਨ 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਹੋਰ ਵੀ ਵੱਧ ਸੂਖਮ, ਵੱਧ ਦੂਰੀ ਤੱਕ ਮਾਰ ਕਰਨ ਵਾਲੀਆਂ ਅਤੇ ਤਬਾਹ-ਕੁਨ ਮਿਸਾਈਲਾਂ ਦੇ ਉਤਪਾਦਨ ਦੇ ਆਦੇਸ਼ ਦੇ ਦਿੱਤੇ।

(ਅ) ਸਮੁੰਦਰ 'ਚੋਂ ਚਲਾਈਆਂ ਜਾਣ ਵਾਲੀਆਂ ਮਿਸਾਈਲਾਂ - SEA LAUNCHED CRUISE MISSILES (SLCM): ਇਹ ਸਭ ਤੋਂ ਵੱਧ ਲਾਗਤ ਨਾਲ ਬਣਨ ਵਾਲੀਆਂ ਮਿਸਾਈਲਾਂ ਹਨ. ਇਹਨਾਂ ਨੂੰ ਸਮੁੰਦਰੀ ਜਹਾਜ਼ਾਂ, ਜੰਗੀ ਬੇੜੇ, ਪਣਡੁੱਬੀਆਂ, ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ 'ਤੋਂ ਕਿਤੋਂ ਵੀ ਅਤੇ ਕਿਸੇ ਵੀ ਦਿਸ਼ਾ ਵਿਚ ਚਲਾਇਆ ਜਾ ਸਕਦਾ ਹੈ।

(ੲ) ਧਰਤੀ 'ਤੋਂ ਚਲਾਈਆਂ ਜਾਣ ਵਾਲੀਆਂ ਮਿਸਾਈਲਾਂ - GROUND LAUNCHED CRUISE MISSILES (GLCM): ਇਹ ਤਕਰੀਬਨ 21 ਫੁੱਟ ਲੰਬੀਆਂ ਅਤੇ ਡੇਢ ਫੁੱਟ ਵਿਆਸ ਦੀਆਂ ਹੁੰਦੀਆਂ ਹਨ। ਦਸੰਬਰ 1979 ਵਿਚ ਨੈਟੋ (NATO - NORTH ATLANTIC TREATY ORANISATION) ਦੇ ਪੰਜ ਪੱਛਮੀ ਯੂਰਪ ਦੇ ਦੇਸ਼ਾਂ ਵਿਚ 464 GLCM ਅਤੇ 108 PERSHING II ਮਿਸਾਈਲਾਂ ਤਾਇਨਾਤ ਕਰਨ ਦਾ ਅਮਰੀਕਾ ਸਰਕਾਰ ਵੱਲੋਂ ਪ੍ਰਸਤਾਵ ਰੱਖਿਆ ਗਿਆ। ਉਦੋਂ ਤੋਂ ਲੈ ਕੇ ਹੁਣ ਤੱਕ ਪੱਛਮੀ ਜਰਮਨੀ ਵਿਚ 108 PERSHING II ਅਤੇ 96 GLCM, ਯੂ.ਕੇ. ਵਿਚ 160 GLCM, ਇਟਲੀ ਵਿਚ 112, ਨੀਦਰਲੈਂਡ ਵਿਚ 48 ਅਤੇ ਬੈਲਜੀਅਮ ਵਿਚ 48 ਅਜੇਹੀਆਂ ਮਿਸਾਈਲਾਂ ਤਾਇਨਾਤ ਕੀਤੀਆਂ ਗਈਆਂ ਹਨ।

ਇਹਨਾਂ ਸਾਰੀਆਂ ਕਿਸਮਾਂ ਦੀਆਂ ਮਿਸਾਈਲਾਂ ਵਿਚ ਬੁਨਿਆਦੀ ਤੌਰ 'ਤੇ ਬਹੁਤ ਸਮਾਨਤਾ ਹੈ। ਏਅਰ ਲਾਂਚਡ ਮਿਸਾਈਲਾਂ ਨੂੰ ਛੱਡ ਕੇ ਬਾਕੀ ਸਾਰੀਆਂ ਬਾਹਰੋਂ ਇਕੋ ਜਿਹੀਆਂ ਦਿਖਾਈ ਦਿੰਦੀਆਂ ਹਨ। ਸਾਰੀਆਂ ਕਿਸਮਾਂ ਪ੍ਰਮਾਣੂ ਅਤੇ ਰਵਾਇਤੀ (CONVENTIONAL) ਅਸਲਾ ਲੈ ਕੇ ਉੱਡ ਸਕਣ ਯੋਗ ਹਨ। ਸਾਰੀਆਂ ਹੀ ਆਕਾਰ ਵਿਚ ਛੋਟੀਆਂ, ਘੱਟ ਲਾਗਤ, ਸੂਖਮ ਪਰ ਬੇਇੰਤਹਾ ਵਿਨਾਸ਼ ਸਮਰਥਾ ਰੱਖਦੀਆਂ ਹਨ।

ਕਰੂਜ਼ ਮਿਸਾਈਲਾਂ ਦੀ ਵਿਨਾਸ਼-ਸਮਰਥਾ: ਕਰੂਜ਼ ਮਿਸਾਈਲਾਂ ਵਿਚ ਕਿੰਨੀ ਵਿਨਾਸ਼-ਸਮਰਥਾ ਹੈ - ਇਸ ਗੱਲ ਦਾ ਅੰਦਾਜ਼ਾ ਇਸ ਉਦਾਹਰਣ ਤੋਂ ਲਗਾਇਆ ਜਾ ਸਕਦਾ ਹੈ: ਛੇ ਅਗਸਤ 1945 ਨੂੰ ਅਮਰੀਕਣ ਜੰਗੀ ਜਹਾਜ਼ ENOLA GAY B-29 'ਤੋਂ ਹੀਰੋਸ਼ੀਮਾਂ ਸ਼ਹਿਰ ਉਤੇ 'LITTLE BOY' ਨਾਮੀ ਪ੍ਰਮਾਣੂ ਬੰਬ ਸੁੱਟਿਆ ਗਿਆ, ਜਿਸ ਨਾਲ ਇਕ ਲੱਖ ਤੋਂ ਉੱਪਰ ਜਪਾਨੀ ਨਾਗਰਿਕ ਮਾਰੇ ਗਏ। ਉਸ ਬੰਬ ਵਿਚ 12.5 ਕਿੱਲੋ ਟਨ ਪ੍ਰਮਾਣੂ ਅਸਲਾ ਸੀ। ਅੱਜ ਇਕ ਕਰੂਜ਼ ਮਿਸਾਈਲ ਵਿਚ 200 ਤੋਂ ਲੈ ਕੇ 250 ਕਿੱਲੋ ਟਨ ਪ੍ਰਮਾਣੂ ਅਸਲਾ ਲੈ ਕੇ ਉੱਡਣ ਦੀ ਸਮਰਥਾ ਹੈ - ਭਾਵ ਹੀਰੋਸ਼ੀਮਾਂ ਉਤੇ ਸੁੱਟੇ ਗਏ ਬੰਬ ਨਾਲੋਂ 15-20 ਗੁਣਾ ਵੱਧ!

ਅੱਜ ਇਕ B-52 ਜੰਗੀ ਜਹਾਜ਼ 12 ਤੋਂ 20 ਤੱਕ ਅਜੇਹੀਆਂ ਮਿਸਾਈਲਾਂ ਲੈ ਕੇ ਉਡ ਸਕਦਾ ਹੈ, ਭਾਵ ਇਕ ਜਹਾਜ਼ ਵਿਚ ਹੀਰੋਸ਼ੀਮਾਂ ਨੂੰ ਤਬਾਹ ਕਰਨ ਵਾਲੇ ਬੰਬ ਨਾਲੋਂ 200 ਤੋਂ ਵੀ ਵੱਧ ਗੁਣਾ ਵਿਨਾਸ਼ਕ ਸ਼ਕਤੀ ਹੈ।

ਆਪਣੇ ਛੋਟੇ ਪਰ ਠੋਸ ਆਕਾਰ, ਘੱਟ ਲਾਗਤ, ਸੂਖਮਤਾ ਅਤੇ ਬੇਇੰਤਹਾ ਵਿਨਾਸ਼-ਸ਼ਕਤੀ ਹੋਣ ਕਰਕੇ ਅਮਰੀਕਾ ਅਤੇ ਰੂਸ ਵੱਲੋਂ ਧੜਾਧੜ ਇਹਨਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਰਿਹਾ ਹੈ। ਇਕ ਅੰਦਾਜ਼ੇ ਅਨੁਸਾਰ 1989 ਤੀਕ 3418 ਕਰੂਜ਼ ਮਿਸਾਈਲਾਂ ਨੂੰ 173 B-52 ਜਹਾਜ਼ਾਂ ਵਿਚ ਫਿੱਟ ਕਰ ਲਿਆ ਜਾਵੇਗਾ। 1984 ਵਿਚ 464 ਪ੍ਰਮਾਣੂ ਕਰੂਜ਼ ਮਿਸਾਈਲਾਂ NATO ਅਧੀਨ ਮੁਲਕਾਂ ਵਿਚ ਤਾਇਨਾਤ ਕੀਤੀਆਂ ਗਈਆਂ ਹਨ।

ਹੁਣ ਤੱਕ ਅਮਰੀਕਾ ਦੇ ਅਸਲੇਖਾਨੇ ਵਿਚ 9000 ਤੋਂ ਵੀ ਵੱਧ ਅਤੇ ਰੂਸ ਕੋਲ 7000 ਤੋਂ ਵੱਧ ਵੱਖ ਵੱਖ ਕਿਸਮ ਦੀਆਂ ਕਰੂਜ਼ ਮਿਸਾਈਲਾਂ ਤਿਆਰ ਪਈਆਂ ਹਨ। ਸੋ ਜ਼ਾਹਰ ਹੈ ਕਿ ਇਨ੍ਹਾਂ ਨੇ ਸੰਸਾਰ ਨੂੰ ਮੁਕੰਮਲ ਤਬਾਹੀ ਦੇ ਬੂਹੇ 'ਤੇ ਲਿਆ ਖੜ੍ਹਾ ਕੀਤਾ ਹੈ।

ਕੈਨੇਡਾ ਵਿਚ ਕਰੂਜ਼-ਮਿਸਾਈਲਾਂ ਦੇ ਟੈੱਸਟ ਅਤੇ ਸਰਕਾਰ ਦਾ ਰੋਲ : ਕੈਨੇਡਾ ਅਤੇ ਹੋਰਨਾਂ ਮੁਲਕਾਂ ਵਿਚ ਹਥਿਆਰਾਂ ਬਾਰੇ ਸਫ਼ਾਈ ਦਿੰਦਿਆਂ ਸਰਕਾਰਾਂ ਵੱਲੋਂ ਕੌਮੀ ਸੁਰੱਖਿਆ ਅਤੇ ਕੌਮੀ ਹਿੱਤਾਂ ਦਾ ਘਚੋਲਾ ਪਾਇਆ ਜਾਂਦਾ ਰਿਹਾ ਹੈ। ਪਰ ਇਹਨਾਂ ਦੋਹਾਂ ਪਹਿਲੂਆਂ ਵਿਚ ਸਮਾਨਤਾ ਨਹੀਂ। ਕੌਮੀ ਸੁਰੱਖਿਆ ਤੋਂ ਭਾਵ ਦੇਸ਼ ਨੂੰ ਬਰਬਾਦ ਹੋਣ ਤੋਂ ਰੋਕਣਾ ਹੈ। ਪਰ ਕੌਮੀ ਹਿੱਤ ਦਾ ਮਤਲਬ ਕੁਝ ਹੋਰ ਹੈ, ਜਿਸ ਨਾਲ ਸਰਕਾਰਾਂ ਕੌਮਾਂਤਰੀ ਤੌਰ ਤੇ ਦਖ਼ਲ-ਅੰਦਾਜ਼ੀ ਕਰਕੇ ਆਪਣੇ ਹਿੱਤ ਪੂਰਦੀਆਂ ਹਨ। ਭਾਵੇਂ ਦੋਹਾਂ ਗੱਲਾਂ ਦਾ ਆਪਸ ਵਿਚ ਗਹਿਰਾ ਸਬੰਧ ਹੈ, ਪਰ ਇਹ ਇਕ ਸਮਾਨ ਨਹੀਂ ਹਨ। ਕੌਮੀ ਹਿੱਤਾਂ ਦੀ ਪੂਰਤੀ ਲਈ ਕੋਈ ਦੇਸ਼ ਆਪਣੀ ਕੌਮੀ-ਸੁਰੱਖਿਆ ਦਾ ਖ਼ਤਰਾ ਵੀ ਸਹੇੜ ਸਕਦਾ ਹੈ, ਜਿਸ ਦੇ ਅਕਸਰ ਤਬਾਹਕੁਨ ਸਿੱਟੇ ਨਿੱਕਲਦੇ ਹਨ।

ਕੈਨੇਡਾ ਦੀ ਸਰਕਾਰ ਭਾਵੇਂ ਹਮੇਸ਼ਾ ਹੀ ਪ੍ਰਮਾਣੂ ਹਥਿਆਰਾਂ ਦੀ ਰੋਕ-ਥਾਮ ਅਤੇ ਹਥਿਆਰਾਂ ਦੀ ਦੌੜ ਨੂੰ ਖ਼ਤਮ ਕਰਨ ਦੇ ਹੋਕਰੇ ਮਾਰਦੀ ਰਹੀ ਹੈ, ਪਰ ਅਸਲੀਅਤ ਵਿਚ ਕਰਦੀ ਇਸ ਦੇ ਉਲਟ ਰਹੀ ਹੈ। 1978 ਵਿਚ ਸੰਯੁਕਤ ਰਾਸ਼ਟਰ ਸੰਘ ਦੇ ਹਥਿਆਰਾਂ ਨੂੰ ਖ਼ਤਮ ਕਰਨ ਲਈ ਬੁਲਾਏ ਗਏ ਸਪੈਸ਼ਲ ਸੈਸ਼ਨ (UNITED NATIONS SPECIAL SESSION ON NUCLEAR DISARMAMENT - UNSSOD I) ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਟਰੂਡੋ ਵੱਲੋਂ 'ਦਮਘੋਟੂ ਪੈਂਤੜੇ' (STRATEGY OF SUFFOCATION) ਦਾ ਪ੍ਰਸਤਾਵ ਰੱਖਿਆ ਗਿਆ। ਇਹ ਦੱਸਦਿਆਂ ਹੋਇਆਂ ਕਿ "ਇਹ ਪ੍ਰਯੋਗਸ਼ਾਲਾਵਾਂ ਹੀ ਹਨ, ਜਿੱਥੇ ਪ੍ਰਮਾਣੂ ਹਥਿਆਰ ਦਾ ਜਨਮ ਹੁੰਦਾ ਹੈ", ਉਸ ਨੇ ਚਾਰ ਨੁਕਤੇ ਪ੍ਰਸਤਾਵ ਵਜੋਂ ਰੱਖੇ ਜਿਸ ਨਾਲ ਸ੍ਰੀ ਟਰੂਡੋ ਦੇ ਕਹਿਣ ਅਨੁਸਾਰ "ਹਥਿਆਰਾਂ ਦੀ ਦੌੜ ਦੀ 'ਆਕਸੀਜਨ' ਬੰਦ ਕਰ ਦਿੱਤੀ ਜਾਵੇ ਜਿਸ ਵਿਚ ਇਹ ਸਾਹ ਲੈਂਦੀ ਅਤੇ ਪਲਦੀ ਹੈ।":

(ੳ) ਪ੍ਰਮਾਣੂ ਹਥਿਆਰ ਬਣਾਉਣ ਉਤੇ ਇਕ ਵਿਸਤ੍ਰਿਤ ਪਾਬੰਦੀ (COMPREHENSIVE BAN) ਲਗਾਈ ਜਾਵੇ,
(ਅ) ਸਾਰੇ ਨਵੇਂ ਯੁੱਧਨੀਤਕ ਹਥਿਆਰ ਢੋਣ ਵਾਲੇ ਸਾਧਨਾਂ ਦੇ ਉਡਾਨ 'ਤੇ ਪਾਬੰਦੀ ਲਈ ਇਕਰਾਰਨਾਮਾ ਕੀਤਾ ਜਾਵੇ,
(ੲ) ਯੁੱਧਨੀਤਕ ਮਕਸਦ ਲਈ ਤਿਆਰ ਕੀਤੇ ਜਾਣ ਵਾਲੇ ਪ੍ਰਮਾਣੂ ਅਸਲੇ 'ਤੇ ਪਾਬੰਦੀ ਲਈ ਇਕਰਾਰਨਾਮਾ ਕੀਤਾ ਜਾਵੇ,
(ਸ) ਨਵੇਂ ਯੁੱਧਨੀਤਕ ਪ੍ਰਮਾਣੂ ਹਥਿਆਰਾਂ ਅਤੇ ਮਿਲਟਰੀ ਖ਼ਰਚਿਆਂ ਤੇ ਕੰਟਰੋਲ ਲਾ ਕੇ ਇਹ ਖ਼ਰਚਾ ਘਟਾਇਆ ਜਾਵੇ।

ਪਰ ਇਹ ਸ੍ਰੀ ਟਰੂਡੋ ਦੀ ਸਰਕਾਰ ਦੇ ਦਿਖਾਵੇ ਦੇ ਦੰਦ ਸਨ। ਇਸੇ ਹੀ ਸਰਕਾਰ ਵੱਲੋਂ ਫਰਵਰੀ 1983 ਵਿਚ ਅਮਰੀਕਾ ਦੀ ਸਰਕਾਰ ਨਾਲ ਇਕ ਇਕਰਾਰਨਾਮਾ ਕੀਤਾ ਗਿਆ ਜਿਸ ਨੂੰ UMBRELLA AGREEMENT ਕਿਹਾ ਜਾਂਦਾ ਹੈ। CANADA-US TEST & EVALUATION PROGRAM (T&E) ਸਮਝੌਤੇ ਅਨੁਸਾਰ ਅਮਰੀਕਾ ਸਰਕਾਰ ਨੂੰ ਕੈਨੇਡਾ ਦੀ ਧਰਤੀ ਉਪਰ ਕਰੂਜ਼ ਮਿਸਾਈਲਾਂ ਅਤੇ ਹੋਰ ਹਥਿਆਰਾਂ ਨੂੰ ਟੈੱਸਟ ਕਰਨ ਦੀ ਪਰਵਾਨਗੀ ਦਿੱਤੀ ਗਈ ਹੈ। ਟੈਸਟਿੰਗ 1951 ਦੇ NATO ਸਮਝੌਤੇ ਵਾਲੀਆਂ ਸ਼ਰਤਾਂ ਅਨੁਸਾਰ ਹੋਵੇਗੀ। ਇਸ ਅਨੁਸਾਰ ਭਾਵੇਂ ਟੈਸਟਿੰਗ ਸਮੇਂ ਕੋਈ ਵੀ ਅਮਲ ਕੈਨੇਡਾ ਦੇ ਕਾਨੂੰਨ ਤੋਂ ਬਾਹਰ ਨਹੀਂ ਹੋਵੇਗਾ, ਪਰ ਜੇਕਰ ਕਿਸੇ ਕੈਨੇਡੀਅਨ ਕਾਨੂੰਨ ਦੀ ਵਜ੍ਹਾ ਕਰਕੇ ਟੈਸਟਿੰਗ ਪ੍ਰੋਗਰਾਮ ਵਿਚ ਕੋਈ ਦੇਰੀ ਜਾਂ ਅੜਿੱਕਾ ਲੱਗਦਾ ਹੋਵੇ ਤਾਂ ਅਮਰੀਕਾ ਦਾ ਡੀਫੈਂਸ ਮਹਿਕਮਾ ਉਸ ਦੇਰੀ ਜਾਂ ਅੜਿੱਕੇ ਨੂੰ ਹਟਾਉਣ ਲਈ ਕੈਨੇਡਾ ਦੀ ਸਰਕਾਰ ਨੂੰ ਕਹਿ ਸਕਦਾ ਹੈ। ਇਸ ਅਨੁਸਾਰ ਟੈਸਟਿੰਗ ਸਬੰਧੀ ਕਿਸੇ ਵੀ ਜਾਣਕਾਰੀ ਨੂੰ ਆਮ ਜਨਤਾ ਵਿਚ ਜਾਰੀ ਕਰਨ ਤੋਂ ਪਹਿਲਾਂ ਸਬੰਧਤ ਕੈਨੇਡੀਅਨ ਅਤੇ ਅਮਰੀਕਨ ਅਧਿਕਾਰੀਆਂ ਦੇ ਆਪਸੀ ਤਾਲਮੇਲ ਅਤੇ ਉਨ੍ਹਾਂ ਦੀ ਸਹਿਮਤੀ ਲੈਣੀ ਜ਼ਰੂਰੀ ਹੋਵੇਗੀ। ਇਸ ਅਨੁਸਾਰ ਕੈਨੇਡਾ ਸਰਕਾਰ ਵੱਲੋਂ ਇਸ ਟੈਸਟਿੰਗ ਪ੍ਰੋਗਰਾਮ ਲਈ ਵਰਤੇ ਗਏ ਕਿਸੇ ਵੀ ਸਾਜ਼ੋ ਸਮਾਨ ਉਤੇ ਕਸਟਮ, ਫੈਡਰਲ ਸੇਲਜ਼ ਟੈਕਸ ਜਾਂ ਐਕਸਾਈਜ਼ ਟੈਕਸ ਨਹੀਂ ਲਗਾਇਆ ਜਾਵੇਗਾ।

ਸੋ ਇਸ ਤਰਾਂ ਇਹ ਇਕਰਾਰਨਾਮਾ ਅਮਰੀਕਾ ਵੱਲੋਂ ਕੈਨੇਡਾ ਦੀ ਧਰਤੀ ਉੱਪਰ ਟੈੱਸਟ ਕਰਨ ਲਈ ਇਕ ਤਰਾਂ ਦਾ ਸੱਦਾ ਪੱਤਰ ਹੈ। ਇਹ ਵੀ ਵਰਨਣ ਯੋਗ ਹੈ ਕਿ ਇਸ ਇਕਰਾਰਨਾਮੇ ਉਤੇ ਬਹੁ-ਗਿਣਤੀ ਕੈਨੇਡੀਅਨ ਲੋਕਾਂ ਨੂੰ ਸਖ਼ਤ ਇਤਰਾਜ਼ ਹੋਣ ਦੇ ਬਾਵਜੂਦ ਵੀ ਇਸ ਸਰਕਾਰ ਵੱਲੋਂ ਟੈੱਸਟ ਦੀ ਪਰਵਾਨਗੀ ਦਿੱਤੀ ਗਈ। ਇਸ ਤੋਂ ਬਾਅਦ ਬਣਨ ਵਾਲੀ ਪ੍ਰੋਗਰੈਸਿਵ ਕਨਜ਼ਰਵੇਟਿਵ ਸਰਕਾਰ ਦਾ ਰੋਲ ਵੀ ਲਿਬਰਲ ਸਰਕਾਰ ਤੋਂ ਵੱਖਰਾ ਨਹੀਂ ਹੈ। 25 ਸਤੰਬਰ 1984 ਨੂੰ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੇ 39ਵੇਂ ਸੈਸ਼ਨ ਵਿਚ ਪੇਸ਼ ਕੀਤੀ ਬਦੇਸ਼ ਮੰਤਰੀ ਸ੍ਰੀ ਜੋਅ ਕਲਾਰਕ ਦੀ ਤਕਰੀਰ ਦੇ ਕੁੱਝ ਅੰਸ਼ ਸੁਣੋ:

"…. ਪ੍ਰਮਾਣੂ ਹਥਿਆਰਾਂ ਲਈ ਦੌੜ ਇਕ ਕੌੜੀ ਹਕੀਕਤ ਹੈ। ਦੋਨੋਂ ਮਹਾਂ-ਸ਼ਕਤੀਆਂ ਵੱਲੋਂ ਨਵੇਂ ਤੋਂ ਨਵੇਂ ਪ੍ਰਮਾਣੂ ਹਥਿਆਰ ਤਿਆਰ ਕੀਤੇ ਜਾ ਰਹੇ ਹਨ। ਦੂਜੇ ਦੇਸ਼ ਪ੍ਰਮਾਣੂ ਜੰਗੀ-ਸਮਰਥਾ ਪੈਦਾ ਕਰ ਰਹੇ ਹਨ ਅਤੇ ਦਹਿਸ਼ਤਪਸੰਦ ਗਰੁੱਪਾਂ ਵੱਲੋਂ ਅਜੇਹੇ ਹਥਿਆਰਾਂ ਤੱਕ ਪਹੁੰਚ ਦਾ ਖ਼ਤਰਾ ਵਧ ਰਿਹਾ ਹੈ। ਡਾਕਟਰਾਂ ਤੇ ਵਿਗਿਆਨੀਆਂ ਦੀ ਚੇਤਾਵਨੀ ਹੈ ਕਿ ਇਕ ਵੱਡੇ ਪ੍ਰਮਾਣੂ ਜੰਗ ਤੋਂ ਬਾਅਦ ਜੇ ਕੁੱਝ ਲੋਕ ਬਚ ਵੀ ਗਏ ਤਾਂ ਵੀ ਇਹ ਧਰਤੀ ਉਨ੍ਹਾਂ ਦੇ ਵਸੇਬੇ ਦੇ ਯੋਗ ਨਹੀਂ ਰਹੇਗੀ।"

"…ਪਰ ਇਹਨਾਂ ਪ੍ਰਮਾਣੂ ਹਥਿਆਰਾਂ ਤੋਂ ਵੀ ਵੱਧ ਖ਼ਤਰਨਾਕ ਚੀਜ਼ ਹੈ - ਉਹ ਹੈ ਦੁਨੀਆਂ ਦੇ ਦੇਸ਼ਾਂ ਦਾ ਇਸ ਪਾਸੇ ਵੱਲ ਵਧ ਰਿਹਾ ਰੁਝਾਨ। ਮਹਾਂ-ਸ਼ਕਤੀਆਂ ਵਿਚਕਾਰ ਪ੍ਰਮਾਣੂ ਹਥਿਆਰਾਂ 'ਤੇ ਕੰਟਰੋਲ ਦੀ ਗੱਲਬਾਤ ਉਥੇ ਹੀ ਖੜ੍ਹੀ ਹੈ। ਇਹ ਖੜੋਤ ਦੂਜੇ ਦੇਸ਼ਾਂ ਨੂੰ ਬੇਬਸੀ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਬਾਕੀ ਮੁਲਕਾਂ (ਜਿਹੜੇ ਪ੍ਰਮਾਣੂ ਹਥਿਆਰਾਂ ਤੋਂ ਵਾਂਝੇ ਹਨ) ਨੂੰ ਪ੍ਰਮਾਣੂ ਹਥਿਆਰ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦੀ ਹੈ। ਜੇ ਇਹੀ ਰੁਝਾਨ ਰਿਹਾ ਤੇ ਪ੍ਰਮਾਣੂ ਹਥਿਆਰਾਂ 'ਤੇ ਕੰਟਰੋਲ ਦਾ ਰਸਤਾ ਬੰਦ ਰਿਹਾ ਤਾਂ ਦੁਨੀਆਂ ਦੀ ਤਬਾਹੀ ਦਾ ਡਰ ਬੇਇੰਤਹਾ ਹੱਦ ਤੀਕ ਵਧ ਜਾਵੇਗਾ।"

"… ਸਾਡਾ ਵਿਸ਼ਵਾਸ਼ ਹੈ ਕਿ ਪ੍ਰਮਾਣੂ ਹਥਿਆਰਾਂ ਦੀ ਜ਼ਖ਼ੀਰੇਬਾਜ਼ੀ ਕਾਰਨ ਹਰ ਕੈਨੇਡੀਅਨ ਅਤੇ ਸਾਰੀ ਮਨੁੱਖਤਾ ਨੂੰ ਖ਼ਤਰਾ ਹੈ। ਸਾਡੇ ਵਰਗੇ ਹੋਰ ਦੇਸ਼ਾਂ ਨੂੰ ਵੀ ਹਥਿਆਰਾਂ ਦੀ ਜ਼ਖ਼ੀਰੇਬਾਜ਼ੀ ਨੂੰ ਘਟਾ ਕੇ ਤਬਾਹੀ ਦਾ ਖ਼ਤਰਾ ਘਟਾਉਣ ਲਈ ਆਪੋ ਆਪਣੇ ਅਸਰ-ਵਸੀਲੇ ਵਰਤਣੇ ਚਾਹੀਦੇ ਹਨ।"

"… ਅਸੀਂ ਪ੍ਰਮਾਣੂ ਹਥਿਆਰਾਂ ਦੇ ਟੈੱਸਟਾਂ 'ਤੇ ਪਾਬੰਦੀ ਲਗਾਉਣ ਲਈ ਇਕ ਵਿਸਤਰਿਤ ਸੰਧੀ ਲਈ ਠੋਸ ਅਤੇ ਅਮਲੀ ਕਦਮ ਉਠਾਵਾਂਗੇ। ਅਸੀਂ ਮਹਾਂ-ਸ਼ਕਤੀਆਂ ਅਤੇ ਦੂਜੇ ਦੇਸ਼ਾਂ ਦੀ ਪੁਲਾੜੀ ਹਥਿਆਰਾਂ ਬਾਰੇ ਬਹਿਸ ਕਰਾਉਣ ਲਈ ਉਤਸ਼ਾਹਿਤ ਕਰਾਂਗੇ। ਯੂਰਪ ਵਿਚ ਫ਼ੌਜੀ ਸ਼ਕਤੀ ਨੂੰ ਪਰਸਪਰ ਸੰਤੁਲਤ ਤੌਰ 'ਤੇ ਘਟਾ ਕੇ ਪ੍ਰਮਾਣੂ ਜੰਗ ਦੇ ਵਧ ਰਹੇ ਖ਼ਤਰੇ ਨੂੰ ਘਟਾਉਣ ਲਈ ਦੋਹਾਂ ਮਹਾਂ-ਸ਼ਕਤੀਆਂ ਨੂੰ ਉਤਸ਼ਾਹਿਤ ਕਰਾਂਗੇ। ਅਸੀਂ ਰਸਾਇਣਕ ਹਥਿਆਰ ਤਿਆਰ ਕਰਨ ਦੇ ਅਮਲ, ਜ਼ਖ਼ੀਰੇਬਾਜ਼ੀ ਅਤੇ ਵਰਤੋਂ 'ਤੇ ਰੋਕਥਾਮ ਲਈ ਇਕ ਜਵਾਬਦੇਹ ਕਨਵੈਨਸ਼ਨ ਲਈ ਦਬਾਉ ਜਾਰੀ ਰੱਖਾਂਗੇ।"

ਇਸੇ ਸਰਕਾਰ ਦੇ ਰਾਜ-ਕਾਲ ਦੌਰਾਨ ਪਿਛਲੇ ਸਾਲ ਕੋਲਡ ਲੇਕ, ਅਲਬਰਟਾ ਵਿਚ ਕਰੂਜ਼ ਮਿਸਾਈਲਾਂ ਦਾ ਪਹਿਲਾ ਟੈੱਸਟ ਕਰਕੇ ਇਸ ਸਰਕਾਰ ਦਾ ਅਸਲੀ ਖਾਸਾ ਨੰਗਾ ਹੋ ਗਿਆ ਹੈ। ਇਸ ਸਮੇਂ ਅਤੇ ਉਸ ਤੋਂ ਬਾਅਦ ਅਨੇਕਾਂ ਸ਼ਹਿਰਾਂ ਵਿਚ ਹੋਏ ਕਰੂਜ਼ ਮਿਸਾਈਲਾਂ ਵਿਰੁੱਧ ਮੁਜ਼ਾਹਰਿਆਂ ਦੇ ਬਾਵਜੂਦ ਵੀ ਇਸ ਸਰਕਾਰ ਨੇ ਇਹ ਟੈੱਸਟ ਜਨਵਰੀ-ਫਰਵਰੀ ਵਿਚ ਫਿਰ ਕਰਵਾਏ ਹਨ।

ਆਪਣੇ ਭੂਗੋਲਕ ਅਤੇ ਸਿਆਸੀ ਤੌਰ 'ਤੇ ਅਮਰੀਕਾ ਸਰਕਾਰ ਨਾਲ ਕੈਨੇਡਾ ਸਰਕਾਰ ਦੇ ਹਿਤ ਮਿਲਦੇ ਹੋਣ ਕਰਕੇ ਇਸ ਸਰਕਾਰ ਵੱਲੋਂ ਕੋਈ ਸਾਰਥਕ ਜਤਨਾਂ ਦੀ ਆਸ ਨਹੀਂ ਕੀਤੀ ਜਾ ਸਕਦੀ।

**ਜੰਗੀ ਹਥਿਆਰਾਂ 'ਤੇ ਖਰਚਾ ਅਤੇ ਸੰਸਾਰ ਦੀ ਆਰਥਿਕਤਾ :** ਜਿਹਾ ਕਿ ਸ਼ੁਰੂ ਵਿਚ ਕਿਹਾ ਗਿਆ ਹੈ - ਹਰੇਕ ਮਿੰਟ ਵਿਚ ਦੁਨੀਆਂ ਵਿਚ 30 ਬੱਚੇ ਚੰਗੀ ਖ਼ੁਰਾਕ ਅਤੇ ਦਵਾਈ ਖੁਣੋਂ ਮੌਤ ਦੇ ਮੂੰਹ ਜਾ ਪੈਂਦੇ ਹਨ। ਦੂਜੇ ਪਾਸੇ ਇਕ ਮਿੰਟ ਵਿਚ ਦੁਨੀਆਂ ਦਾ ਜੰਗੀ ਬੱਜਟ ਲੋਕਾਂ ਦਾ 1.3 ਮਿਲੀਅਨ ਡਾਲਰ ਹਜ਼ਮ ਕਰ ਜਾਂਦਾ ਹੈ।

ਦੁਨੀਆਂ ਦੇ 20 ਵਿਕਾਸਸ਼ੀਲ ਦੇਸ਼, ਜਿਨ੍ਹਾਂ ਸਿਰ ਸਭ ਤੋਂ ਵੱਧ ਬਦੇਸ਼ੀ ਕਰਜ਼ਾ ਹੈ, ਉਨ੍ਹਾਂ ਦੇਸ਼ਾਂ ਵਿਚ 1976 ਤੋਂ 1980 ਵਿਚਕਾਰ ਚੜ੍ਹੇ ਕਰਜ਼ੇ ਦਾ ਪੰਜਵਾਂ ਹਿੱਸਾ ਕੇਵਲ ਜੰਗੀ ਹਥਿਆਰਾਂ ਦੇ ਬਰਾਮਦ 'ਤੇ ਹੀ ਖਰਚ ਕੀਤਾ ਗਿਆ ਹੈ।

**ਕੈਨੇਡੀਅਨ ਆਰਥਿਕਤਾ ਅਤੇ ਜੰਗੀ ਖਰਚ :**

- ਕੈਨੇਡਾ ਦਾ 70 ਪ੍ਰਤੀਸ਼ਤ ਜੰਗੀ ਸਮਾਨ ਬਾਹਰੋਂ ( ਨਿਸ਼ਚੇ ਹੀ ਅਮਰੀਕਾ ਤੋਂ) ਮੰਗਵਾਇਆ ਜਾਂਦਾ ਹੈ, ਜਿਸ ਨਾਲ ਸਾਡੇ ਇੱਥੋਂ ਦੇ ਵਪਾਰਕ ਸੰਤੁਲਨ ਉਤੇ ਬਹੁਤ ਮਾੜਾ ਅਸਰ ਪੈਂਦਾ ਹੈ।
- ਜਿਹੜੇ ਹਥਿਆਰ ਕੈਨੇਡਾ ਵਿਚ ਬਣਦੇ ਹਨ, ਉਨ੍ਹਾਂ ਨੂੰ ਬਣਾਉਣ ਵਾਲੀਆਂ ਕੰਪਨੀਆਂ ਆਮ ਤੌਰ 'ਤੇ ਬਦੇਸ਼ੀ ਹੀ ਹਨ, ਇਸ ਤਰ੍ਹਾਂ ਮੁਨਾਫ਼ਾ ਇਸ ਦੇਸ਼ ਵਿਚ ਲਗਾਉਣ ਲਈ ਕੋਈ ਸ਼ਰਤ ਨਾ ਹੋਣ ਕਰਕੇ ਇਸਨੂੰ ਬਾਹਰ ਹੀ ਲੈ ਜਾਇਆ ਜਾ ਰਿਹਾ ਹੈ।
- ਉੱਤਰੀ ਅਮਰੀਕਾ ਦੇ ਕੁੱਲ ਕੌਮੀ ਉਤਪਾਦਨ ਦਾ ਦਸਵਾਂ ਹਿੱਸਾ ਸਿੱਧਾ ਮਿਲਟਰੀ ਖਰਚਾਂ 'ਚ ਹੀ ਹੜੱਪ ਹੋ ਜਾਂਦਾ ਹੈ।
- ਉੱਤਰੀ ਅਮਰੀਕਾ ਦੀਆਂ ਸਰਕਾਰਾਂ ਵੱਲੋਂ ਰੀਸਰਚ ਅਤੇ ਡੀਵੈੱਲਪਮਿੰਟ ਫੰਡ ਦਾ 60 ਪ੍ਰਤੀਸ਼ਤ ਮਿਲਟਰੀ ਵਾਲੇ ਪਾਸੇ ਖਰਚ ਕੀਤਾ ਜਾਂਦਾ ਹੈ ਜਿਸ ਕਰਕੇ ਦੂਸਰੇ ਕੰਮਾਂ ਲਈ ਫੰਡਾਂ ਦੀ ਥੁੜ ਰਹਿੰਦੀ ਹੈ।
- ਇਕ ਬਿਲੀਅਨ ਡਾਲਰ ਨਾਲ ਸਿਰਫ਼ 25000 ਫ਼ੌਜੀ ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ, ਜਦ ਕਿ ਇਨੇ ਹੀ ਧਨ ਨਾਲ ਇਸ ਤੋਂ ਤਿੰਨ ਗੁਣਾ ਵੱਧ ਕੰਸਟ੍ਰੱਕਸ਼ਨ ਅਤੇ ਪੰਜ ਗੁਣਾ ਵੱਧ ਸਮਾਜਕ ਸੇਵਾਵਾਂ ਨਾਲ ਸਬੰਧਤ ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ।

**ਪ੍ਰਮਾਣੂ ਹਥਿਆਰਾਂ ਵਿਰੁੱਧ ਵਧ ਰਿਹਾ ਲੋਕ-ਰੋਹ :** ਪਿਛਲੇ ਕਈ ਸਾਲਾਂ ਤੋਂ ਯੂਰਪ ਵਿਚ ਪ੍ਰਮਾਣੂ ਹਥਿਆਰਾਂ 'ਤੇ ਪਾਬੰਦੀ ਲਾਉਣ ਲਈ ਅਮਨ ਲਹਿਰ ਸਰਗਰਮ ਹੈ। ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਇਸ ਲਹਿਰ ਨੇ ਹੋਰ ਵੀ ਜ਼ੋਰ ਫੜਿਆ ਹੈ। ਉੱਤਰੀ ਅਮਰੀਕਾ ਵਿਚ ਭਾਵੇਂ ਪਹਿਲਾਂ ਵੀ ਪ੍ਰਮਾਣੂ ਤਾਕਤ ਵਿਰੁੱਧ ਵਿਖਾਵੇ ਹੁੰਦੇ ਰਹੇ ਹਨ, ਪਰ ਨਵੇਂ ਮਾਰੂ ਹਥਿਆਰਾਂ ਦੀ ਇਸ ਪਾਗਲਾਨਾ ਦੌੜ ਵਿਰੁੱਧ ਮੁਹਿੰਮ ਪਿਛਲੇ ਕੁਝ ਸਾਲਾਂ ਤੋਂ ਹੀ ਤੇਜ਼ ਹੋਈ ਹੈ। ਜੂਨ 1982 ਵਿਚ ਜਦੋਂ ਸੰਯੁਕਤ ਰਾਸ਼ਟਰ ਸੰਘ ਦੀ ਪ੍ਰਮਾਣੂ ਹਥਿਆਰਾਂ 'ਤੇ ਰੋਕ ਲਗਾਉਣ ਲਈ ਵਾਰਤਾ ਚੱਲ ਰਹੀ ਸੀ ਤਾਂ ਉਸ ਵੇਲੇ ਦਸ ਲੱਖ ਤੋਂ ਵੀ ਵੱਧ ਲੋਕਾਂ ਨੇ ਨਿਊਯਾਰਕ ਸ਼ਹਿਰ ਵਿਚ ਪ੍ਰਮਾਣੂ ਹਥਿਆਰਾਂ ਵਿਰੁੱਧ ਮੁਜ਼ਾਹਰਾ ਕੀਤਾ। ਉਦੋਂ ਹੀ ਅਮਰੀਕਾ ਅਤੇ ਕੈਨੇਡਾ ਦੇ ਹੋਰ ਥਾਵਾਂ 'ਤੇ ਵੀ ਹਥਿਆਰਾਂ ਵਿਰੁੱਧ ਵਿਖਾਵੇ ਹੋਏ। ਵੈਨਕੂਵਰ ਤੋਂ ਵੀਹ ਮੀਲ ਦੂਰ ਅਮਰੀਕਾ-ਕੈਨੇਡਾ ਦੇ ਬਾਰਡਰ ਉਤੇ ਸਥਿਤ 'ਪੀਸ ਆਰਕ' ਪਾਰਕ ਵਿਚ ਦੋਹਾਂ ਮੁਲਕਾਂ ਦੇ ਪੰਦਰਾਂ ਸੋਲਾਂ ਹਜ਼ਾਰ ਲੋਕਾਂ ਨੇ ਮੁਜ਼ਾਹਰਾ ਕੀਤਾ। ਇਸ ਤੋਂ ਕੁਝ ਦੇਰ ਪਹਿਲਾਂ ਅਪਰੈਲ 1982 ਵਿਚ ਵੈਨਕੂਵਰ ਵਿਚ ਪੈਂਤੀ ਹਜ਼ਾਰ ਲੋਕਾਂ ਨੇ ਹਥਿਆਰਾਂ ਵਿਰੁੱਧ ਮੁਜ਼ਾਹਰਾ ਕੀਤਾ।

ਯੂਰਪ ਵਿਚ ਪ੍ਰਮਾਣੂ ਹਥਿਆਰਾਂ ਵਿਰੁੱਧ ਸਭ ਤੋਂ ਭਾਰੀ ਗਿਣਤੀ ਵਿਚ ਜ਼ਬਰਦਸਤ ਵਿਖਾਵੇ ਪੱਛਮੀ ਜਰਮਨੀ ਵਿਚ ਹੋਏ ਹਨ। ਇਸ ਦਾ ਸਿੱਧਾ ਕਾਰਨ ਇਹ ਹੈ ਕਿ ਅਮਰੀਕਾ ਦੀ ਜੰਗੀ ਮਸ਼ੀਨਰੀ ਉਂਜ ਤਾਂ ਸਾਰੇ ਪੱਛਮੀ ਯੂਰਪ ਵਿਚ ਪਰ ਖ਼ਾਸ ਕਰਕੇ ਪੱਛਮੀ ਜਰਮਨੀ ਵਿਚ ਪੂਰੇ ਜ਼ੋਰਾਂ 'ਤੇ ਕਮਿਊਨਿਸਟ ਧੜੇ ਦੇ ਪੂਰਬੀ ਯੂਰਪ ਅਤੇ ਰੂਸ ਵਿਰੁੱਧ ਤਾਇਨਾਤ ਹੈ। ਇਸੇ ਤਰ੍ਹਾਂ ਜਾਪਾਨ ਦੇ ਟੋਕੀਓ, ਹੀਰੋਸ਼ੀਮਾਂ ਆਦਿ ਸ਼ਹਿਰਾਂ ਵਿਚ ਪ੍ਰਮਾਣੂ ਤਾਕਤ ਵਿਰੁੱਧ ਉਠ ਰਹੀਆਂ ਲਹਿਰਾਂ ਨੇ ਜ਼ੋਰ ਫੜਿਆ ਹੈ।

ਕੈਨੇਡਾ ਵਿਚ ਵੀ ਅਮਨ ਲਹਿਰ ਨੇ ਕਾਫੀ ਜ਼ੋਰ ਫੜਿਆ ਹੈ। 1970 ਵਿਚ ਕੁਝ ਦਰਜਨ ਗਰੁੱਪਾਂ ਤੋਂ ਵਧ ਕੇ ਅੱਜ ਇਹ 1000 ਤੋਂ ਵੀ ਵੱਧ ਜੱਥੇਬੰਦੀਆਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ ਜਿਸ ਦੇ ਮੈਂਬਰਾਂ ਦੀ ਗਿਣਤੀ 3 ਲੱਖ ਤੋਂ ਵੀ ਵੱਧ ਹੈ। ਅਗਸਤ 1984 ਵਿਚ ਕਰਵਾਏ ਇਕ ਸਰਵੇ ਅਨੁਸਾਰ 85 ਪ੍ਰਤੀਸ਼ਤ ਲੋਕ ਪ੍ਰਮਾਣੂ ਹਥਿਆਰਾਂ ਦੀ ਰੋਕ-ਥਾਮ ਦੇ ਪੱਖ ਵਿਚ ਹਨ। ਪਿਛਲੇ ਤਿੰਨ ਵਰ੍ਹਿਆਂ ਵਿਚ 193 ਕੈਨੇਡੀਅਨ ਨਗਰਪਾਲਕਾਵਾਂ ਨੇ ਪ੍ਰਮਾਣੂ ਹਥਿਆਰਾਂ ਦੀ ਰੋਕ-ਥਾਮ ਲਈ ਰੀਫ਼ਰੈਂਡਮ ਕਰਵਾਏ ਹਨ ਜਿਨ੍ਹਾਂ ਵਿਚ 75 ਪ੍ਰਤੀਸ਼ਤ ਤੋਂ ਵੀ ਵੱਧ ਲੋਕਾਂ ਨੇ ਸਹਿਮਤੀ ਦਰਜ ਕਰਵਾਈ। ਇਸ ਤੋਂ ਇਲਾਵਾ 90 ਤੋਂ ਵੀ ਵੱਧ ਸ਼ਹਿਰਾਂ ਅਤੇ ਕਸਬਿਆਂ ਨੇ ਆਪਣੇ ਆਪ ਨੂੰ ਪ੍ਰਮਾਣੂ-ਆਜ਼ਾਦ-ਖੇਤਰ (NUCLEAR-FREE-ZONE) ਕਰਾਰ ਦੇਣ ਲਈ ਕਦਮ ਉਠਾਏ ਹਨ।

ਪਿਛਲੇ ਮਹੀਨੇ ਹੀ ਨਿਊਜ਼ੀਲੈਂਡ ਦੀ ਸਰਕਾਰ ਨੇ ਅਮਰੀਕਨ ਜੰਗੀ ਬੇੜੇ ਨੂੰ ਆਪਣੀਆਂ ਬੰਦਰਗਾਹਾਂ ਵਿਚ ਪਰਵੇਸ਼ ਕਰਨ ਤੋਂ ਮਨ੍ਹਾ ਕਰਨ ਦੇ ਕਦਮ ਉਠਾ ਕੇ ਅਮਰੀਕਨਾਂ ਨੂੰ ਉਥੋਂ ਸ਼ਿਸ਼ਕਰ ਦਿੱਤਾ ਹੈ। ਇਸੇ ਤਰ੍ਹਾਂ ਆਸਟਰੇਲੀਆ ਵੱਲੋਂ ਵੀ MX-MISSILE ਟੈਸਟਾਂ ਉਤੇ ਪਾਬੰਦੀ ਲਾ ਕੇ ਅਮਰੀਕਾ ਦੇ ਚੰਦਰੇ ਮਨਸੂਬਿਆਂ ਵਿਚ ਆਪਣੇ ਆਪ ਨੂੰ ਸ਼ਾਮਲ ਕਰਨ ਤੋਂ ਰੋਕਿਆ ਹੈ।

ਪ੍ਰਮਾਣੂ-ਹਥਿਆਰਾਂ ਦੀ ਮੌਜੂਦਗੀ ਧਰਤੀ ਉਪਰ ਤਬਾਹੀ ਅਤੇ ਮਨੁੱਖਤਾ ਦੇ ਖ਼ਾਤਮੇ ਦਾ ਚਿੰਨ੍ਹ ਹੈ। ਇਹ ਵੀ ਸਾਫ਼ ਜ਼ਾਹਰ ਹੈ ਕਿ ਦੋਹੇਂ ਜੰਗ-ਬਾਜ਼ ਮਹਾਂ-ਸ਼ਕਤੀਆਂ ਅਤੇ ਉਨ੍ਹਾਂ ਦੀਆਂ ਕਠਪੁਤਲੀ ਸਰਕਾਰਾਂ ਆਪਣੇ ਆਪ ਹਥਿਆਰਾਂ 'ਤੇ ਪਾਬੰਦੀ ਅਤੇ ਇਨ੍ਹਾਂ ਦੇ ਮੁਕੰਮਲ ਖ਼ਾਤਮੇ ਲਈ ਕੋਈ ਕੋਸ਼ਿਸ਼ ਨਹੀਂ ਕਰ ਰਹੀਆਂ, ਸਗੋਂ ਵੱਧ ਤੋਂ ਵੱਧ ਹਥਿਆਰ ਜਮ੍ਹਾਂ ਕਰਕੇ ਦੂਜੇ ਨਾਲੋਂ ਮੁਕਾਬਲਤਨ ਵਧੇਰੇ ਸ਼ਕਤੀਸ਼ਾਲੀ ਬਣਨ ਦੀ ਦੌੜ ਵਿਚ ਲੱਗੀਆਂ ਹੋਈਆਂ ਹਨ। ਇਸ ਦੇ ਖ਼ਿਲਾਫ਼ ਆਮ ਜਨਤਾ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ। ਕਿਉਂਕਿ ਇਹ ਮਸਲਾ ਇਕ ਕੌਮ, ਧਰਮ, ਨਸਲ, ਦੇਸ਼ ਦਾ ਨਹੀਂ ਸਗੋਂ ਸਾਰੀ ਮਨੁੱਖਤਾ ਦਾ ਸਾਂਝਾ ਮਸਲਾ ਹੈ। ਇਸ ਵਿਰੁੱਧ ਆਵਾਜ਼ ਉਠਾਉਣ ਦੇ ਵੱਖ ਵੱਖ ਢੰਗ ਹੋ ਸਕਦੇ ਹਨ ਪਰ ਸਾਰੇ ਸਾਧਨ ਹੀ ਜੇਕਰ ਠੀਕ ਨਿਸ਼ਾਨੇ ਵੱਲ ਸੇਧਤ ਹੋਣ ਤਾਂ ਬਹੁਤ ਸਾਰਥਕ ਸਿੱਟੇ ਨਿਕਲ ਸਕਦੇ ਹਨ। ਇਸ ਲੋਕ ਲਾਮ-ਬੰਦੀ ਵਿਚ ਹਰ ਕਿਸਮ ਦੀ ਸੋਚ ਰੱਖਣ ਵਾਲੇ ਵਿਅਕਤੀ ਵੀ ਸ਼ਾਮਲ ਕੀਤੇ ਜਾ ਸਕਦੇ ਹਨ ਜਿਹੜੇ ਮਨੁੱਖੀ ਹੋਂਦ ਨੂੰ ਸਭ ਤੋਂ ਵੱਧ ਪਹਿਲ ਦਿੰਦੇ ਹਨ। ਇਸ ਕਰਕੇ ਸਾਡਾ ਹਰੇਕ ਦਾ ਫ਼ਰਜ਼ ਬਣ ਜਾਂਦਾ ਹੈ ਕਿ ਆਪੋ ਆਪਣੀ ਸਮਰਥਾ ਅਨੁਸਾਰ ਅਤੇ ਆਪੋ ਆਪਣੇ ਢੰਗਾਂ ਰਾਹੀਂ ਪ੍ਰਮਾਣੂ ਹਥਿਆਰਾਂ ਦੇ ਖ਼ਾਤਮੇ ਲਈ ਪਰਦਰਸ਼ਨੀਆਂ, ਵਿਖਾਵੇ, ਮੁਜ਼ਾਹਰੇ, ਰੈਲੀਆਂ ਆਦਿ ਵਿਚ ਸ਼ਾਮਲ ਹੋ ਕੇ ਸਰਕਾਰਾਂ ਉਤੇ ਦਬਾਅ ਪਾਈਏ ਤਾਂ ਕਿ ਧਰਤੀ ਤੋਂ ਪ੍ਰਮਾਣੂ ਹਥਿਆਰਾਂ ਦਾ ਖ਼ਾਤਮਾ ਕਰਕੇ ਧਰਤੀ ਨੂੰ ਅਤੇ ਮਨੁੱਖਤਾ ਨੂੰ ਤਬਾਹੀ ਤੋਂ ਬਚਾਇਆ ਜਾ ਸਕੇ। ● (EDMONTON, ALBERTA)

• ਸੁਰਿੰਦਰ ਧੰਜਲ •

# ਇੱਕ ਮਹਾਂਰਾਣੀ ਦਾ ਬਿਆਨ

ਇਹ ਬਿਆਨ
ਮੇਰੇ ਪਰਜਾ-ਪਿਆਰ ਦਾ ਜਿਉਂਦਾ ਜਾਗਦਾ ਸਬੂਤ ਹੈ -
ਉਂਞ ਮਹਾਂਰਾਣੀਆਂ
ਕੀੜਿਆਂ ਮਕੌੜਿਆਂ ਵਰਗੀ ਪਰਜਾ ਅੱਗੇ
ਜਵਾਬ-ਦੇਹ ਨਹੀਂ ਹੁੰਦੀਆਂ

ਮੇਰੀ ਤਾਂ ਇੱਕੋ ਹੀ ਨਿੱਕੀ ਜਿਹੀ ਖਾਹਸ਼ ਹੈ
ਕਿ ਕੋਈ ਭੁਤਰਿਆ ਪੱਥਰ ਮੇਰੇ ਸ਼ੀਸ਼-ਮਹਿਲ ਵਿੱਚ ਨਾ ਆ ਵੱਜੇ -
ਉਹ ਜੋ ਖਾਹਸ਼ਾਂ ਦੀ ਲੰਬੀ ਸੂਚੀ ਨਾਲ
ਮੇਨ-ਚਿੜੀ ਦੀ ਸ਼ਾਂਤੀ ਦਾ ਸੰਤ ਭੰਗ ਕਰਦੇ ਰਹਿੰਦੇ ਨੇ
ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ
ਕਿ ਖਾਹਸ਼ਾਂ ਦੀ ਬਹੁਤਾਤ ਹੀ ਦੁੱਖਾਂ ਦਾ ਮੂਲ ਹੁੰਦੀ ਹੈ

ਇਕਲੌਤੀ ਖਾਹਸ਼ ਦੀ ਰਾਖੀ ਲਈ
ਸ਼ੀਸ਼-ਮਹਿਲ ਦੀਆਂ ਨੀਹਾਂ ਤੋਂ ਸਲਤਨਤ ਦੇ ਹਰ ਕੋਨੇ ਤੱਕ
ਮੈਂ ਤੰਬਲ-ਭੂਸਿਆਂ ਵਾਲੀਆਂ ਸੁਰੰਗਾਂ ਦਾ
ਐਸਾ ਜਾਲ ਵਿਛਾਇਆ ਹੈ,
ਜਿਸ ਨੂੰ ਨਿਰਖ ਪਰਖ ਸਕਣ ਵਾਲੀਆਂ ਅੱਖਾਂ ਦੁਆਲੇ
ਮੇਰੇ ਧਰਮਰਾਜ ਭੌਰਿਆਂ ਵਾਂਗ ਮੰਡਲਾਉਂਦੇ ਰਹਿੰਦੇ ਨੇ

ਹਰ ਪਰਜਾ ਕੇਂਦਰ 'ਚੋਂ
ਮੈਂ ਅੰਭੀ, ਜੈ ਚੰਦ, ਸ਼ਕਤੀ ਸਿੰਘ ਅਤੇ ਪਹਾੜਾ ਸਿੰਘ ਵਰਗੇ
ਚਾਬੀ ਵਾਲੇ ਖਿਡਾਉਣੇ ਲੱਭ ਲੈਂਦੀ ਹਾਂ,
ਜੋ ਇੱਕੋ ਸਮੇਂ ਹੀ ਮੇਰੇ ਅੰਗ-ਰੱਖਿਅਕ ਵੀ ਹੁੰਦੇ ਹਨ
ਅਤੇ ਵਿਰੋਧੀ ਸੈਨਾ ਦੇ ਜਰਨੈਲ ਵੀ

ਮੇਰੇ ਕਾਲੇ ਮੰਤਰ ਦਾ ਜਾਦੂ ਹੈ
ਕਿ ਖਿਡਾਉਣਿਆਂ ਨੂੰ ਮੇਰੇ ਪੋਟਿਆਂ ਨਾਲ ਬੰਨ੍ਹੀ ਆਪਣੀ ਚਾਬੀ ਦਾ
ਅਕਸਰ ਗਿਆਨ ਵੀ ਨਹੀਂ ਹੁੰਦਾ -
ਜੇ ਇਹ ਅਣਹੋਣੀ ਵਾਪਰ ਵੀ ਜਾਵੇ
ਤਾਂ ਮੇਰੇ ਕੋਲ ਵੀ ਅਣਹੋਣੀਆਂ ਦਾ ਕੋਈ ਘਾਟਾ ਨਹੀਂ -
ਹੱਥ ਕੱਟਣ ਤੋਂ ਸਿਰ ਕੱਟਣ ਤੱਕ
ਕੋਈ ਵੀ ਇਨਾਮ ਬਖ਼ਸ਼ ਸਕਦੀ ਹਾਂ -

ਬਾਗਾਂ 'ਚ ਉਡਦੀਆਂ ਤਿਤਲੀਆਂ
ਝੀਲਾਂ 'ਚ ਤਰਦੇ ਹੰਸ
ਅਸਮਾਨ 'ਚ ਭੌਂਦੀਆਂ ਗਿਰਝਾਂ
ਦਰੱਖਤਾਂ ਨਾਲ ਲਮਕਦੇ ਚਮਗਿੱਦੜ
ਹਨੇਰੇ 'ਚ ਹੁਆਂਕਦੇ ਉੱਲੂ
ਅਤੇ ਗਲੀਆਂ 'ਚ ਭੌਂਕਦੇ ਕੁੱਤੇ
- ਮੇਰੇ ਸੂਹੀਆਂ ਦੀ ਨਜ਼ਰ ਤੋਂ ਕੋਈ ਵੀ ਬਾਹਰ ਨਹੀਂ

ਯਾਦ ਆਇਆ, ਮੇਰੇ ਮੰਤਰ ਦੀ ਕੀਲ ਤੋਂ ਬਾਹਰ ਵੀ ਹਨ
ਕੁਝ ਕੁ ਸ਼ਰਾਰਤੀ ਅੱਖਾਂ ਵਾਲੇ -
ਜੋ ਨਾ ਮਹਾਤਮਾ ਗਾਂਧੀ ਨੂੰ ਰਾਸ਼ਟਰ-ਪਿਤਾ ਮੰਨਦੇ ਹਨ
ਨਾ ਭਗਤ ਸਿੰਘ ਨੂੰ ਸਿਰ-ਫਿਰਿਆ -
ਉਨ੍ਹਾਂ ਨੂੰ ਕੀਲਣ ਲਈ ਜਦੋਂ ਵੀ ਮੈਂ
ਮਾਰਕਸ ਦੀ ਰੰਗੀਨ ਫੋਟੋ ਆਪਣੇ ਸ਼ੀਸ਼-ਮਹਿਲ 'ਚ ਟੰਗਦੀ ਹਾਂ,
ਤਿੜਕੇ ਹੋਏ ਸੁਨਹਿਰੀ ਫਰੇਮ 'ਚੋਂ ਗਾਇਬ ਹੋਈ ਫੋਟੋ
ਪਤਾ ਨਹੀਂ ਇਨ੍ਹਾਂ ਦੇ ਖੀਸਿਆਂ 'ਚ ਕਿਵੇਂ ਪਹੁੰਚ ਜਾਂਦੀ ਹੈ -
ਰਾਤਾਂ ਨੂੰ ਕੁਲੀਆਂ ਢਾਰਿਆਂ 'ਚ ਦਰ-ਬ-ਦਰ ਭਟਕਦੇ
ਜੋ ਗੋਬਿੰਦ, ਪਰਤਾਪ, ਟੀਪੂ ਸੁਲਤਾਨ, ਤਾਂਤੀਆ ਟੋਪੇ
ਅਤੇ ਸਰਾਭੇ ਦੀਆਂ ਫੋਟੋ ਵੀ ਉਸੇ ਖੀਸੇ 'ਚ ਰੱਖਦੇ ਹਨ -
ਕੰਮਬਖ਼ਤ ਨਾ ਖ਼ੁਦ ਚੈਨ ਲੈਂਦੇ ਹਨ
ਨਾ ਮੈਨੂੰ ਲੈਣ ਦਿੰਦੇ ਹਨ
ਜੀਓ ਅਤੇ ਜਿਉਣ ਦਿਓ ਦਾ ਸੁਨਹਿਰੀ ਸੰਦੇਸ਼
ਉਨ੍ਹਾਂ ਨੂੰ ਸਮਝ ਹੀ ਨਹੀਂ ਆਉਂਦਾ -
ਉਨ੍ਹਾਂ ਦੀਆਂ ਕਰਤੂਤਾਂ ਕਰਕੇ
ਕਦੇ ਕਦੇ ਮੇਰੀ ਗੂੜ੍ਹੀ ਨੀਂਦ ਹਰਾਮ ਹੋ ਜਾਂਦੀ ਹੈ

ਮੇਰੀ ਰਾਜ-ਭਾਗ-ਸਿਮਰਤੀ ਅਨੁਸਾਰ
ਸਾਰੀ ਪਰਜਾ ਲਈ ਸੁੱਖ-ਸ਼ਾਂਤੀ ਦਾ ਸੋਮਾ ਹੈ
ਉਂਞ ਤਾਂ ਇਕੋ ਹੀ ਪਵਿੱਤਰ ਈਸ਼ਵਰ
ਪਰ ਸ਼ੀਸ਼-ਮਹਿਲ ਦੀਆਂ ਨੀਹਾਂ ਕਿਸੇ ਭੁਚਾਲ ਨੂੰ ਸੁੰਘ ਲੈਣ
ਤਾਂ ਮੇਰੀ ਜਾਦੂਗਰੀ-ਅੱਖ ਦੇ ਇਸ਼ਾਰੇ 'ਤੇ
ਚਾਬੀ ਵਾਲੇ ਖਿਡਾਉਣੇ, ਈਸ਼ਵਰ ਦੇ ਟੁਕੜੇ ਟੁਕੜੇ ਕਰਕੇ
ਹਵਾ ਵਿਚ ਪਤੰਗਾਂ ਵਾਂਗ ਉਡਾ ਦਿੰਦੇ ਨੇ -
ਕਿਸੇ ਦੇ ਪੂਛੇ 'ਤੇ ਅੱਲ੍ਹਾ ਲਿਖ ਦਿੰਦੇ ਹਨ
ਕਿਸੇ 'ਤੇ ਭਗਵਾਨ, ਕਿਸੇ 'ਤੇ ਵਾਹਿਗੁਰੂ -
ਪਤੰਗਾਂ ਦੇ ਪੇਚਿਆਂ ਵਿੱਚ
ਕਦੇ ਅੱਲ੍ਹਾ ਦੇ ਸਿਰ ਦਾ ਕੁੱਲਾ ਰੁਲਣ ਲਗਦਾ ਹੈ
ਕਦੇ ਵਾਹਿਗੁਰੂ ਦੇ ਸਿਰ ਦੀ ਪਗੜੀ
ਅਤੇ ਕਦੇ ਭਗਵਾਨ ਦੇ ਸਿਰ ਦੀ ਟੋਪੀ -
ਮੇਰੀਆਂ ਤੰਬਲ ਭੂਸਿਆਂ ਵਾਲੀਆਂ ਸੁਰੰਗਾਂ
ਬਾਰੂਦ ਦੇ ਪਰਮਿਟ ਬਣ ਜਾਂਦੀਆਂ ਹਨ -
ਸ਼ੀਸ਼-ਮਹਿਲ ਦੀਆਂ ਨੀਹਾਂ ਨਾਲ ਬੰਨ੍ਹੇ
ਵਰਦੀਆਂ ਅਤੇ ਤਗ਼ਮਿਆਂ ਵਾਲੇ ਸਫ਼ੈਦ ਹਾਥੀ
ਉੱਚੀ ਉੱਚੀ ਦਹਾੜਨ ਲੱਗਦੇ ਹਨ -
ਮੇਰੀ ਸਲਾਮਤੀ ਦੀ ਬਖਸ਼ੀਸ਼ ਵਜੋਂ
ਅਬਲਾ ਦਰੋਪਦੀਆਂ ਦਾ ਚੀਰ-ਹਰਣ ਕਰਦੇ ਹਨ -
ਅਤੇ ਫਿਰ 'ਸੱਤਿਆਮੇਵ ਜਯਤੇ' ਗੁੰਜਾਉਂਦਾ ਹੋਇਆ
ਨਕਲੀ ਮਹਾਂਭਾਰਤ ਆਰੰਭ ਹੋ ਜਾਂਦਾ ਹੈ

ਚਾਬੀ ਵਾਲੇ ਖਿਡਾਉਣਿਆਂ ਦੀ ਪਰਉਪਕਾਰੀ
ਜਦੋਂ ਪਰਜਾ ਲਈ ਖ਼ੂਨੀ ਹੋਲੀ ਦੀ ਪਿਚਕਾਰੀ,
ਅਤੇ ਸ਼ੀਸ਼-ਮਹਿਲ ਲਈ ਸੁਹਾਗ-ਪਟਾਰੀ ਬਣ ਜਾਂਦੀ ਹੈ
ਤਾਂ ਇਹ 'ਅਸਵਮੇਧ ਜੱਗ' ਸਮਾਪਤ ਹੋ ਜਾਂਦਾ ਹੈ

ਤੰਬਲ ਭੂਸਿਆਂ ਵਾਲੀਆਂ ਬਾਰੂਦੀ ਸੁਰੰਗਾਂ ਦੀ ਇਸ ਖੇਡ ਵਿਚ
ਖ਼ੁਦ ਵੀ ਭਸਮ ਹੋ ਕੇ, ਮੈਂ ਕਦੇ ਵੀ 'ਸ਼ਹੀਦ' ਬਣ ਸਕਦੀ ਹਾਂ -
ਚੰਦਨ ਦੀ ਲੱਕੜੀ ਅਤੇ ਦੇਸੀ ਘਿਓ ਦੀਆਂ ਲਪਟਾਂ 'ਚ
ਕੁਰਬਾਨ ਹੋਣ ਤੋਂ ਪਹਿਲਾਂ
ਮੈਂ ਆਪਣਾ ਪਿਤਾ-ਪੁਰਖੀ ਧਨੰਤਰੀ ਨੁਸਖ਼ਾ
ਪੁੱਤ-ਪੋਤਿਆਂ ਦੀ ਮੁੱਠੀ ਵਿੱਚ ਬੰਦ ਕਰ ਜਾਵਾਂਗੀ

• (HAMILTON, ONTARIO)

(ਛਪ ਰਹੇ ਕਾਵਿ-ਸੰਗ੍ਰਹਿ 'ਜ਼ਖ਼ਮਾਂ ਦੀ ਫ਼ਸਲ' ਵਿਚੋਂ)

## ਮਾਰਕੋਜ਼ - ਜੁੰਡਲੀ ਵਿਰੁਧ

# ਬਹਾਦਰ ਫਿਲਪੀਨੀ ਲੋਕਾਂ ਦਾ ਵਧ ਰਿਹਾ ਘੋਲ

ਦੱਖਣ-ਪੂਰਬੀ ਏਸ਼ੀਆ ਵਿਚ ਸਥਿਤ ਟਾਪੂਆਂ ਦਾ ਦੇਸ਼ ਹੈ ਫਿਲਪੀਨ। ਇਸ ਦੇਸ਼ ਵਿਚ 7000 ਟਾਪੂ ਹਨ, ਹਰ ਟਾਪੂ ਦਾ ਸੱਭਿਆਚਾਰ ਅਤੇ ਜ਼ਬਾਨਕ ਬੋਲੀ ਵੱਖਰੀ ਵੱਖਰੀ ਹੈ। ਕੁਦਰਤੀ ਵਸੀਲਿਆਂ ਨਾਲ ਭਰਪੂਰ ਇਸ ਦੇਸ਼ ਵਿਚ ਤਕਰੀਬਨ 72 ਸੂਬੇ ਹਨ ਅਤੇ 170 ਡਾਇਲਿਕਟ ਹਨ। ਇਹਨਾਂ ਕੁਦਰਤੀ ਸਾਧਨਾਂ ਅਤੇ ਸਖ਼ਤ ਮੇਹਨਤ ਕਰਨ ਵਾਲੇ ਇਸ ਦੇ ਲੋਕਾਂ ਦੇ ਬਾਵਜੂਦ ਵੀ ਉਥੋਂ ਲੋਕ ਭਰਿਸ਼ਟਾਚਾਰ, ਘੋਰ ਗਰੀਬੀ, ਰਾਜਸੀ-ਅਸੰਤੁਲਨ, ਨਿੱਘਰ ਰਹੇ ਅਰਥਚਾਰੇ ਦਾ ਸ਼ਿਕਾਰ ਹਨ। ਅਮਰੀਕਣ-ਸਾਮਰਾਜ ਦੇ ਹੱਥ-ਠੋਕੇ ਮਾਰਕੋਜ਼-ਜੁੰਡਲੀ ਦੁਆਰਾ ਉਥੇ ਆਏ ਦਿਨ ਅੱਤਿਆਚਾਰ ਵਧਦਾ ਜਾਂਦਾ ਹੈ। ਫਿਲਪੀਨ ਯੁੱਧਨੀਤਕ ਪੈਂਤੜੇ ਤੋਂ ਅਮਰੀਕਾ ਲਈ ਬਹੁਤ ਮਹੱਤਵਪੂਰਣ ਹੈ। ਕੋਰੀਆ, ਵੀਤਨਾਮ ਯੁੱਧਾਂ ਤੋਂ ਬਾਅਦ ਉਹ ਇਸ ਦੇਸ਼ ਨੂੰ ਦੱਖਣ-ਪੂਰਬੀ ਖਿੱਤੇ ਵਿਚ ਕਮਿਊਨਿਜ਼ਮ ਦੇ ਪ੍ਰਭਾਵ ਨੂੰ ਰੋਕਣ ਲਈ ਅੱਡੇ ਵਜੋਂ ਵਰਤ ਰਿਹਾ ਹੈ।

ਸਦੀਆਂ ਦੀ ਆਰਥਿਕ ਅਤੇ ਸਮਾਜਕ ਗੁਲਾਮੀ ਦੇ ਜੂਲੇ ਹੇਠ ਆਏ ਬਹਾਦਰ ਫਿਲਪੀਨੀ ਲੋਕ ਹਥਿਆਰ-ਬੰਦ ਸੰਘਰਸ਼ ਦੇ ਰਾਹ ਪਏ ਹੋਏ ਹਨ। ਇਹਨਾਂ ਬਹਾਦਰ ਦੇਸ਼-ਭਗਤ ਲੋਕਾਂ ਦੀ ਸੈਨਾ ਦਾ ਨਾਂ ਹੈ 'ਨਿਊ ਪੀਪਲਜ਼ ਆਰਮੀ' (NEW PEOPLE'S ARMY - N.P.A.) ਮਾਰਕਸ-ਲੈਨਿਨ-ਮਾਉ ਵਿਚਾਰਧਾਰਾ 'ਤੇ ਉੱਸਰੀ ਐਨ.ਪੀ.ਏ. ਮਾਰਕੋ-ਜੁੰਡਲੀ ਦਾ ਸਫ਼ਾਇਆ ਕਰਨ ਲਈ ਜੂਝ ਰਹੇ ਫਿਲਪੀਨ ਦੇ ਤਕਰੀਬਨ 60 ਗਰੁੱਪਾਂ 'ਚੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਪਾਰਟੀ ਹੈ। ਇਸ ਦੇ ਕਲਾਵੇ ਵਿਚ ਤਕਰੀਬਨ ਇਨਕਲਾਬ ਨੂੰ ਪਰਣਾਏ ਹੋਏ 12,000 ਗੁਪਤ ਮੈਂਬਰ ਹਨ ਅਤੇ ਇਸਦਾ 7000 ਤੋਂ ਵੀ ਵੱਧ ਪਿੰਡਾਂ 'ਤੇ ਕਬਜ਼ਾ ਹੈ। ਇਸ ਗੱਲ ਤੋਂ ਡੈਬ ਕੇ ਅਮਰੀਕਾ ਦੀ ਰੀਗਨ-ਸਰਕਾਰ, ਜਿਸ ਦੇ ਲੂਜ਼ੋਨ (LUZON) ਵਿਚ ਦੋ ਨੈਵੀ ਬੇਸ ਅਤੇ ਕਲਾਰਕ ਫੀਲਡ ਵਿਚ ਹਵਾਈ ਅੱਡਾ ਹੈ, ਨੇ ਪੈਂਟਾਗਨ ਦੇ ਉੱਚ-ਪੱਧਰ ਦੇ ਅਫਸਰਾਂ ਨੂੰ ਮਨੀਲਾ ਵਿਚ ਐਨ.ਪੀ.ਏ. ਦੀਆਂ ਕਾਰਵਾਈਆਂ ਦੀ ਗੰਭੀਰਤਾ ਦੀ ਤਫ਼ਤੀਸ਼ ਕਰਨ ਲਈ ਭੇਜਿਆ ਹੈ।

ਪਿਛਲੇ ਮਹੀਨੇ ਫਿਲਪੀਨ ਦੇ ਦੌਰੇ ਸਮੇਂ 'ਵਤਨੋਂ ਦੂਰ' ਦੇ ਫੋਟੋ ਪਤਰਕਾਰ (ਅਜਾਦਚਾਰ) ਦੇ ਨੁਮਾਇੰਦੇ ਕੁਲਦੀਪ ਸਿੰਘ ਵਲੋਂ ਐਨ.ਪੀ.ਏ. ਦੇ ਇਕ ਗੁਪਤ ਸਿਆਸੀ ਕਾਰਕੁੰਨ ਨਾਲ ਕੀਤੀ ਇੱਕ ਇੰਟਰਵਿਊ ਦਾ ਸੰਖੇਪ ਅਸੀਂ ਹੇਠਾਂ ਦੇ ਰਹੇ ਹਾਂ। —ਅਦਾਰਾ ਵਤਨੋਂ ਦੂਰ)

? ਐਨ.ਪੀ.ਏ. ਤੋਂ ਤੁਹਾਡਾ ਕੀ ਭਾਵ ਹੈ?

● ਲੋਕਾਂ ਦੀ ਸੈਨਾ – NEW PEOPLE'S ARMY – ਉਹ ਫੌਜ ਜੋ ਲੋਕਾਂ ਦੇ ਹੱਕਾਂ ਲਈ ਜੂਝਦੀ ਹੈ।

? ਐਨ.ਪੀ.ਏ. ਦੇ ਉਦੇਸ਼ ਕੀ ਹਨ?

● ਅਸੀਂ ਇਥੇ ਫਿਲਪੀਨੀ ਲੋਕਾਂ ਦਾ ਰਾਜ ਲਿਆਉਣਾ ਚਾਹੁੰਦੇ ਹਾਂ। ਸਾਡਾ ਦੇਸ਼ ਹਮੇਸ਼ਾ ਦੂਸਰੇ ਲੋਕਾਂ ਦੇ ਅਧੀਨ ਰਿਹਾ ਹੈ। 400 ਸਾਲ ਅਸੀਂ ਸਪੈਨਿਸ਼ ਦੇ ਜੂਲੇ ਹੇਠ ਰਹਿੰਦੇ ਹਨ। ਉਸ ਤੋਂ ਬਾਅਦ ਅਮਰੀਕਣਾਂ ਨੇ ਸਾਨੂੰ ਪੰਜੇ ਵਿਚ ਫਸਾ ਲਿਆ। ਅਮਰੀਕਾ ਸਾਨੂੰ ਨਿੰਬੂ ਵਾਂਗ ਨਿਚੋੜ ਰਿਹਾ ਹੈ। ਅਸੀਂ ਅਮਰੀਕਣ-ਸਾਮਰਾਜੀਆਂ ਦੀ ਲੁੱਟ-ਖਸੁੱਟ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ। ਅਸੀਂ ਇਸ ਦੇਸ਼ 'ਚੋਂ ਗ਼ਰੀਬੀ ਖ਼ਤਮ ਕਰਨੀ ਚਾਹੁੰਦੇ ਹਾਂ। ਅਸੀਂ ਵੇਸਵਾ-ਗਮਨੀ ਖ਼ਤਮ ਕਰਨਾ ਚਾਹੁੰਦੇ ਹਾਂ। ਅਸੀਂ ਸਮਾਜਵਾਦ ਦੇ ਹਾਮੀ ਹਾਂ।

? ਤੁਸੀਂ ਪਰਚਾਰ (PROPAGANDA) ਦਾ ਕੀ ਸਾਧਨ ਵਰਤਦੇ ਹੋ। ਮੈਨੂੰ ਤਕਰੀਬਨ ਅਠਾਰਾਂ ਦਿਨ ਫਿਲਪੀਨ 'ਚ ਆਇਆਂ ਹੋ ਗਏ ਹਨ। ਮਨੀਲਾ (ਫਿਲਪੀਨ ਦੀ ਰਾਜਧਾਨੀ) ਵਿਚ ਐਨ.ਪੀ.ਏ. ਬਾਰੇ ਮੈਂ ਕੋਈ ਨਾਅਰਾ ਨਹੀਂ ਦੇਖਿਆ। ਡੂਮਾਗਟੀ ਸ਼ਹਿਰ 'ਚ ਮੈਂ ਪਹਿਲਾ ਨਾਅਰਾ ਲਿਖਿਆ ਦੇਖਿਆ: NPA (ਨਾਲ 'ਦਾਤੀ-ਹਥੌੜੇ' ਵਾਲਾ ਕੌਮਾਂਤਰੀ ਨਿਸ਼ਾਨ) ਸਿਬੂ (CEBU) ਵਿਚ ਕੰਧਾਂ 'ਤੇ ਆਮ ਨਾਅਰੇ ਹਨ: "BYCOTT ELECTION" ਪਰ ਮਨੀਲਾ ਤੋਂ ਉੱਤਰ ਵੱਲ ਬੈਗਜੋ ਸ਼ਹਿਰ (BAGJO CITY) ਤੋਂ ਸਾਨ ਫਰਨਾਂਡੋ ਤੱਕ ਅਸੀਂ ਸਫ਼ਰ ਕੀਤਾ ਜਿੱਥੇ ਸਾਨੂੰ ਐਨ.ਪੀ.ਏ. ਬਾਰੇ ਕੋਈ ਪਰਚਾ ਆਦਿ ਨਹੀਂ ਮਿਲਿਆ। ਹਾਂ ਕੁਝ ਲੋਕਾਂ ਨੇ ਸਾਨੂੰ ਇਹਦੇ ਬਾਰੇ ਜਾਣਕਾਰੀ ਜ਼ਰੂਰ ਦਿੱਤੀ।

● ਤੁਸੀਂ ਠੀਕ ਕਹਿੰਦੇ ਹੋ। ਮਨੀਲਾ ਅਮਰੀਕਣਾਂ ਦਾ ਅੱਡਾ ਹੈ ਅਤੇ ਮਾਰਕੋਜ਼ ਦਾ ਰਿਹਾਇਸ਼ੀ ਸ਼ਹਿਰ ਹੈ। ..... ਸਾਡੇ ਕੋਲ ਜਨਤਕ ਪਰਚਾ (MASS PAPER) ਅਜੇ ਕੋਈ ਨਹੀਂ। ਇਸ ਦਾ ਵੱਡਾ ਕਾਰਨ ਸਾਮਰਾਜੀ ਦਹਿਸ਼ਤ ਹੈ। ਜੇ ਅਸੀਂ ਖੁਲ੍ਹੇ ਤੌਰ 'ਤੇ ਮਾਸ ਪੇਪਰ ਕੱਢਣਾ ਸ਼ੁਰੂ ਕੀਤਾ ਤਾਂ ਬਹੁਤ ਸਾਰੇ ਲੋਕਾਂ ਦਾ ਘਾਣ ਹੋਵੇਗਾ। ਤੁਹਾਨੂੰ ਪਤਾ ਹੀ ਹੈ ਕਿ ਅਮਰੀਕਣਾਂ ਦਾ ਨਾਅਰਾ ਹੈ: "IT'S BETTER TO BE DEAD THAN RED"

? ਪਰ ਪਰਚਾਰ ਜਾਂ ਜਨਤਕ ਪਰਚੇ ਤੋਂ ਬਿਨਾਂ ਤੁਸੀਂ ਲੋਕਾਂ ਨੂੰ ਜਾਗਰਤ ਕਿਵੇਂ ਕਰਦੇ ਹੋ?

● (ਉਹ ਹੱਸ ਪਿਆ) ... ਹਾਂ, ਅਸੀਂ ਸਮਝਦੇ ਹਾਂ ਕਿ ਲੜਾਈ ਨਾਲੋਂ ਵੱਡੀ ਗੱਲ ਲੋਕਾਂ ਨੂੰ ਜਾਗਰਤ ਕਰਨਾਂ ਅਤੇ ਉਨ੍ਹਾਂ ਦੀ ਪੜ੍ਹਾਈ ਹੈ। ਮਿੰਡਨਾਉ ਵਿਚ ਸਾਡਾ ਪੂਰਾ ਜ਼ੋਰ ਹੈ (ਮਿੰਡਨਾਉ, ਮਨੀਲਾ ਦੇ ਦੱਖਣ ਵਿਚ ਸਥਿਤ ਇਕ ਵੱਡਾ ਟਾਪੂ ਹੈ, ਜਿਸ ਦਾ ਪ੍ਰਮੁੱਖ ਸ਼ਹਿਰ ਡੇਵਾਉ ਹੈ ਜਿੱਥੇ NPA ਦਾ ਗੜ੍ਹ ਹੈ – ਅਦਾਰਾ) ਅਸੀਂ ਪਿੰਡਾਂ ਵਿਚ ਮਾਰਕਸ-ਲੈਨਿਨ-ਮਾਉ ਵਿਚਾਰਧਾਰਾ ਬਾਰੇ ਬਾਕਾਇਦਾ ਕਲਾਸਾਂ ਲਾਉਂਦੇ ਹਾਂ। ਲੋਕਾਂ ਦੀ ਪੜ੍ਹਾਈ ਹੀ ਪਕਿਆਈ ਹੈ....

? ਨਵੇਂ ਏਰੀਏ ਵਿਚ ਤੁਸੀਂ ਕਿਸ ਤਰ੍ਹਾਂ ਕੰਮ ਸ਼ੁਰੂ ਕਰਦੇ ਹੋ?

● ਸਾਡਾ ਕੰਮ ਹਮੇਸ਼ਾ ਪਿੰਡਾਂ ਤੋਂ ਸ਼ੁਰੂ ਹੁੰਦਾ ਹੈ। ਸਾਡੇ ਕਾਰਕੁੰਨ ਲੋਕਾਂ 'ਚ ਜਾਂਦੇ ਹਨ। ਪਿੰਡਾਂ 'ਚ ਰਹਿੰਦੇ ਹਨ। ਉਨ੍ਹਾਂ ਨਾਲ ਕੰਮ ਕਰਾਉਂਦੇ ਹਨ। ਨਾਲ ਨਾਲ ਉਨ੍ਹਾਂ ਵਿਚ ਜਮਾਤੀ ਸੂਝ ਪੈਦਾ ਕਰਦੇ ਹਨ।

? ਲੋਕਾਂ ਨੂੰ ਉਭਾਰਨ ਲਈ ਤੁਸੀਂ ਕਿਸ ਤਰ੍ਹਾਂ ਦੇ ਜ਼ਰੀਏ ਵਰਤਦੇ ਹੋ?

• ਪੜ੍ਹਾਈ ਦੇ ਨਾਲ ਨਾਲ ਲੋਕਾਂ ਨੂੰ ਸੰਘਰਸ਼ ਵਿਚ ਪਾਉਣਾ ਜ਼ਰੂਰੀ ਹੈ। ਮਿੰਡਨਾਓ 'ਚ ਅਸੀਂ ਮਿਲਟਰੀ ਨਾਲ ਟੱਕਰ ਲੈਂਦੇ ਹਾਂ। ਹਥਿਆਰ ਖੋਹਣੇ ਅਤੇ ਮਿਲਟਰੀ ਚੌਕੀਆਂ 'ਤੇ ਹਮਲੇ ਕਰਨਾ ਸਾਡੇ ਘੋਲ ਦਾ ਮੁਖ ਰੂਪ ਹੈ। ਪਰ ਨਵੇਂ ਏਰੀਏ ਵਿਚ ਜਾਗੀਰਦਾਰਾਂ ਅਤੇ ਸੂਦ-ਖ਼ੋਰਾਂ ਦੇ ਕਤਲ ਵੀ ਸਾਡੀ ਜਦੋਜਹਿਦ ਦਾ ਇਕ ਰੂਪ ਹਨ।

? ਕੀ ਤੁਸੀਂ ਜਾਗੀਰਦਾਰਾਂ ਦੀ ਜ਼ਮੀਨ 'ਤੇ ਕਬਜਾ ਵੀ ਕਰਦੇ/ਕਰਵਾਉਂਦੇ ਹੋ?

• ... ਇਹ ਬਹੁਤ ਮੁਸ਼ਕਲ ਸਮੱਸਿਆ ਹੈ... ਅਸੀਂ 'LAND TO TILLER' (ਜ਼ਮੀਨ ਵਾਹੀਕਾਰ ਦੀ) ਦਾ ਨਾਅਰਾ ਦਿੰਦੇ ਹਾਂ। ਪਰ ਕਬਜਾ ਕਰਨ ਤੋਂ ਪਹਿਲਾਂ ਉਸ ਇਲਾਕੇ ਵਿਚ ਸਿਆਸੀ-ਚੇਤੰਨਤਾ ਦਾ ਹੋਣਾ ਬਹੁਤ ਜ਼ਰੂਰੀ ਹੈ।

? ਤੁਹਾਨੂੰ ਘੋਲ ਨੂੰ ਅੱਗੇ ਵਧਾਉਣ ਲਈ ਕਿਹੜੀਆਂ ਕਿਹੜੀਆਂ ਗੱਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ?

• ਭੂਗੋਲਕ ਸਥਿਤੀ (GEOGRAPHICAL CONDITIONS), ਧਰਮ (RELIGION), ਵੱਖ ਵੱਖ ਸਥਾਨਕ ਭਾਸ਼ਾਵਾਂ (DIFFERENT DIALECTS)। ਫਿਲਪੀਨ ਟਾਪੂਆਂ ਦਾ ਦੇਸ਼ ਹੈ। ਸਾਡੇ ਦੇਸ਼ ਵਿਚ 7000 ਛੋਟੇ, ਵੱਡੇ ਟਾਪੂ ਹਨ। ਹਰ ਟਾਪੂ ਸੱਭਿਆਚਾਰ ਅਤੇ ਭਾਸ਼ਾ ਦੇ ਪੱਖ ਤੋਂ ਵੱਖਰਾ ਹੈ। ਫਿਲਪੀਨ 'ਚ ਤਕਰੀਬਨ 170 ਸਥਾਨਕ ਭਾਸ਼ਾਵਾਂ ਹਨ। ਤੁਸੀਂ ਦੇਖਿਆ ਹੋਵੇਂ ਕਿ ਡੂਮਾਗੈਟੀ ਤੋਂ ਸਿਬੂ ਤੱਕ ਕਿਸ਼ਤੀ ਰਾਹੀਂ ਇਕ ਘੰਟੇ ਦਾ ਰਾਹ ਹੈ। ਪਰ ਡੂਮਾਗੈਟੀ 'ਚ ਰਹਿੰਦੇ ਲੋਕ ਸਿਬੂ ਦੇ ਲੋਕਾਂ ਦੀ ਬੋਲੀ ਨਹੀਂ ਸਮਝਦੇ। ਸਾਡੀ ਕੌਮੀ ਬੋਲੀ ਤਗਾਲੋਗ ਹੈ। ਪਰ ਤਗਾਲੋਗ ਸਿਰਫ਼ ਪੜ੍ਹੇ ਲਿਖੇ ਲੋਕਾਂ ਨੂੰ ਹੀ ਆਉਂਦੀ ਹੈ। ਇਸ ਕਰਕੇ ਨਵੇਂ ਏਰੀਏ 'ਚ ਕੰਮ ਸ਼ੁਰੂ ਕਰਨ 'ਚ ਸਾਨੂੰ ਬਹੁਤ ਦਿੱਕਤ ਆਉਂਦੀ ਹੈ।

? ਕੀ ਤੁਸੀਂ ਧਰਮ ਦੇ ਉਲਟ ਪਰਚਾਰ ਕਰਦੇ ਹੋ?

• ਹਾਂ ਅਤੇ ਨਾਂਹ ਦੋਵੇਂ। ਜਿਹੜੇ ਏਰੀਏ ਵਿਚ ਸਾਡੀ ਪਕਿਆਈ ਹੈ, ਸਾਡਾ ਪ੍ਰਭਾਵ ਖੇਤਰ ਮਜਬੂਤ ਹੈ, ਉਥੇ ਅਸੀਂ ਧਰਮ ਬਾਰੇ ਪੂਰੀ ਅਸਲੀਅਤ ਲੋਕਾਂ ਨੂੰ ਦੱਸਦੇ ਹਾਂ। ਨਵੇਂ ਥਾਵਾਂ ਉੱਤੇ ਅਸੀਂ ਧਰਮ ਬਾਰੇ ਬੋਲਣ ਤੋਂ ਪਰਹੇਜ਼ ਕਰਦੇ ਹਾਂ।

? ਕੱਲ੍ਹ ਦੇ ਅਖ਼ਬਾਰ 'ਚ ਖ਼ਬਰ ਸੀ ਕਿ ਮਿੰਡਨਾਓ ਦਾ ਜਨਰਲ ਅਤੇ ਉਸਦੇ ਚਾਰ ਸਹਾਇਕਾਂ/ਰੱਖਿਅਕਾਂ ਨੂੰ ਐਨ.ਪੀ.ਏ. ਨੇ ਘੇਰ ਕੇ ਕਤਲ ਕਰ ਦਿੱਤਾ - ਇਸ ਖ਼ਬਰ 'ਚ ਕਿੰਨੀ ਕੁ ਸੱਚਾਈ ਹੈ?

• ਇਹ ਸੱਚ ਹੈ। ਮਿਲਟਰੀ ਦਾ ਕਾਫ਼ੀ ਹਿੱਸਾ ਮਿੰਡਨਾਓ 'ਚ ਸਾਡਾ ਸਾਥ ਦਿੰਦਾ ਹੈ - ਕੁਝ ਡਰ ਨਾਲ ਅਤੇ ਕੁਝ ਸਿਆਸੀ ਸੂਝ ਕਾਰਨ। ਮਿਲਟਰੀ ਅਫ਼ਸਰਾਂ 'ਤੇ ਅਟੈਕ ਵਧਾਉਣ ਨਾਲ ਸਿਪਾਹੀ-ਫ਼ੌਜੀਆਂ ਤੋਂ ਸਾਨੂੰ ਹਮਾਇਤ ਮਿਲਦੀ ਹੈ।

? ਅਖ਼ਬਾਰ ਮੁਤਾਬਕ ਇਸ ਐਕਸ਼ਨ ਵਿਚ ਆਟੋਮੈਟਿਕ ਐਮ.-16 ਦੀ ਵਰਤੋਂ ਕੀਤੀ ਗਈ। ਇਹ ਹਥਿਆਰ ਤੁਹਾਨੂੰ ਕਿੱਥੋਂ ਮਿਲਦੇ ਹਨ?

• ਫਿਲਪੀਨ ਦੀ ਮਿਲਟਰੀ ਤੋਂ.... ਅਮਰੀਕਾ ਇਹ ਹਥਿਆਰ ਸਾਡੇ ਲੋਕਾਂ 'ਤੇ ਚਲਾਉਣ ਲਈ ਦੇ ਰਿਹਾ ਹੈ। ਪਰ ਸਾਡੀ ਕੋਸ਼ਿਸ਼ ਹੈ ਕਿ ਇਹ ਹਥਿਆਰ ਅਸੀਂ ਉਨ੍ਹਾਂ (ਮਿਲਟਰੀ/ਅਮਰੀਕਣਾਂ) 'ਤੇ ਚਲਾਉਣੇ ਹਨ।

? ਮਿੰਡਨਾਓ ਨੂੰ ਅਮਰੀਕਣ ਦੂਜਾ ਨਿਕਾਰਾਗਵਾ ਆਖਦੇ ਹਨ, ਤੁਹਾਡਾ ਕੀ ਵਿਚਾਰ ਹੈ?

• ਮੈਂ ਨਿਕਾਰਾਗਵਾ ਨਹੀਂ ਦੇਖਿਆ, ਉਨ੍ਹਾਂ ਦੀ ਚੱਲ ਰਹੀ ਸਟਰਗਲ ਬਾਰੇ ਪੜ੍ਹਿਆ ਹੈ। ਮਿੰਡਨਾਓ 'ਚ ਅਸੀਂ ਮਿਲਟਰੀ ਨੂੰ ਨਿਕੰਮੀ ਸਾਬਤ ਕਰ ਦਿੱਤਾ ਹੈ। ਮਿਲਟਰੀ ਸਾਡੇ ਨਾਲ ਪੰਗਾ ਲੈਣ ਤੋਂ ਡਰਦੀ ਹੈ। ਉਹ ਜਿੰਨੀ ਜ਼ਿਆਦਾ ਮਿਲਟਰੀ ਭੇਜਦੇ ਹਨ, ਉਨੇ ਜ਼ਿਆਦਾ ਸਾਡੇ ਹਥਿਆਰਾਂ ਦੇ ਭੰਡਾਰ ਵਧਦੇ ਜਾਂਦੇ ਹਨ। ਰਾਤ ਦੇ ਸਮੇਂ ਮਿਲਟਰੀ ਬਾਹਰ ਨਹੀਂ ਨਿਕਲਦੀ। ਸ਼ਾਇਦ ਇਸ ਕਰਕੇ ਉਹ ਸਾਨੂੰ ਨਿਕਾਰਾਗਵਾ ਨਾਲ ਮੇਲਦੇ ਹਨ।

? ਤੁਹਾਡੇ ਮੁਤਾਬਕ ਮਿੰਡਨਾਓ ਤੋਂ ਮਨੀਲਾ ਤੱਕ ਕਿੰਨਾਂ ਸਮਾਂ ਲੱਗੇਗਾ?

• ਤੁਹਾਡਾ ਮਤਲਬ ਪੂਰਨ ਜਿੱਤ (COMPLETE VICTORY)?

? ਹਾਂ, ਮੇਰਾ ਭਾਵ ਪੂਰਨ ਜਿੱਤ.....

• (ਉਹ ਸੋਚੀਂ ਪੈ ਗਿਆ। ਕੁਝ ਮਿੰਟਾਂ ਬਾਅਦ ਉਹਨੇ ਬੋਲਣਾ ਸ਼ੁਰੂ ਕੀਤਾ:) .... ਮੈਂ ਇਸ ਨੂੰ ਸਮੇਂ ਦੇ ਗਜ਼ ਨਾਲ ਮਿਣਕੇ ਨਹੀਂ ਦੱਸ ਸਕਦਾ। ਹਾਂ, ਮੈਂ ਤੁਹਾਨੂੰ ਦੁਸ਼ਮਣ ਦੀ ਤਾਕਤ ਅਤੇ ਸਾਡੀ ਲੜਾਈ ਦੀ ਸੇਧ ਬਾਰੇ ਚਾਨਣਾ ਪਾ ਸਕਦਾ ਹਾਂ। ਫਿਲਪੀਨ ਅਮਰੀਕਾ ਲਈ ਜੁੱਧਨੀਤਕ ਪੱਖ (STRATEGY) ਤੋਂ ਬਹੁਤ ਮਹੱਤਵ-ਪੂਰਣ ਦੇਸ਼ ਹੈ। ਕੋਰੀਆ, ਚੀਨ ਅਤੇ ਵੀਅਤਨਾਮ ਖੁੱਸਣ ਤੋਂ ਬਾਅਦ ਫਿਲਪੀਨ ਨੂੰ ਉਹ ਦੱਖਣ-ਪੂਰਬੀ ਏਸ਼ੀਆ ਵਿਚ ਕਮਿਊਨਿਸਟ ਪ੍ਰਭਾਵ ਰੋਕਣ ਲਈ ਅੱਡੇ ਵਜੋਂ ਵਰਤ ਰਹੇ ਹਨ। ਅਮਰੀਕਾ, ਫਿਲਪੀਨ ਨੂੰ ਕਬਜੇ 'ਚ ਰੱਖਣ ਲਈ ਹਰ ਕੋਸ਼ਿਸ਼ ਕਰੇਗਾ ਅਤੇ ਕਰ ਰਿਹਾ ਹੈ। ਤੁਸੀਂ ਦੇਖਿਆ ਹੈ ਕਿ ਅਮਰੀਕੀ ਸੱਭਿਆਚਾਰ ਦਾ ਏਥੇ ਬੋਲ-ਬਾਲਾ ਹੈ। ਸਾਡੇ ਟੀ.ਵੀ. ਉਪਰ ਸਾਰੇ ਪ੍ਰੋਗਰਾਮ ਅਮਰੀਕਣ ਚੱਲਦੇ ਹਨ। ਸਾਡੇ ਆਪਣੇ ਗੀਤਾਂ ਨੂੰ ਉਹ ਮਾਈਕਲ ਜੈਕਸਨ ਦੇ ਗੀਤਾਂ ਨਾਲ ਬਦਲ ਰਹੇ ਹਨ।... ਇੱਥੇ ਹੀ ਬੱਸ ਨਹੀਂ, ਸਾਡੇ ਹਰੇਕ ਮਨਿਸਟਰ ਦਾ ਸਲਾਹਕਾਰ ਅਮਰੀਕਣ ਹੈ। ਸਾਡੇ ਦੇਸ਼ ਦੀ ਕਿਸੇ ਦੇਸ਼ ਨਾਲ ਜੰਗ ਨਹੀਂ ਲੱਗਦੀ। ਪਰ ਸਾਡੇ ਦੇਸ਼ ਵਿਚ ਮਿਲਟਰੀ ਵੱਡੇ ਪੱਧਰ 'ਤੇ ਹੈ। ਇਹ ਸਿਰਫ਼ ਲੋਕਾਂ ਨੂੰ ਕਾਬੂ ਕਰਨ ਲਈ ਹੀ ਤਾਇਨਾਤ ਕੀਤੀ ਗਈ ਹੈ.... ਜਿਉਂ ਜਿਉਂ ਸਾਡਾ ਘੋਲ ਵਧਦਾ ਜਾ ਰਿਹਾ ਹੈ, ਇਹ ਮਿਲਟਰੀ ਦੀਆਂ ਧਾੜਾਂ ਵਧਾਈ ਜਾਂਦੇ ਹਨ।

? ਮੁਲਾਕਾਤ ਦੇ ਅੰਤ ਵਿਚ ਆਪਣੇ ਲੋਕਾਂ ਬਾਰੇ ਕੁਝ ਕਹਿਣਾ ਚਾਹੋਗੇ?

• ਸਾਨੂੰ ਸਾਡੇ ਦੇਸ਼ ਦੇ ਲੋਕਾਂ 'ਤੇ ਮਾਣ ਹੈ। ਮਿੰਡਨਾਓ ਦੇ ਲੋਕਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਸੀਂ ਦੁਸ਼ਮਣ ਨੂੰ ਭਾਂਜ ਦੇ ਸਕਦੇ ਹਾਂ। ਮਿੰਡਨਾਓ ਦੇ ਲੋਕਾਂ ਨੇ ਚੱਲ ਰਹੇ ਘੋਲ 'ਚ ਵਿਸ਼ਵਾਸ਼ ਵਧਾਇਆ ਹੈ ਅਤੇ ਸਾਡੇ ਕੰਮ-ਢੰਗ ਅਤੇ ਸਾਡੀ ਸਿਧਾਂਤ ਦੀ ਪਕਿਆਈ ਵਿਚ ਸਾਡਾ ਵਿਸ਼ਵਾਸ਼ ਵਧਿਆ ਹੈ। ਸਾਡੇ ਲੋਕਾਂ ਦੀ ਜਿੱਤ ਯਕੀਨੀ ਹੈ! •

(FORT McMURRAY, ALBERTA)

ਕਹਾਣੀ:

# ਬਧਿਆਭਾੜ

ਦੇਵਿੰਦਰ ਸੇਖੋਂ

ਪਲੈਟਫਾਰਮ 'ਤੇ ਬਹੁਤ ਭੀੜ ਸੀ। ਸ਼ੋਰ ਨਾਲ ਸਿਰ ਪਾਟਦਾ ਸੀ। ਰੰਗ ਬਰੰਗੇ ਕੱਪੜਿਆਂ ਵਿਚ ਲਪੇਟੇ ਲੋਕ ਆਪਣੇ ਸੂਟਕੇਸ, ਥੈਲੇ ਤੇ ਬੁਚਕਣੀਆਂ ਚੁੱਕੀ ਤੇਜ਼ੀ ਨਾਲ ਇੱਧਰ ਉੱਧਰ ਦੌੜ ਰਹੇ ਸਨ। ਪਲੈਟਫਾਰਮ ਦੇ ਦੋਹੀਂ ਪਾਸੀਂ ਖੜ੍ਹੀਆਂ ਗੱਡੀਆਂ ਸਵਾਰੀਆਂ ਨਾਲ ਤੂਸੀਆਂ ਪਈਆਂ ਸਨ। ਚੜ੍ਹਨ ਵਾਲੀਆਂ ਸਵਾਰੀਆਂ ਉੱਤਰਨ ਵਾਲੀਆਂ ਨਾਲੋਂ ਕਾਹਲੀਆਂ ਸਨ। ਦੋਵੇਂ ਧਿਰਾਂ ਇਕ ਦੂਜੀ ਦਾ ਰਸਤਾ ਰੋਕੀ ਖੜ੍ਹੀਆਂ ਸਨ। ਲੋਕ ਬਹੁਤ ਕਠਿਨਾਈ ਨਾਲ ਉੱਤਰ ਚੜ੍ਹ ਰਹੇ ਸਨ। ਸਵਾਰੀਆਂ ਨਾਲੋਂ ਵੀ ਰਿਸ਼ਤੇਦਾਰਾਂ ਦੀ ਭੀੜ ਕਿਤੇ ਜ਼ਿਆਦਾ ਸੀ। ਇਕ ਪਾਸੇ ਆਈਆਂ ਸਵਾਰੀਆਂ ਦੇ ਰਿਸ਼ਤੇਦਾਰ ਉਨ੍ਹਾਂ ਨੂੰ ਹੱਸ ਹੱਸ ਕੇ ਮਿਲ ਰਹੇ ਸਨ ਅਤੇ ਦੂਸਰੇ ਪਾਸੇ ਜਾ ਰਹੀਆਂ ਸਵਾਰੀਆਂ ਨੂੰ ਉਨ੍ਹਾਂ ਦੇ ਰਿਸ਼ਤੇਦਾਰ ਗਿੱਲੀਆਂ ਅੱਖਾਂ ਨਾਲ ਵਿਦਾ ਕਰ ਰਹੇ ਸਨ। ਕਈ ਫੌਜੀ ਤੇ ਹੋਰ ਕਰਮਚਾਰੀ ਛੁੱਟੀ ਕੱਟ ਕੇ ਵਾਪਸ ਜਾ ਰਹੇ ਸਨ। ਜਿਉਂ ਜਿਉਂ ਗੱਡੀ ਚੱਲਣ ਦਾ ਸਮਾਂ ਨੇੜੇ ਆ ਰਿਹਾ ਸੀ, ਉਨ੍ਹਾਂ ਦੀ ਆਪਣੇ ਰਿਸ਼ਤੇਦਾਰਾਂ ਨਾਲ ਗਲਵੱਕੜੀ ਦੀ ਕੱਸ ਵਧਦੀ ਜਾ ਰਹੀ ਸੀ।

ਬੰਬਈ ਤੋਂ ਦਿੱਲੀ ਅਤੇ ਅੰਮ੍ਰਿਤਸਰ ਜਾਣ ਵਾਲੀ ਗੱਡੀ ਦੇ ਚੱਲਣ ਵਿਚ ਸਿਰਫ਼ ਪੰਜ ਕੁ ਮਿੰਟ ਹੀ ਬਾਕੀ ਰਹਿ ਗਏ ਸਨ, ਪਰ ਕਈ ਸਵਾਰੀਆਂ ਅਜੇ ਵੀ ਪਲੈਟਫਾਰਮ 'ਤੇ ਹੀ ਦੌੜੀਆਂ ਫਿਰਦੀਆਂ ਸਨ। ਉਨ੍ਹਾਂ ਨੂੰ ਕਿਤੇ ਵੀ ਥਾਂ ਨਹੀਂ ਮਿਲ ਰਹੀ ਸੀ। ਅਮਰੀਕ ਸਿੰਘ ਦਾ ਪਰਿਵਾਰ ਅਜੇਹੀਆਂ ਸਵਾਰੀਆਂ ਵਿਚੋਂ ਹੀ ਇਕ ਸੀ। ਉਸ ਨੇ ਚਾਰ ਸੀਟਾਂ ਆਪਣੇ ਪਰਿਵਾਰ ਲਈ ਰਾਖਵੀਆਂ ਕਰਵਾਈਆਂ ਹੋਈਆਂ ਸਨ ਪਰ ਸਟੇਸ਼ਨ 'ਤੇ ਪਹੁੰਚ ਕੇ ਪਤਾ ਲੱਗਾ ਕਿ ਰਾਖਵੀਂ ਸੂਚੀ ਵਿਚ ਉਹਦਾ ਨਾਂ ਕਿਤੇ ਵੀ ਨਹੀਂ ਸੀ। ਗੱਡੀ ਦਾ ਕੰਡਕਟਰ ਕਿਤੇ ਢੂੰਡਿਆਂ ਵੀ ਨਜ਼ਰ ਨਹੀਂ ਆਉਂਦਾ ਸੀ, ਪਤਾ ਨਹੀਂ ਕਿਹੜੇ ਪਤਾਲੀਂ ਨਿੱਘਰ ਗਿਆ ਸੀ। ਹਾਰ ਕੇ ਉਸਨੇ ਇਕ ਕੁਲੀ ਨੂੰ ਥਾਂ ਲੱਭਣ ਲਈ ਕਿਹਾ। ਕੁਲੀ ਨੇ ਛੇਤੀ ਨਾਲ ਸਮਾਨ ਉਠਾਇਆ ਤੇ ਸਭ ਤੋਂ ਲਾਗਲੇ ਡੱਬੇ 'ਤੇ ਹੱਲਾ ਬੋਲ ਦਿੱਤਾ। ਡੱਬਾ ਸਵਾਰੀਆਂ ਅਤੇ ਸਮਾਨ ਨਾਲ ਤੂੜਿਆਂ ਪਿਆ ਸੀ। ਸਾਰੇ ਫਰਸ਼ 'ਤੇ ਵੀ ਸਮਾਨ ਹੀ ਸੀ। ਅਟੈਚੀਕੇਸਾਂ ਦੀਆਂ ਹੁੱਝਾਂ ਮਾਰ ਕੇ ਕੁਲੀ ਨੇ ਦਰਵਾਜ਼ੇ ਵਿਚ ਖੜ੍ਹੀਆਂ ਸਵਾਰੀਆਂ ਨੂੰ ਪਾਸੇ ਕੀਤਾ ਤੇ ਗੱਡੀ ਅੰਦਰ ਬਾਥਰੂਮ ਦੇ ਬੂਹੇ ਅੱਗੇ ਸਮਾਨ ਚਿਣ ਦਿੱਤਾ।

"ਅਰੇ ਭਾਈ ਤੁਮ ਨੇ ਬਾਥਰੂਮ ਕਾ ਦਰਵਾਜ਼ਾ ਰੋਕ ਦੀਆ, ਹਮ ਬਾਥਰੂਮ ਕੈਸੇ ਜਾਏਂਗੇ?" ਕਈ ਆਵਾਜ਼ਾਂ ਆਈਆਂ। "ਭਾਈ ਸਾਹਿਬ ਦਰਵਾਜ਼ੇ ਕੀ ਜ਼ਰੂਰਤ ਤੋ ਤਬ ਪੜੇਗੀ ਅਗਰ ਆਪ ਵਹਾਂ ਤੱਕ ਪਹੁੰਚ ਸਕੇਂਗੇ, ਅਗਰ ਪਹੁੰਚ ਹੀ ਨਹੀਂ ਸਕਤੇ, ਦਰਵਾਜ਼ਾ ਖੁਲ੍ਹੇ ਨਾ ਖੁਲ੍ਹੇ ਕਿਆ ਫਰਕ ਪੜਤਾ ਹੈ।" ਕਈ ਲੋਕ ਹੱਸ ਪਏ, ਕਈਆਂ ਨੇ ਬੁੜ ਬੁੜ ਕੀਤਾ, ਪਰ ਕੁਲੀ ਆਪਣਾ ਕੰਮ ਕਰੀ ਜਾ ਰਿਹਾ ਸੀ।

"ਆਏਂ ਬਹਿਨ ਜੀ, ਮੈਂ ਨੇ ਆਪ ਕੇ ਬੈਠਨੇ ਕੇ ਲਿਏ ਭੀ ਜਗ੍ਹਾ ਬਨਾ ਦੀ ਹੈ।" ਉਸ ਨੇ ਅਮਰੀਕ ਦੀ ਪਤਨੀ ਭੁਪਿੰਦਰ ਨੂੰ ਆਖਿਆ।

"ਮੈਂ ਕੈਸੇ ਆਵਾਂ? ਚੜ੍ਹਿਆ ਤੇ ਜਾਂਦਾ ਨਹੀਂ।"

"ਜ਼ਰਾ ਪਾਸੇ ਹੋ ਜਾਏਂ ਭਾਈ ਸਾਹਿਬ।" ਕੁਲੀ ਨੇ ਕੁਝ ਸਵਾਰੀਆਂ ਨੂੰ ਪਾਸੇ ਧੱਕਦਿਆਂ ਆਖਿਆ। ਉਸਨੇ ਅਜੇ ਪੈਸੇ ਲੈਣੇ ਸਨ। "ਸੰਭਲ ਕੇ" ਅਮਰੀਕ ਨੇ ਪਿੱਛੋਂ ਭਿੰਦਰ ਨੂੰ ਆਸਰਾ ਦਿੱਤਾ। ਪੰਜ ਕੁ ਸਾਲ ਦੀ ਬਬਲੀ ਨੂੰ ਭਿੰਦਰ ਨੇ ਖਿੱਚ ਲਿਆ ਤੇ ਅੱਠ ਕੁ ਸਾਲ ਦਾ ਬਿੱਟੂ ਆਪਣੇ ਡੈਡੀ ਦੇ ਨਾਲ ਅੰਦਰ ਆ ਗਿਆ।

"ਕਿੰਨੇ ਪੈਸੇ?" ਅਮਰੀਕ ਨੇ ਬਟੂਆ ਕੱਢਦਿਆਂ ਕੁਲੀ ਨੂੰ ਪੁੱਛਿਆ।

"ਬੀਸ ਰੁਪਏ। ਆਪ ਸੇ ਕੋਈ ਜ਼ਿਆਦਾ ਥੋੜ੍ਹਾ ਲੂੰਗਾ।"

"ਵੀਹ ਰੁਪਈਏ?" ਅਮਰੀਕ ਦਾ ਮੂੰਹ ਖੁੱਲ੍ਹਾ ਹੀ ਰਹਿ ਗਿਆ।

"ਹਜ਼ੂਰ ਐਸੇ ਮੌਕੇ ਪਰ ਤੋ ਆਪ ਜੈਸੇ ਸਰਦਾਰ ਪਚਾਸ ਤੱਕ ਭੀ ਦੇ ਜਾਤੇ ਹੈਂ। ਆਪ ਨੇ ਦੇਖ ਹੀ ਲੀਆ ਹੈ ਕਿਤਨੀ ਮੁਸ਼ਕਲ ਸੇ ਜਗ੍ਹਾ ਲੇਕਰ ਦੀ ਹੈ। ਆਜ ਕਲ ਮੰਦਰ ਮੇ ਦਾਖਲ ਹੋਨਾ ਆਸਾਨ ਹੈ ਲੇਕਿਨ ਗਾੜੀ ਮੇ ਨਹੀਂ।"

"ਅੱਛਾ ਯੇਹ ਲੋ ਔਰ ਬਾਤੇਂ ਮੱਤ ਬਨਾਉ।" ਅਮਰੀਕ ਨੇ ਵੀਹ ਰੁਪਏ ਫੜਾਉਂਦਿਆਂ ਆਖਿਆ।

"ਸਰਦਾਰ ਜੀ ਆਪ ਕੋਈ ਅਹਿਸਾਨ ਨਹੀਂ ਕਰ ਰਹੇ ਮੁਝ ਪੇ - ਕੋਈ ਔਰ ਹੋਤਾ ਤੋ ਤੀਸ ਸੇ ਕਮ ਨ ਲੇਤਾ"

'ਸਾਲਿਆ ਮੈਂ ਤੇਰਾ ਭੜਵੱਈਆ ਲੱਗਦਾਂ।' ਅਮਰੀਕ ਦਿਲ ਵਿਚ ਹੱਸਿਆ, ਪਰ ਉਹਨੂੰ ਗਲੋਂ ਲਾਹੁਣ ਮਾਰਿਆਂ ਬੋਲਿਆ ਕੁਝ ਨਾ। ਗੱਡੀ ਨੇ ਵਿਸਲ ਦੇ ਦਿੱਤੀ। ਭੁਪਿੰਦਰ ਦਾ ਭਰਾ ਕਸ਼ਮੀਰ ਜੋ ਉਹਨਾਂ ਨੂੰ ਚੜ੍ਹਾਉਣ ਆਇਆ ਸੀ, ਬਾਰੀ ਸਾਹਮਣੇ ਆ ਕੇ ਖਲੋ ਗਿਆ।

"ਭੈਣ ਜੀ ਛੇਤੀ ਆ ਜਿਉ, ਮੇਰਾ ਜੀ ਨੀ ਲੱਗਣਾ। ਬਿੱਟੂ ਤੇ ਬਬਲੀ ਤਾਂ ਬਹੁਤ ਯਾਦ ਆਉਣਗੇ।" ਕਸ਼ਮੀਰ ਦੀਆਂ ਅੱਖਾਂ ਭਰ ਆਈਆਂ।

"ਤਿੰਨਾਂ ਸਾਲਾਂ ਬਾਅਦ ਚੱਲੇ ਆਂ, ਹੁਣ ਕੁੱਛ ਚਿਰ ਰਹਿ ਕੇ ਈ ਆਵਾਂਗੇ। ਪੰਜਾਬ ਕਿਹੜਾ ਨੇੜੇ ਤੇੜੇ ਐ ਜੁ ਬੰਦਾ ਰੋਜ਼ ਚਲਾ ਜਾਵੇ।"

"ਚੰਗਾ ਜਾਂਦਿਆਂ ਈ ਤਾਰ ਦੇ ਦਿਉ ਠੀਕਠਾਕ ਪਹੁੰਚਣ ਦੀ।" ਕਸ਼ਮੀਰ ਨੇ ਗੱਡੀ ਦੇ ਨਾਲ ਨਾਲ ਤੁਰਦਿਆਂ ਆਖਿਆ। ਗੱਡੀ ਹੁਣ ਚੱਲ ਪਈ ਸੀ। "ਜ਼ਰੂਰ, ਤੂੰ ਵੀ ਆਪਣਾ ਖ਼ਿਆਲ ਰੱਖੀਂ।" ਅਮਰੀਕ ਨੇ ਆਖਿਆ।

"ਚੰਗਾ ਸਾਸਰੀ ਕਾਲ।"

"ਸਤਿ ਸ੍ਰੀ ਅਕਾਲ।"

"ਪਤਾ ਨ੍ਹੀਂ ਇਸ ਮੁਲਕ ਦਾ ਕੀ ਬਣੂੰ, ਚੰਗੀਆਂ ਭਲੀਆਂ ਸੀਟਾਂ ਰੀਜ਼ਰਵ ਕਰਵਾਈਆਂ ਸੀ, ਸਾਲਿਆਂ ਨੇ ਪਤਾ ਨ੍ਹੀਂ ਕੀ ਕਰ'ਤਾ।" ਛੱਤੀ ਘੰਟੇ ਦੇ ਸਫ਼ਰ ਬਾਰੇ ਸੋਚਦਿਆਂ ਅਮਰੀਕ ਨੇ ਆਖਿਆ। "ਇੱਥੇ ਤਾਂ 'ਨ੍ਹੇਰ ਪਿਐ, ਕਿਸੇ ਹੋਰ ਕੁਲੱਗਦੇ ਤੋਂ ਪੈਸੇ ਲੈ ਕੇ ਉਹਨੂੰ ਦੇ'ਤੀਆਂ ਹੋਣਗੀਆਂ। ਇੱਥੇ ਕਿਹੜਾ ਕੋਈ ਪੁੱਛਣ ਆਲੈ?" ਜਿੰਦਰ ਨੇ ਬਿੱਟੂ ਤੇ ਬਬਲੀ ਨੂੰ ਅਟੈਚੀਕੇਸ 'ਤੇ ਬਿਠਾਉਂਦਿਆਂ ਆਖਿਆ।

"ਅਗਲੇ ਜੰਕਸ਼ਨ 'ਤੇ ਚੱਲ ਕੇ ਸਾਲੇ ਕੰਡਕਟਰ ਨੂੰ ਤਾਂ ਬੰਦਾ ਬਣਾਊਂ।"

"ਲੈ ਤੁਸੀਂ ਉਹਦਾ ਕੀ ਵਿਗਾੜ ਲਉਂਗੇ - ਉਹ ਆਖੂ ਮੇਰਾ ਕੀ ਕਸੂਰ ਐ, ਮੇਰੇ ਆਲੀ ਲਿਸਟ 'ਚ ਤਾਂ ਤੁਹਾਡਾ ਨਾ ਹੈ ਨੀ।"

"ਇਹ ਵੀ ਠੀਕ ਐ। ਇਹ ਸਾਰੇ ਈ ਕੁੱਤੇ ਨੇ ਤੇ ਰਲ ਕੇ ਈ ਖਾਂਦੇ ਐ।"

"ਠੀਕ ਐ ਸਰਦਾਰ ਜੀ ਥੋਡੀ ਗੱਲ। ਮੈਨੂੰ ਪਤਾ ਇੰਨ੍ਹਾਂ ਦੀਆਂ ਕਰਤੂਤਾਂ ਦਾ। ਇਕ ਵਾਰ ਮੇਰੇ ਨਾਲ ਵੀ ਇਹਨਾਂ ਇਸੇ ਈ ਕੀਤੀ ਸੀ। ਪਰ ਮੈਂ ਤਾਂ ਮ੍ਹੀਨੇ 'ਚ ਕਈ ਗੇੜੇ ਮਾਰਦਾਂ ਤੇ ਸਟੇਸ਼ਨ 'ਤੇ ਸਾਝ੍ਹੇ ਈ ਆ ਕੇ ਚੈੱਕ ਕਰ ਲੈਨਾ। ਦੂਰ ਬੈਠੇ ਇਕ ਲਾਲਾ ਜੀ ਬੋਲੇ।

"ਆਹੋ ਜੀ, ਤੇ ਹੋਰ ਇਹਨਾਂ ਕਿਹੜੀ ਸਾਡੇ ਕੱਲਿਆਂ ਨਾਲ ਈ ਕੀਤੀ ਐ।"

"ਤੁਸੀਂ ਜੁਆਕਾਂ ਨੂੰ ਮੇਰੇ ਕੰਨੀ ਭੇਜ ਦਿਉ - ਇੱਥੇ 'ਰਾਮ ਨਾਲ ਬਹਿ ਲੈਣਗੇ।" ਲਾਲਾ ਜੀ ਨੇ ਪਿਆਰ ਜਤਾਉਂਦਿਆਂ ਆਖਿਆ।

"ਕਾਹਨੂੰ ਤੁਸੀਂ ਤੰਗ ਹੋਵੋਗੇ।"

"ਨਹੀਂ, ਤੰਗੀ ਕਾਹਦੀ ਐ, ਰਲ ਕੇ ਸਫ਼ਰ ਕੱਟ ਲੈਨੇ ਆਂ। ਆ ਜੋ ਬੱਚਿਉ।"

"ਜਾਉ ਬੇਟੇ ਬਾਊ ਜੀ ਕੋਲ ਜਾ ਕੇ ਬੈਠ ਜਾਉ।" ਅਮਰੀਕ ਨੇ ਬੱਚਿਆਂ ਨੂੰ ਉਠਾਉਂਦਿਆਂ ਆਖਿਆ। ਉਹ ਦੋਵੇਂ ਲੋਕਾਂ ਦੇ ਮੋਢਿਆਂ 'ਤੋਂ ਉੱਛਲਦੇ ਤਰਦੇ ਲਾਲਾ ਜੀ ਕੋਲ ਪਹੁੰਚ ਹੀ ਗਏ। ਲਾਲਾ ਜੀ ਨੇ ਸੀਟ ਹੇਠੋਂ ਅਟੈਚੀਕੇਸ ਖਿੱਚ ਕੇ ਬਿੱਟੂ ਦੇ ਬੈਠਣ ਲਈ ਜਗ੍ਹਾ ਬਣਾ ਦਿੱਤੀ ਤੇ ਬਬਲੀ ਨੂੰ ਆਪਣੇ ਕੋਲ ਬਿਠਾ ਲਿਆ।

"ਬੇਟੇ ਕੀ ਨਾਂ ਤੇਰਾ?" ਉਹਨਾਂ ਬਬਲੀ ਨੂੰ ਪੁੱਛਿਆ।

"ਬਬਲੀ।" ਉਸਨੇ ਬੜੇ ਪਿਆਰ ਨਾਲ ਉੱਤਰ ਦਿੱਤਾ।

"ਤੇ ਕਾਕਾ ਤੇਰਾ?"

"ਜੀ ਪੂਰਾ ਨਾਂ ਤਾਂ ਨਵਦੀਪ ਸਿੰਘ ਐ, ਪਰ ਛੋਟਾ ਨਾਂ ਬਿੱਟੂ ਐ।"

"ਬੜੇ ਪਿਆਰੇ ਬੱਚੇ ਓ ਤੁਸੀਂ ਦੋਵੇਂ।" ਲਾਲਾ ਜੀ ਨੇ ਉਹਨਾਂ ਦਾ ਸਿਰ ਪਲੋਸਿਆ। "ਸੱਚਮੁੱਚ ਈ ਬਹੁਤ ਪਿਆਰੇ ਨੇ।" ਸਾਹਮਣੀ ਸੀਟ 'ਤੇ ਬੈਠੀ ਬਿਮਲਾ ਦੀ ਆਵਾਜ਼ ਆਈ। ਸਾਫ਼ ਸੁਥਰੇ ਕੱਪੜਿਆਂ ਵਿੱਚ ਉਹ ਬਹੁਤ ਪਿਆਰੇ ਲੱਗ ਰਹੇ ਸਨ। ਅਕਤੂਬਰ ਦਾ ਛੇਕੜਲਾ ਪੱਖ ਸੀ। ਸ਼ਾਮ ਦੇ ਪੰਜ ਕੁ ਵੱਜੇ ਸਨ। ਅਜੇ ਠੰਡ ਜ਼ਿਆਦਾ ਨਹੀਂ ਸੀ। ਬਹੁਤ ਸੁਹਾਵਣੀ ਰੁੱਤ ਸੀ। ਉਹ ਗੱਡੀ ਵਿੱਚ ਬੈਠੇ ਬਹੁਤ ਖੁਸ਼ ਸਨ। ਗੱਡੀ ਪੱਛਮੀ ਘਾਟ ਦੀਆਂ ਪਹਾੜੀਆਂ 'ਚੋਂ ਲੰਘ ਰਹੀ ਸੀ। ਸ਼ਾਮ ਦੀ ਸਾਫ਼ ਸੁਥਰੀ ਹਵਾ ਮਹਿਕ ਖਿੰਡਾ ਰਹੀ ਸੀ। ਡੀਜ਼ਲ ਇੰਜਣ ਹੋਣ ਕਰਕੇ ਧੂੰਏਂ ਤੋਂ ਵੀ ਬਚਾਅ ਸੀ।

"ਪੰਜਾਬ ਵਿਚ ਕਿੱਥੇ ਜਾਣੈਂ?" ਲਾਲਾ ਜੀ ਬੱਚਿਆਂ ਨਾਲ ਵਾਰਤਾਲਾਪ ਜਾਰੀ ਰੱਖਣਾ ਚਾਹੁੰਦੇ ਸਨ।

"ਜੀ ਅੰਬਰ ਸਰ।"

"ਵਾਹ ਵਾਹ, ਤਾਂ ਗੁਰੂ ਕੀ ਨਗਰੀ ਜਾ ਰਹੇ ਓ, ਖਾਸ ਸ਼ਹਿਰ ਜਾਣੈਂ ਜਾਂ ਕਿਸੇ ਪਿੰਡ?"

"ਜੀ ਅਸੀਂ ਨਾਲੇ ਆਪਣੇ ਪਿੰਡ ਜਾਣੈ, ਨਾਲੇ ਆਪਣੇ ਨਾਨਕੀਂ ਤੇ ਨਾਲੇ ਹੋਰ ਕਈ ਥਾਈਂ।" ਬਿੱਟੂ ਕੋਲੋਂ ਚਾਅ ਸੰਭਾਲਿਆ ਨਹੀਂ ਜਾਂਦਾ ਸੀ। "ਥੋਡਾ ਪਿੰਡ ਕਿਹੜੈ?" ਲਾਲਾ ਜੀ ਨੇ ਮੁਸਕਰਾਉਂਦਿਆਂ ਪੁੱਛਿਆ।

"ਜੀ ਜਿੱਥੇ ਮੇਰੇ ਦੋ ਚਾਚੇ ਤੇ ਇਕ ਭੂਆ ਰਹਿੰਦੀ ਐ, ਨਾਲੇ ਮੇਰੇ ਬਾਪੂ ਜੀ ਤੇ ਮਾਂ ਜੀ।" ਉਸ ਦੀਆਂ ਭੋਲੀਆਂ ਗੱਲਾਂ ਸਭ ਨੂੰ ਮੋਹ ਰਹੀਆਂ ਸਨ। "ਤੈਨੂੰ ਆਪਣੇ ਪਿੰਡ ਦਾ ਨਾਂ ਆਉਂਦੈ?"

"ਨਾਂਅ? ਨਾਂ? ਜੀ ਉੱਥੇ ਬੜੀ ਵੱਡੀ ਨਹਿਰ ਐ ਤੇ ਨਾਲੇ ਤਲਾਅ। ਨਾਲੇ ਬੜੇ ਗੰਨੇ ਐ।" ਇਹ ਸਾਰੀਆਂ ਚੀਜ਼ਾਂ ਨੂੰ ਯਾਦ ਕਰਕੇ ਬਿੱਟੂ ਨੂੰ ਜਿਵੇਂ ਸਰੂਰ ਜਿਹਾ ਆ ਗਿਆ। ਜਦ ਉਹ ਪਿਛਲੀ ਵਾਰ ਗਿਆ ਸੀ ਤਾਂ ਉਹ ਪੰਜ ਕੁ ਸਾਲ ਦਾ ਸੀ। ਉਹਨੂੰ ਬਹੁਤ ਗੱਲਾਂ ਤਾਂ ਯਾਦ ਨਹੀਂ ਸਨ ਪਰ ਸਭ ਦਾ ਪਿਆਰ ਯਾਦ ਸੀ ਤੇ ਜਾਂ ਯਾਦ ਸੀ ਗੰਨੇ ਚੂਪਣਾ ਤੇ ਮੱਝਾਂ 'ਤੇ ਚੜ੍ਹਨਾ। ਉਹ ਖ਼ਿਆਲਾਂ ਵਿਚ ਆਪਣੇ ਦਾਦਕੇ ਪਿੰਡ ਪਹੁੰਚ ਗਿਆ। ਉਹ ਸੋਚ ਰਿਹਾ ਸੀ ਕਿ ਸਾਰੇ ਉਸਨੂੰ ਮਿਲ ਕੇ ਕਿੰਨੇ ਖੁਸ਼ ਹੋਣਗੇ। ਕਦੇ ਉਸਨੂੰ ਭੂਆ ਚੁੰਮੇਗੀ, ਕਦੇ ਚਾਚੇ ਤੇ ਕਦੇ ਦਾਦਾ ਦਾਦੀ। ਲਾਲਾ ਜੀ ਦੇ ਅਗਲੇ ਸੁਆਲ ਨੇ ਉਹਦੀ ਸੋਚਾਂ ਦੀ ਲੜੀ ਤੋੜੀ।

"ਤੈਨੂੰ ਗੰਨੇ ਬਹੁਤ ਚੰਗੇ ਲੱਗਦੇ ਐ?"

"ਬਹੁਤ ਜੀ, ਮੈਂ ਤਾਂ ਸਾਰਾ ਦਿਨ ਗੰਨੇ ਈ ਚੂਪਦਾ ਰਿਹਾ ਕਰੂੰ।" ਆਸ ਪਾਸ ਸਾਰੇ ਮੁਸਕਰਾ ਪਏ। ਇਸ ਸਾਰੇ ਸਮੇਂ ਵਿਚ ਬਬਲੀ ਨਾਲ ਕਿਸੇ ਦੀ ਘੱਟ ਹੀ ਗੱਲ ਹੋਈ। ਉਹ ਵੀ ਵਾਰਤਾਲਾਪ ਵਿਚ ਹਿੱਸਾ ਲੈਣਾ ਚਾਹੁੰਦੀ ਸੀ, ਪਰ ਸਮਝ ਨਹੀਂ ਸੀ ਆਉਂਦੀ ਕਿ ਕੀ ਆਖੇ। ਆਖ਼ਰ ਉਸ ਨੇ ਵੀ ਸੁਆਲ ਦਾਗ ਹੀ ਦਿੱਤਾ: "ਵੀਰ ਜੀ, ਮੈਨੂੰ ਵੀ ਗੰਨੇ ਚੰਗੇ ਲੱਗਦੇ ਐ?" ਉਸਨੇ ਬਿੱਟੂ ਨੂੰ ਪੁੱਛਿਆ। ਸਾਰੇ ਪਾਸੇ ਹਾਸਾ ਗੂੰਜ ਉਠਿਆ। ਬਬਲੀ ਖੁਸ਼ ਹੋ ਗਈ ਕਿ ਸਾਰੇ ਉਹਦੀ ਗੱਲ 'ਤੇ ਹੱਸੇ ਹਨ। ਸ਼ਾਮ ਦੇ ਛੇ ਵੱਜਣ ਵਾਲੇ ਸਨ। ਪਹਾੜੀ ਇਲਾਕੇ ਵਿਚ ਹਨੇਰਾ ਹੋ ਰਿਹਾ ਸੀ। ਬੱਤੀਆਂ ਜਗ ਪਈਆਂ। ਪਹਾੜੀਆਂ ਦੇ ਘਰਾਂ 'ਚੋਂ ਸ਼ਾਮ ਦਾ ਧੂੰਆਂ ਬਹੁਤ ਸੁਹਾਵਣਾ ਲੱਗ ਰਿਹਾ ਸੀ। ਵਾਤਾਵਰਣ ਵਿੱਚ ਮਹਿਕ ਸੀ। ਵਲ-ਵਿੰਗ ਖਾਂਦੀ ਗੱਡੀ ਖ਼ਾਮੋਸ਼ੀ ਨੂੰ ਚੀਰਦੀ ਤੁਰੀ ਜਾ ਰਹੀ ਸੀ। ਉਸ ਦੀਆਂ ਬੱਤੀਆਂ ਦੂਰੋਂ ਇੰਨੀਆਂ ਸੁੰਦਰ ਲੱਗਦੀਆਂ ਸਨ ਜਿਵੇਂ ਕੋਈ ਸੱਜ ਵਿਆਹੀ ਪਰੀ ਅਕਾਸ਼ ਤੋਂ ਉੱਤਰ ਕੇ ਧਰਤੀ ਦੀ ਹਿੱਕ 'ਤੇ ਪੈਲਾਂ ਪਾ ਰਹੀ ਹੋਵੇ। ਪਹਾੜੀਏ ਇਹੋ ਜਿਹੀਆਂ ਕਈ ਗੱਡੀਆਂ ਰੋਜ਼ ਲੰਘਦੀਆਂ ਵੇਖਦੇ ਸਨ, ਪਰ ਬਹੁਤਿਆਂ ਨੂੰ ਇਹਨਾਂ 'ਤੇ ਝੂਟਾ ਲੈਣ ਦੀ ਨਸੀਬ ਨਹੀਂ ਹੋਇਆ ਸੀ, ਜਿਵੇਂ ਇਹ ਉਹਨਾਂ ਦੀ ਜ਼ਿੰਦਗੀ ਦਾ ਕੋਈ ਹਿੱਸਾ ਨਾ ਹੋਣ ਤੇ ਸੱਚਮੁੱਚ ਅਕਾਸ਼ ਤੋਂ ਆਈਆਂ ਪਰੀਆਂ ਹੀ ਹੋਣ।

ਹਵਾ ਦੀ ਮਹਿਕ ਨੇ ਸਵਾਰੀਆਂ ਦੇ ਢਿੱਡਾਂ ਵਿਚ ਚੋਰ ਪਾ ਦਿੱਤੀ। ਸਾਰੇ ਹੀ ਕੁਝ ਖਾਣ ਦਾ ਆਹਰ ਪਾਹਰ ਕਰਨ ਲੱਗ ਪਏ। ਨਾਲ ਦੀ ਸੀਟ 'ਤੇ ਬੈਠੇ ਇਕ ਬੱਚੇ ਦੇ ਹੱਥ ਵਿਚ ਪੂਰੀ ਵੇਖ ਕੇ ਬਬਲੀ ਦੇ ਮੂੰਹ ਵਿਚ ਵੀ ਪਾਣੀ ਆ ਗਿਆ।

"ਮੰਮੀ ਉਠੋ ਆਉ।" ਉਸ ਨੇ ਦੂਰੋਂ ਹੀ ਆਪਣੀ ਮੰਮੀ ਨੂੰ ਹੁਕਮ ਚਾੜ੍ਹ ਦਿੱਤਾ।

"ਭੀੜ 'ਚ ਮੇਰਾ ਆਉਣਾ ਮੁਸ਼ਕਲ ਐ, ਇੱਥੇ ਈ ਦੱਸਦੇ ਕੀ ਗੱਲ ਐ ?"

"ਨਹੀਂ ਤੁਸੀਂ ਏਥੇ ਆਉ।" ਔਖੇ ਸੌਖੇ ਕਿੰਦਰ ਉਥੇ ਪਹੁੰਚ ਗਈ।

"ਕੀ ਗੱਲ ਐ ਬੇਟੇ ਨੂੰ ?" "ਮੈਂ ਵੀ ਪੂਰੀ ਲੈਣੀ ਐ।" ਬਬਲੀ ਨੇ ਕਿੰਦਰ ਦੇ ਕੰਨ 'ਚ ਆਖਿਆ।

"ਮੈਂ ਬੇਟੇ ਵਾਸਤੇ ਗੋਭੀ ਦੇ ਪਰਾਉਂਠੇ ਲਿਆਈ ਆਂ। ਉਹ ਦਿੰਨੀ ਆਂ।"

"ਨਹੀਂ ਮੈਂ ਪੂਰੀ ਲੈਣੀ ਐ।"

"ਚੰਗਾ ਠਹਿਰ ਜਾ, ਅਗਲਾ 'ਟੇਸ਼ਨ ਆ ਲੈਣ ਦੇ, ਉਥੋਂ ਲੈ ਦਿਆਂਗੇ।"

"ਊਂ ਊਂ ਮੈਨੂੰ ਭੁੱਖ ਲੱਗੀ ਐ।" ਬਬਲੀ ਖਹਿੜੇ ਪੈ ਗਈ।

"ਕਿਆ ਬਾਤ ਹੈ ਬਹਿਨ ਜੀ ? ਅਗਰ ਬੱਚੇ ਕੋ ਪੂਰੀ ਚਾਹੀਏ ਤੋ ਹਮ ਸੇ ਲੇ ਲੋ ਨਾਂ।" ਪੂਰੀ ਵਾਲੇ ਬੱਚੇ ਦੀ ਮਾਂ ਮਿਸਿਜ਼ ਭਨੂੰਸ਼ਾਲੀ ਨੇ ਦੋ ਤਿੰਨ ਪੂਰੀਆਂ ਤੇ ਕੁਝ ਛੋਲੇ ਕਿੰਦਰ ਨੂੰ ਫੜਾਉਂਦਿਆਂ ਆਖਿਆ। ਉਸ ਦੀਆਂ ਅੱਖਾਂ ਨਿਰਛਲ ਪਿਆਰ ਨਾਲ ਡੱਕੀਆਂ ਸਨ।

ਭੁੱਖ ਸਾਰਿਆਂ ਨੂੰ ਲੱਗੀ ਹੋਈ ਸੀ, ਪਰ ਭੀੜ ਕਰਕੇ ਲੋਕਾਂ ਲਈ ਖਾਣਾ ਮੁਸ਼ਕਲ ਸੀ। ਕੁਝ ਦੇਰ ਬਾਅਦ ਖਾਂਡਲਾ ਆ ਗਿਆ। ਇੱਥੇ ਕਾਫ਼ੀ ਸਵਾਰੀਆਂ ਉੱਤਰ ਗਈਆਂ ਤੇ ਭੀੜ ਕੁਝ ਘਟ ਗਈ। ਅਮਰੀਕ ਸਿੰਘ ਤੇ ਕਿੰਦਰ ਨੂੰ ਵੀ ਬੱਚਿਆਂ ਦੇ ਕੋਲ ਹੀ ਬੈਠਣ ਨੂੰ ਥਾਂ ਮਿਲ ਗਈ। ਬਹੁਤ ਸਾਰੇ ਮੁਸਾਫ਼ਰਾਂ ਨੇ ਖਾਣ ਵਾਸਤੇ ਕੁਝ ਲਿਆ। ਅਮਰੀਕ ਵੀ 7-8 ਗਲਾਸ ਚਾਹ ਅਤੇ ਕੁਝ ਕੇਲੇ ਖ਼ਰੀਦ ਲਿਆਇਆ। ਉਸ ਨੇ ਕਿੰਦਰ ਅਤੇ ਆਪਣੇ ਵਾਸਤੇ ਰੱਖ ਕੇ ਬਾਕੀ ਸਾਰੀ ਚਾਹ ਆਸ ਪਾਸ ਦੀਆਂ ਸਵਾਰੀਆਂ ਨੂੰ ਦੇ ਦਿੱਤੀ। ਸਾਰਿਆਂ ਨੇ ਪਿਆਰ ਨਾਲ ਗਲਾਸ ਫੜ੍ਹ ਲਏ। ਉਨ੍ਹਾਂ ਨੇ ਆਪੋ ਆਪਣੀਆਂ ਰੋਟੀਆਂ ਵੀ ਖੋਲ੍ਹ ਲਈਆਂ। ਇੰਨੇ ਨੂੰ ਗੱਡੀ ਵੀ ਚੱਲ ਪਈ। ਕਿੰਦਰ ਨੇ ਗੋਭੀ ਵਾਲੇ ਦੋ ਪਰਾਉਂਠੇ ਲਾਲਾ ਜੀ ਵੱਲ ਵਧਾਏ।

"ਗੁਰੂ ਬਹੁਤਾ ਦਏ, ਮੈਂ ਖਾ ਕੇ ਈ ਤੁਰਿਆ ਸਾਂ। ਹੋਰ ਨਹੀਂ ਖਾਣਾ, ਬੱਸ ਚਾਹ ਈ ਕਾਫ਼ੀ ਐ।" ਕਿੰਦਰ ਨੇ ਬਹੁਤ ਜ਼ੋਰ ਲਾਇਆ, ਪਰ ਲਾਲਾ ਜੀ ਮੰਨੇ ਨਾ। "ਸਰਦਾਰ ਜੀ ਮੱਛੀ ਨਾਲ ਚੌਲ ਲਉਗੇ ?" ਨਾਲ ਦੀ ਸੀਟ ਤੋਂ ਬਾਬੂ ਵਿਨੋਦ ਨੇ ਪੁੱਛਿਆ।

"ਤੁਸੀਂ ਦਹੀਂ ਨਾਲ ਗੋਭੀ ਵਾਲਾ ਪਰਾਉਂਠਾ ਲਉਗੇ ?" ਅਮਰੀਕ ਨੇ ਮੁਸਕਰਾ ਕੇ ਪੁੱਛਿਆ।

"ਪਰਾਉਂਠਾ ਲੈਣ ਲਈ ਈ ਤਾਂ ਤੁਹਾਨੂੰ ਸਲਾਹ ਮਾਰੀ ਐ।" ਵਿਨੋਦ ਦੀ ਸਾਥਣ ਬਿਮਲਾ ਨੇ ਹੱਸ ਕੇ ਆਖਿਆ। ਸਾਰੇ ਮੁਸਕਰਾ ਪਏ।

ਕਿੰਦਰ ਨੇ ਦੋ ਪਰਾਉਂਠੇ ਅਤੇ ਥੋੜ੍ਹਾ ਦਹੀਂ ਵਿਨੋਦ ਹੁਰਾਂ ਵੱਲ ਵਧਾਇਆ ਅਤੇ ਆਪ ਚੌਲ ਲੈ ਲਏ।

"ਸਰਦਾਰ ਸਾਹਿਬ, ਸਾਂਬਰ ਕੇ ਸਾਥ ਕੈਸਾ ਚੱਲੇਗਾ ?" ਦੂਸਰੀ ਨੁੱਕਰ 'ਚ ਬੈਠੇ ਇਕ ਅੱਧਖੜ ਤੇ ਹਸਮੁੱਖ ਗੁਜਰਾਤੀ ਬਾਬੂ ਪਟੇਲ ਬੋਲੇ।

"ਕਿਉਂ ਨਹੀਂ ਚੱਲੇਗਾ, ਜ਼ਰੂਰ ਚੱਲੇਗਾ, ਅਗਰ ਦਹੀਂ ਕੇ ਸਾਥ ਗੋਭੀ ਕਾ ਪਰਾਉਂਠਾ ਚੱਲੇਗਾ ਤੋ।"

"ਵੋਹ ਭੀ ਜ਼ਰੂਰ ਚੱਲੇਗਾ।" ਸਾਰੇ ਫਿਰ ਹੱਸ ਪਏ। "ਲੇਕਿਨ ਭਈ ਯਿਹ ਸਾਰਾ ਕੁਛ ਖਾਕਰ ਤੋ ਹਮਾਰਾ ਪੇਟ ਫਟ ਜਾਏਗਾ।"

"ਭਾਈ ਸਾਹਿਬ, ਸਾਰਾ ਕੁਛ ਤੁਸਾਂ ਆਪ ਖਾਣ ਦਾ ਠੇਕਾ ਲਿਐ ? ਕੁਝ ਭੈਣ ਜੀ ਨੂੰ ਵੀ ਦਿਉ ਨਾ।" ਬਿਮਲਾ ਨੇ ਕਿੰਦਰ ਵੱਲ ਇਸ਼ਾਰਾ ਕਰਦਿਆਂ ਅਮਰੀਕ ਨੂੰ ਚੋਟ ਲਾਈ। ਸਾਰੇ ਹੱਸਣ ਲੱਗ ਪਏ। ਉਹਨਾਂ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਡੱਬੇ ਦੇ ਉਸ ਕੁ ਹਿੱਸੇ ਵਿਚ ਬੈਠੇ ਸਾਰੇ ਮੁਸਾਫ਼ਰ ਇਕ ਪਰਵਾਰ ਦਾ ਹਿੱਸਾ ਹੋਣ। ਉਹ ਖ਼ੁਸ਼ ਸਨ ਕਿ ਲੰਮਾ ਸਫ਼ਰ ਵਧੀਆ ਕੱਟ ਜਾਏਗਾ। ਭਾਨੂੰ ਸਿਉ ਨੇ ਭੁਸਾਵਲ ਤੱਕ ਹੀ ਜਾਣਾ ਸੀ, ਪਰ ਬਾਕੀ ਸਾਰਿਆਂ ਨੇ ਦਿੱਲੀ ਜਾਂ ਅੱਗੇ ਪੰਜਾਬ ਜਾਣਾ ਸੀ। ਜਦ ਸਾਰੇ ਖਾ ਹਟੇ ਤਾਂ ਲਾਲਾ ਜੀ ਨੇ ਸਾਰਿਆਂ ਨੂੰ ਥੋੜ੍ਹਾ ਥੋੜ੍ਹਾ ਖ਼ੁਸ਼ਕ ਮੇਵਾ ਵੰਡਿਆ, ਜਿਸ ਵਿਚ ਕਾਜੂ, ਬਦਾਮ, ਗਿਰੀਆਂ ਤੇ ਮੇਵੇ ਆਦਿ ਰਲੇ ਹੋਏ ਸਨ। ਅਮਰੀਕ ਨੇ ਸਭ ਨੂੰ ਇਕ ਇਕ ਕੇਲਾ ਦੇ ਦਿੱਤਾ।

"ਸ਼ੁਕਰੀਆ ਸਰਦਾਰ ਸਾਹਿਬ।" ਕੇਲਾ ਫੜਦਿਆਂ ਆਗਰੇ ਦੇ ਅਸ਼ਰਫ਼ ਮੀਆਂ ਬੋਲੇ। ਉਹ ਤੇ ਉਹਨਾਂ ਦੀ ਬੇਗ਼ਮ ਦੂਸਰੇ ਸਿਰੇ 'ਤੇ ਕੁਰਸੀਆਂ 'ਤੇ ਬੈਠੇ ਸਨ। "ਆਪ ਕੇ ਬੱਚੇ ਹਮੇਂ ਬੇਹੱਦ ਪਸੰਦ ਆਏ ਹੈਂ। ਅੱਲ੍ਹਾ ਸਭੀ ਕੋ ਆਪ ਜੈਸੇ ਬੱਚੇ ਦੇ !"

"ਮੈਂ ਤੋ ਇਤਨਾ ਬੜੀਆ ਬੱਚਾ ਨਹੀਂ ਹੂੰ, ਖ਼ਾਨ ਸਾਹਿਬ।" ਅਮਰੀਕ ਸਿੰਘ ਮੁਸਕਰਾ ਪਿਆ।

"ਸੁਭਾਨ ਅੱਲਾ, ਆਪ ਅੱਛੇ ਹੈਂ ਤਭੀ ਤੋ ਆਪ ਕੇ ਬੱਚੇ ਅੱਛੇ ਹੈਂ।" ਮੀਆਂ ਜੀ ਨੇ ਮਜ਼ਾਕ 'ਤੇ ਕਾਬੂ ਪਾ ਲਿਆ। ਇਸ ਤਰ੍ਹਾਂ ਪਿਆਰ ਦੇ ਬਚਨ ਬੋਲਦਿਆਂ ਕਾਫ਼ੀ ਸਮਾਂ ਲੰਘ ਗਿਆ। ਬੱਚੇ ਉਂਘਲਾਉਣ ਲੱਗ ਪਏ। ਵਾਰਤਾਲਾਪ ਕਾਫ਼ੀ ਹੱਦ ਤੀਕ ਬੰਦ ਹੋ ਗਏ। ਲੌਂ ਵੱਜ ਰਹੇ ਸਨ। ਵਿਨੋਦ ਤੇ ਬਿਮਲਾ ਤਾਸ਼ ਖੇਡਣ ਲੱਗ ਪਏ। ਪਟੇਲ ਆਪਣੀਆਂ ਟਿਕਟਾਂ ਪਤਾ ਨਹੀਂ ਕਿੱਥੇ ਰੱਖ ਬੈਠੇ ਸਨ। ਉਹ ਆਪਣੇ ਬਟੂਏ ਅਤੇ ਜੇਬਾਂ ਫਰੋਲ ਰਹੇ ਸਨ। ਅਸ਼ਰਫ਼ ਮੀਆਂ ਪਾਨ ਚਬਾਉਣ ਲੱਗ ਪਏ। ਭਾਨੂੰ ਸਿਉ ਆਪਣਾ ਸਿਰ ਖੁਰਕਦਾ ਹੋਇਆ ਬਾਹਰ ਹਨੇਰੇ ਵਿਚ ਝਾਕਣ ਲੱਗ ਪਿਆ। ਅਮਰੀਕ ਸਿੰਘ ਨੇ ਬਾਥਰੂਮ ਤੱਕ ਔਖਾ ਸਫ਼ਰ ਸ਼ੁਰੂ ਕਰ ਦਿੱਤਾ। ਗੱਡੀ ਹਨੇਰੇ ਵਿਚ ਸ਼ੂਕਦੀ ਤੇਜ਼ੀ ਨਾਲ ਭੱਜੀ ਜਾ ਰਹੀ ਸੀ। ਤੇ ਛੋਟੇ ਛੋਟੇ ਸਟੇਸ਼ਨਾਂ ਨੂੰ ਬੜੀ ਆਕੜ ਨਾਲ ਪਿੱਛੇ ਛੱਡੀ ਜਾ ਰਹੀ ਸੀ। ਪਰ ਬਿੱਟੂ ਲਈ ਉਹ ਅਜੇ ਵੀ ਹੌਲੀ ਚੱਲ ਰਹੀ ਸੀ।

"ਮੰਮੀ ਅੰਬਰਸਰ ਆਉਣ 'ਚ ਅਜੇ ਕਿੰਨਾ ਚਿਰ ਐ ?"

"ਬੇਟੇ ਤੂੰ ਤਾਂ ਛੇਤੀ ਈ ਕਾਹਲਾ ਪੈ ਗਿਐਂ। ਅਜੇ ਤਾਂ ਭਲਕੇ ਤਕਾਲਾਂ ਨੂੰ ਗੱਡੀ ਦਿੱਲੀ ਪਹੁੰਚੇਗੀ। ਫਿਰ ਇਕ ਰਾਤ ਹੋਰ ਲੱਗੇਗੀ ਤੇ ਪਰਸੋਂ ਸਵੇਰੇ ਅਸੀਂ ਸੁੱਖ ਨਾਲ ਅੰਬਰਸਰ ਪਹੁੰਚ ਜਾਵਾਂਗੇ।" ਕਿੰਦਰ ਨੇ ਦੱਸਿਆ।

"ਮੰਮੀ ਸਾਨੂੰ ਕੋਈ ਲੈਣ ਆਵੇਗਾ ?"

"ਬਹੁਤ ਜਣੇ। ਤੇਰੇ ਚਾਚੇ ਤਾਂ ਜ਼ਰੂਰ ਹੋਣਗੇ। ਹੋ ਸਕਦੈ ਤੇਰਾ ਵੱਡਾ ਮਾਮਾ ਵੀ ਹੋਵੇ। ਪਹਿਲਾਂ ਚਿੱਠੀਆਂ ਪਾਈਆਂ ਸੀ, ਹੁਣ ਤਾਰ ਵੀ ਦਿੱਤੀ ਸੀ।"

"ਮੰਮੀ ਸਾਨੂੰ ਮਿਲ ਕੇ ਉਹ ਬਹੁਤ ਖ਼ੁਸ਼ ਹੋਣਗੇ, ਹੈ ਨਾ ਮੰਮੀ ?" "ਬੈ... ਹ.. ਤ, ਉਹਨਾਂ ਨੂੰ ਤਾਂ ਡੀਕ ਕਰਨੀ ਵੀ ਔਖੀ ਹੋਵੇਗੀ। ਚੰਗਾ ਤੂੰ ਹੁਣ ਸੌਂ ਜਾਹ।" ਬਿੱਟੂ ਨੇ ਅੱਖਾਂ ਮੀਟ ਲਈਆਂ। ਕਿੰਦਰ ਨੇ ਬਬਲੀ ਨੂੰ ਗੋਦ ਵਿਚ ਲੈ ਲਿਆ।

"ਤੁਸੀਂ ਕਿੰਨੀ ਦੇਰ ਬਾਅਦ ਪੰਜਾਬ ਜਾ ਰਹੇ ਓ ਭੈਣ ਜੀ ?" ਲਾਲਾ ਜੀ ਨੇ ਪੁੱਛਿਆ।

"ਤਿੰਨਾਂ ਸਾਲਾਂ ਬਾਅਦ ਚੱਲੇ ਆਂ ਭਾ ਜੀ।"

"ਜੁਆਕ ਤਾਂ ਹੀ ਪਹੁੰਚਣ ਨੂੰ ਬਹੁਤ ਕਾਹਲੇ ਐ।"

"ਹਾਂ ਜੀ। ਉਹ ਵੀ ਅੱਖਾਂ ਚੁੱਕ ਚੁੱਕ 'ਤੱਕਦੇ ਰਹਿੰਦੇ ਐਂ। ਸਾਰੇ ਬੜਾ ਪਿਆਰ ਕਰਦੇ ਐ ਇਹਨਾਂ ਨਾਲ।"

"ਵੈਸੇ ਤਾਂ ਸਾਰੇ ਨਾਨਕੇ ਦਾਦਕੇ ਆਪਣੇ ਬੱਚਿਆਂ ਨੂੰ ਪਿਆਰ ਕਰਦੇ ਐ ਪਰ ਤੁਹਾਡੇ ਬੱਚੇ ਤਾਂ ਹੈਨ ਵੀ ਬਹੁਤ ਪਿਆਰੇ।" ਲਾਲਾ ਜੀ ਨੇ ਭਿੰਦਰ ਨੂੰ ਗਿੱਠ ਉੱਚੀ ਕਰ ਦਿੱਤਾ।

"ਮੈਂ ਤਾਂ ਕਦੀ ਡਰਦੀ ਨੇ ਇਹਨਾਂ ਨੂੰ ਸ਼ਿੰਗਾਰਿਆ ਹੀ ਨਹੀਂ। ਚੰਗਿਆਂ ਨੂੰ ਨਜ਼ਰ ਝੱਟ ਹੀ ਲੱਗ ਜਾਂਦੀ ਐ। ਉਥੇ ਤਾਂ ਸਾਰੇ ਪਿੰਡ ਨੇ ਇਹਨਾਂ ਨੂੰ ਚੁੱਕੀ ਫਿਰਨਾ।" ਭਿੰਦਰ ਨੂੰ ਉਹਨਾਂ ਦੀ ਮਾਂ ਹੋਣ ਦਾ ਪੂਰਾ ਮਾਣ ਸੀ। "ਤੁਸੀਂ ਕਿੱਥੇ ਜਾਣੈਂ ਭਾ ਜੀ?" ਉਸਨੇ ਲਾਲਾ ਜੀ ਨੂੰ ਪੁੱਛਿਆ।

"ਲੁਧਿਆਣੇ। ਪਰ ਮੇਰਾ ਅੰਮ੍ਰਿਤਸਰ ਵੀ ਬਹੁਤ ਫੇਰਾ ਰਹਿੰਦੈ। ਜਿੰਨਾਂ ਚਿਰ ਮੈਂ ਮਹੀਨੇ 'ਚ ਇਕ ਵਾਰੀ ਦਰਬਾਰ ਸਾਹਿਬ ਜਾ ਕੇ ਦਰਸ਼ਨ ਨਾ ਕਰ ਆਵਾਂ, ਚੈਨ ਨਹੀਂ ਆਉਂਦਾ। ਉਂਜ ਵੀ ਕਾਰੋਬਾਰ ਕਰਕੇ ਮਹੀਨੇ 'ਚ ਕਈ ਗੇੜੇ ਲੱਗ ਹੀ ਜਾਂਦੇ ਐ। ਹੁਣ ਵੀ ਛੇਤੀ ਹੀ ਬਾਬੇ ਦੇ ਦਰਸ਼ਨਾਂ ਨੂੰ ਜਾਣੈਂ। ਕੀ ਠੰਡ ਪੈਂਦੀ ਐ ਬਾਬੇ ਦੇ ਜਾ ਕੇ!" ਲਾਲਾ ਜੀ ਭਿੰਦਰ ਨਾਲ ਆਪਣੱਤ ਵੀ ਦਰਸਾ ਰਹੇ ਸਨ।

"ਕਿਆ ਬਾਤ ਹੈ ਵਹਾਂ ਕੀ। ਵੋਹ ਤੋ ਖ਼ੁਦਾ ਕਾ ਘਰ ਹੈ। ਵਹਾਂ ਜਾ ਕਰ ਤੋ ਆਨੇ ਕੋ ਜੀ ਨਹੀਂ ਚਾਹਤਾ। ਮੈਂ ਦੋ ਬਾਰ ਹੋ ਚੁਕਾ ਹੂੰ ਵਹਾਂ ਪਾਕਿਸਤਾਨ ਕੋ ਜਾਤੇ ਵਕਤ। ਬੇਗਮ ਸਾਹਿਬਾ ਭੀ ਹਮਾਰੇ ਸਾਥ ਥੀ। ਅਬ ਤੋ ਫਿਰ ਜਾਨੇ ਕੀ ਆਰਜ਼ੂ ਹੈ।" ਅਸ਼ਰਫ਼ ਮੀਆਂ ਬੋਲੇ।

"ਅਸੀਂ ਵੀ ਕਈ ਵਾਰ ਜਾਣ ਬਾਰੇ ਸੋਚਿਐ, ਪਰ ਕੰਮਾਂ ਤੋਂ ਵਿਹਲ ਹੀ ਨਹੀਂ ਮਿਲਦੀ, ਹੁਣ ਜ਼ਰੂਰ ਛੇਤੀ ਜਾਵਾਂਗੇ।" ਵਿਨੋਦ ਨੂੰ ਪਛਤਾਵਾ ਸੀ ਕਿ ਉਸਨੇ ਦਰਬਾਰ ਸਾਹਿਬ ਦੇ ਦਰਸ਼ਨ ਕਿਉਂ ਨਹੀਂ ਕੀਤੇ। "ਮੈਂ ਤੇ ਕਈ ਵਾਰ ਆਖਿਆ, ਤੁਹਾਨੂੰ ਹੀ ਵਿਹਲ ਨਹੀਂ ਹੁੰਦੀ।" ਬਿਮਲਾ ਵੀ ਦੋਸ਼ੀ ਮਹਿਸੂਸ ਕਰ ਰਹੀ ਸੀ।

"ਹੁਣ ਜ਼ਰੂਰ ਛੇਤੀ ਹੀ ਜਾਵਾਂਗੇ।"

ਇੰਨੇ ਨੂੰ ਅਮਰੀਕ ਸਿੰਘ ਬਾਥਰੂਮ 'ਚੋਂ ਵਾਪਸ ਆ ਗਿਆ। "ਸਰਦਾਰ ਸਾਹਿਬ ਕਿਆ ਬਾਥਰੂਮ ਤੱਕ ਆਸਾਨੀ ਸੇ ਪਹੁੰਚਾ ਜਾ ਸਕਤਾ ਹੈ?" ਪਟੇਲ ਸਾਹਿਬ ਨੇ ਪੁੱਛਿਆ।

"ਹਾਂ ਜੀ, ਉਤਨੀ ਆਸਾਨੀ ਸੇ ਹੀ ਜਿਤਨੀ ਸੇ ਅਮਿਤਾਭ ਕੀ ਫ਼ਿਲਮ ਕਾ ਪਹਿਲਾ ਸ਼ੋਅ।"

"ਤਬ ਤੋ ਨਾ ਹੀ ਜਾਊਂ ਤੋ ਠੀਕ ਰਹੇਗਾ।" ਸਾਰੇ ਹੱਸ ਪਏ। ਹੌਲੀ ਹੌਲੀ ਵਾਰਤਾਲਾਪ ਖ਼ਤਮ ਹੋ ਗਿਆ, ਬੱਤੀਆਂ ਬੁਝਣ ਲੱਗ ਪਈਆਂ ਤੇ ਮੁਸਾਫ਼ਰ ਊਂਘਣ ਲੱਗ ਪਏ। ਅਮਰੀਕ ਨੇ ਰੇਡੀਓ ਕੰਨਾਂ ਨਾਲ ਲਾ ਲਿਆ, ਭਿੰਦਰ ਕਿਸੇ ਫ਼ਿਲਮੀ ਰਸਾਲੇ ਦੇ ਵਰਕੇ ਉਥੱਲਣ ਲੱਗ ਪਈ ਪਰ ਉਸਦੇ ਦਿਮਾਗ ਵਿਚ ਉਸਦੇ ਪੇਕਿਆਂ ਦਾ ਘਰ ਤੇ ਪਿੰਡ ਘੁੰਮ ਰਹੇ ਸਨ। ਉਹ ਉੱਡ ਕੇ ਉਥੇ ਪਹੁੰਚ ਜਾਣਾ ਚਾਹੁੰਦੀ ਸੀ। ਪਤਾ ਨਹੀਂ ਕਿਹੜੇ ਵੇਲੇ ਸਾਰਿਆਂ ਦੀ ਅੱਖ ਲੱਗ ਗਈ ਤੇ ਗੱਡੀ ਵਿਚ ਇਕ ਦਮ ਚੁੱਪ ਵਰਤ ਗਈ। ਕਦੇ ਕਦੇ ਕਿਸੇ ਬੱਚੇ ਦੀ ਚੂੰ ਚਾਂ ਇਸ ਖ਼ਾਮੋਸ਼ੀ ਨੂੰ ਤੋੜਦੀ ਤੇ ਜਾਂ ਪਲੇਟਫਾਰਮ 'ਤੇ ਮੁਸਾਫ਼ਰਾਂ, ਕੁਲੀਆਂ ਤੇ ਚਾਹ ਆਦਿ ਵੇਚਣ ਵਾਲਿਆਂ ਦੀਆਂ ਆਵਾਜ਼ਾਂ, ਜਦੋਂ ਕਦੇ ਗੱਡੀ ਕਿਸੇ ਵੱਡੇ ਸਟੇਸ਼ਨ 'ਤੇ ਰੁਕਦੀ। ਇਉਂ ਕਦੇ ਕਦੇ ਰੁਕਦੀ ਗੱਡੀ ਸਾਰੀ ਰਾਤ ਆਪਣਾ ਫ਼ਰਜ਼ ਨਿਭਾਉਂਦੀ ਰਹੀ। ਦਿਨ ਚੜ੍ਹੇ ਗੱਡੀ ਬਿਆਸ ਪਹੁੰਚ ਗਈ। ਪਲੇਟਫਾਰਮ ਦੇ ਰੌਲੇ ਰੱਪੇ ਨੇ ਸਭ ਨੂੰ ਜਗਾ ਦਿੱਤਾ। ਰਲੂ ਸਿਹੁੰ ਦਾ ਪਰਵਾਰ ਬੜੇ ਪਿਆਰ ਨਾਲ ਸਾਰਿਆਂ ਨੂੰ ਵਿਦਾਇਗੀ ਕਹਿ ਕੇ ਉੱਤਰ ਗਿਆ। ਅਮਰੀਕ ਸਿੰਘ ਫਿਰ ਸਾਰਿਆਂ ਲਈ ਚਾਹ ਲੈ ਆਇਆ ਜੁ ਸਾਰਿਆਂ ਨੇ ਰਲ ਕੇ ਪੀਤੀ। ਫਿਰ ਬਾਥਰੂਮ ਜਾਣ ਦੀ ਕਾਹਲੀ ਪੈ ਗਈ। ਨੌਂ ਕੁ ਵਜੇ ਤੱਕ ਸਾਰੇ ਤਿਆਰ ਹੋ ਗਏ।

ਚਾਹ ਦਾ ਦੂਸਰਾ ਦੌਰ ਚੱਲ ਪਿਆ। ਭਿੰਦਰ ਕੋਲ ਕੁਝ ਸ਼ੱਕਰਪਾਰੇ ਤੇ ਵੇਸਣ ਸੀ ਤੇ ਪਟੇਲਾਂ ਕੋਲ ਕੁਝ ਨਮਕੀਨ। ਬਿਮਲਾ ਨੇ ਵੀ ਕੁਝ ਮਠਿਆਈ ਰੱਖੀ ਹੋਈ ਸੀ। ਸਾਰਿਆਂ ਨੇ ਵੰਡ ਕੇ ਖਾਧਾ। ਉਹ ਸਾਰੇ ਆਪਸ ਵਿਚ ਇਕ ਦੂਸਰੇ ਦੇ ਇੰਨਾ ਨੇੜੇ ਆ ਗਏ ਸਨ ਜਿਵੇਂ ਸਾਲਾਂ ਤੋਂ ਇਕ ਦੂਸਰੇ ਨੂੰ ਜਾਣਦੇ ਹੋਣ। ਕੁਝ ਦੇਰ ਇੱਧਰ ਉੱਧਰ ਦੀਆਂ ਗੱਲਾਂ ਕਰਨ ਤੋਂ ਬਾਅਦ ਫਿਰ ਵਿਨੋਦ ਨੇ ਤਾਸ਼ ਕੱਢ ਲਈ।

"ਦੋਵਾਂ ਜਣਿਆਂ ਨਾਲ ਕੋਈ ਮਜ਼ਾ ਨਹੀਂ ਆਉਂਦਾ। ਭਾਈ ਸਾਹਿਬ ਨੂੰ ਆਖੋ ਨਾ ਉਹ ਵੀ ਖੇਡਣ।" ਬਿਮਲਾ ਨੇ ਅਮਰੀਕ ਸਿੰਘ ਵੱਲ ਇਸ਼ਾਰਾ ਕਰਦਿਆਂ ਵਿਨੋਦ ਨੂੰ ਆਖਿਆ। "ਜ਼ਰੂਰ, ਚੱਲ ਭਿੰਦਰ ਹੋ ਜੇ ਮੁਕਾਬਲਾ।" ਅਮਰੀਕ ਨੇ ਵੀ ਬਿਮਲਾ ਦੀ ਗੱਲ ਸੁਣ ਲਈ ਸੀ ਚਾਰੇ ਜਣੇ ਤਾਸ਼ ਖੇਡਣ ਲੱਗ ਪਏ। ਅਮਰੀਕ ਨੇ ਰੇਡੀਓ ਦੇ ਪਲੱਗ ਕੰਨਾਂ ਵਿਚ ਪਾ ਲਏ। ਲਾਲਾ ਜੀ ਬੱਚਿਆਂ ਨਾਲ ਗੱਲੀਂ ਲੱਗ ਗਏ। ਕੁਝ ਸਮਾਂ ਲੰਘ ਗਿਆ। ਗੱਡੀ ਇਕ ਦਰਿਆ ਦੇ ਪੁਲ ਤੋਂ ਲੰਘ ਰਹੀ ਸੀ। ਦੂਰ ਕੁਝ ਭੇਡਾਂ ਦਰਿਆ 'ਤੇ ਪਾਣੀ ਪੀ ਰਹੀਆਂ ਸਨ। ਲਾਲਾ ਜੀ ਨੂੰ ਕੁਝ ਯਾਦ ਆ ਗਿਆ।

"ਬਬਲੀ, ਬਿੱਟੂ, ਕੋਈ ਬਘਿਆੜ ਤੇ ਲੇਲੇ ਦੀ ਕਹਾਣੀ ਆਉਂਦੀ ਐ?"

"ਨਹੀਂ ਜੀ। ਤੁਸੀਂ ਸੁਣਾਉ ਨਾ!"

"ਚੰਗਾ ਸੁਣੋ, ਇਕ ਵਾਰੀ ਇਕ ਲੇਲਾ ਦਰਿਆ 'ਤੇ ਪਾਣੀ ਪੀ ਰਿਹਾ ਸੀ।"

"ਅੰਕਲ, ਲੇਲਾ ਕੀ ਹੁੰਦਾ?" ਬਬਲੀ ਨੇ ਪੁੱਛਿਆ।

"ਬੇਟੇ ਲੇਲਾ ਭੇਡ ਦੇ ਬੱਚੇ ਨੂੰ ਆਖਦੇ ਨੇ।"

"ਓਹ"

"ਹਾਂ, ਤੇ ਉਹ ਪਾਣੀ ਪੀ ਰਿਹਾ ਸੀ ਕਿ ਦਰਿਆ ਦੇ ਉਪਰਲੇ ਪਾਸਿਉਂ ਇਕ ਬਘਿਆੜ ਆ ਗਿਆ।"

"ਅੰਕਲ ਬਘਿਆੜ ਕੀ ਹੁੰਦਾ?" ਬਬਲੀ ਨੇ ਫਿਰ ਪੁੱਛਿਆ। "ਤੂੰ ਸੁਣਨ ਦਏਂਗੀ ਕਿ ਨਹੀਂ, ਜੇ ਹੁਣ ਬੋਲੀ ਮਾਰ ਦੇਊਂ।" ਬਿੱਟੂ ਨੇ ਬਬਲੀ ਨੂੰ ਘੂਰਿਆ। ਉਹ ਸਹਿਮ ਗਈ। ਲਾਲਾ ਜੀ ਨੇ ਉਹਨੂੰ ਪਿਆਰ ਨਾਲ ਗੋਦ ਵਿਚ ਲੈ ਲਿਆ ਤੇ ਕਹਾਣੀ ਜਾਰੀ ਰੱਖੀ "ਲੇਲੇ ਨੂੰ ਵੇਖ ਕੇ ਬਘਿਆੜ ਦਾ ਉਸਨੂੰ ਖਾਣ ਨੂੰ ਜੀ ਕਰ ਆਇਆ ਤੇ ਉਹ ਕੋਈ ਬਹਾਨਾ ਭਾਲਣ ਲੱਗ ਪਿਆ। ਉਸ ਨੇ ਲੇਲੇ ਨੂੰ ਆਖਿਆ ਉਏ ਤੂੰ ਮੇਰਾ ਪਾਣੀ ਕਿਉਂ ਗੰਦਾ ਕਰ ਰਿਹੈਂ?"

"ਲੇਲਾ ਵਿਚਾਰਾ ਡਰ ਗਿਆ ਹੋਣੈ।" ਬਿੱਟੂ ਨੂੰ ਲੇਲੇ 'ਤੇ ਤਰਸ ਆ ਗਿਆ।

"ਹਾਂ ਡਰ ਤੇ ਗਿਆ ਹੀ ਹੋਣੈ। ਉਹਨੇ ਬਘਿਆੜ ਨੂੰ ਆਖਿਆ: ਜਨਾਬ ਪਾਣੀ ਤਾਂ ਤੁਹਾਡੀ ਵੱਲੀਉਂ ਮੇਰੇ ਵੱਲੀਂ ਆ ਰਿਹੈ, ਮੈਂ ਕਿਵੇਂ ਗੰਦਾ ਕਰ ਸਕਦਾਂ?"

"ਉਹਦੀ ਗੱਲ ਤੇ ਠੀਕ ਸੀ।" ਬਿੱਟੂ ਨੂੰ ਵੀ ਸਮਝ ਸੀ।

"ਬਿਲਕੁਲ ਠੀਕ ਸੀ, ਪਰ ਬਘਿਆੜ ਨੂੰ ਤਾਂ ਬਹਾਨਾ ਚਾਹੀਦਾ ਸੀ।" ਲਾਲਾ ਜੀ ਨੇ ਦੱਸਿਆ। ਭਾਵੇਂ ਆਸ ਪਾਸ ਬੈਠਿਆਂ ਸਾਰਿਆਂ ਨੂੰ ਇਸ ਕਹਾਣੀ ਦਾ ਪਤਾ ਸੀ, ਫਿਰ ਵੀ ਉਹ ਬਿੱਟੂ ਦੀਆਂ ਗੱਲਾਂ ਪਿਆਰ ਨਾਲ ਸੁਣ ਰਹੇ ਸਨ।

"ਫਿਰ ਬਘਿਆੜ ਨੇ ਕੀ ਕੀਤਾ?" ਬਬਲੀ ਬੋਲਣੋਂ ਨਾ ਰਹਿ ਸਕੀ।

"ਉਹ ਲੇਲੇ ਨੂੰ ਕਹਿਣ ਲੱਗਾ, ਚੱਲ ਇਹ ਦੱਸ ਤੂੰ ਮੈਨੂੰ ਪਿਛਲੇ ਸਾਲ ਗਾਲ੍ਹਾਂ ਕਿਉਂ ਕੱਢੀਆਂ ਸਨ?"

"ਜਨਾਬ, ਮੈਂ ਤਾਂ ਅਜੇ ਹੈ ਈ ਦੋ ਮਹੀਨਿਆਂ ਦਾ, ਪਿਛਲੇ ਸਾਲ ਤਾਂ ਮੈਂ ਜੰਮਿਆ ਵੀ ਨਹੀਂ ਸੀ।' ਲੇਲੇ ਨੇ ਹੱਥ ਜੋੜ ਕੇ ਆਖਿਆ।" "ਫਿਰ ਤਾਂ ਉਸਨੇ ਲੇਲੇ ਨੂੰ ਛੱਡ ਦਿੱਤਾ ਹੋਣੈ, ਬਘਿਆੜ ਝੂਠਾ ਜੁ ਸੀ।" ਬਿੱਟੂ ਦਿਲੋਂ ਚਾਹੁੰਦਾ ਸੀ ਕਿ ਲੇਲਾ ਬਚ ਗਿਆ ਹੁੰਦਾ।

"ਕਿੱਥੇ ਬੇਟੇ, ਉਹ ਉਸਨੂੰ ਛੱਡਣ ਥੋੜ੍ਹਾ ਈ ਆਇਆ ਸੀ।"

"ਹੂੰਅ... ਹੂੰਅ... ਫਿਰ?" ਬਿੱਟੂ ਸੰਗਾੜਦਾ ਜਾ ਰਿਹਾ ਸੀ।

"ਕਹਿਣ ਲੱਗਾ ਜੇ ਤੂੰ ਨਹੀਂ ਸੀ, ਤੇਰਾ ਮਾਂ ਪਿਉ ਜਾਂ ਕੋਈ ਭੈਣ ਭਰਾ ਹੋਵੇਗਾ, ਕਿਸੇ ਨੇ ਮੈਨੂੰ ਗਾਲ੍ਹਾਂ ਜ਼ਰੂਰ ਕੱਢੀਆਂ ਸੀ। ਮੈਂ ਤੈਨੂੰ ਨਹੀਂ ਛੱਡਦਾ।"

"ਫਿਰ?" ਬਬਲੀ ਦੇ ਮੂੰਹੋਂ ਸਸਾਂ ਹੀ ਨਿਕਲਿਆ।

"ਫਿਰ ਕੀ? ਬਘਿਆੜ ਨੇ ਛਾਲ ਮਾਰ ਕੇ ਉਸਨੂੰ ਢਾਹ ਲਿਆ ਅਤੇ ਪਾੜ ਕੇ ਖਾ ਗਿਆ।"

"ਮਰਜੇ ਔਂਤਰਾ ਬਘਿਆੜ।" ਬਬਲੀ ਪੂਰੀ ਦੁਖੀ ਸੀ।

"ਅੰਕਲ, ਜੇ ਬਘਿਆੜ ਨੇ ਲੇਲੇ ਨੂੰ ਖਾਣਾ ਈ ਸੀ, ਫਿਰ ਬਹਾਨੇ ਕਿਉਂ ਲੱਭਦਾ ਸੀ?"

ਬਿੱਟੂ ਦੇ ਸੁਆਲ ਦਾ ਲਾਲਾ ਜੀ ਨੂੰ ਕੋਈ ਉੱਤਰ ਨਾ ਅਹੁੜਿਆ। ਉਹ ਚੁੱਪ ਰਹੇ। ਉਹਨੂੰ ਚੁੱਪ ਵੇਖਕੇ ਵਿਨੋਦ ਬੋਲਿਆ "ਬੇਟੇ ਬਹਾਨੇ ਭਾਲ ਕੇ ਜ਼ਾਲਮ ਵੀ ਆਪਣੇ ਆਪ ਨੂੰ ਝੂਠੀ ਤਸੱਲੀ ਦਿੰਦੈ ਕਿ ਉਹਦੇ ਜ਼ੁਲਮ ਦਾ ਕੋਈ ਕਾਰਣ ਸੀ, ਜੈਸੇ ਉਹ ਜ਼ਾਲਿਮ ਨਹੀਂ।"

"ਅੰਕਲ ਜ਼ਾਲਮ ਕੀ ਹੁੰਦਾ?"

ਬਬਲੀ ਦੇ ਮਾਸੂਮ ਜਿਹੇ ਸੁਆਲ ਦਾ ਜਵਾਬ ਲੱਭਣ ਵਿੱਚ ਵਿਨੋਦ ਨੂੰ ਕਾਫੀ ਮੁਸ਼ਕਲ ਆ ਰਹੀ ਸੀ।

"ਪੁੱਤਰ ਜ਼ਾਲਮ, ਜਿਹੜਾ ਜ਼ੁਲਮ ਕਰੇ, ਪਾਪ ਕਰੇ, ਗੰਦੇ ਕੰਮ ਕਰੇ..."

ਬਬਲੀ ਅਤੇ ਬਿੱਟੂ ਦੇ ਉਦਾਸ ਚੇਹਰਿਆਂ ਤੋਂ ਲੱਗਦਾ ਸੀ ਜਿਵੇਂ ਉਹਨਾਂ ਨੂੰ ਸਮਝ ਨਹੀਂ ਪਈ ਜਾਂ ਉਹਨਾਂ ਦੀ ਤਸੱਲੀ ਜਿਹੀ ਨਹੀਂ ਸੀ ਹੋਈ, ਪਰ ਉਹ ਚੁੱਪ ਹੋ ਗਏ ਜਿਵੇਂ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਏ ਹੋਣ। ਗੱਡੀ ਦੇ ਪੀਲੇ, ਮੱਧਮ ਚਾਨਣ ਵਿਚ ਸਾਰਿਆਂ ਦੇ ਚੇਹਰੇ ਕਿਸੇ ਗੰਭੀਰ ਜਿਹੇ ਭੈਅ ਵਿਚ ਗੁੰਮੇ ਜਾਪ ਰਹੇ ਸਨ। ਡੱਬੇ ਵਿਚ ਚੁੱਪ ਜਿਹੀ ਛਾ ਗਈ। ਕਿਤੇ ਕਿਤੇ ਕਿਸੇ ਦੇ ਬਾਥਰੂਮ ਜਾਣ ਕਰਕੇ ਹਿਲਜੁਲ ਹੁੰਦੀ ਜਾਂ ਕਿਤੇ ਕਿਸੇ ਦੇ ਖੰਘਣ ਦੀ ਆਵਾਜ਼ ਆਉਂਦੀ। ਲੋਹੇ ਦੀਆਂ ਲਾਈਨਾਂ ਨਾਲ ਖਹਿੰਦੀ ਗੱਡੀ 'ਕਿਰਚ ਕਿਰਚ' ਕਰਦੀ ਤੇਜ਼ੀ ਨਾਲ ਪੈਂਡਾ ਤੈਅ ਕਰ ਰਹੀ ਸੀ।

*　　*　　*　　*　　*

ਤਾਸ਼ ਦੀ ਖੇਡ ਖ਼ੂਬ ਭਖੀ ਹੋਈ ਸੀ। ਰਿੰਦਰ ਤੇ ਬਿਮਲਾ ਮਿਲ ਕੇ ਵਿਨੋਦ ਤੇ ਅਮਰੀਕ ਨੂੰ ਸਵੀਪ ਵਿਚ ਬੁਰੀ ਤਰਾਂ ਹਰਾ ਰਹੀਆਂ ਸਨ। ਅਮਰੀਕ ਪੱਤਿਆਂ ਨੂੰ ਦੋਸ਼ ਦੇ ਰਿਹਾ ਸੀ ਜਾਂ ਵਿਰੋਧੀ ਪਾਰਟੀ ਦੀ ਚੰਗੀ ਕਿਸਮਤ ਨੂੰ, ਪਰ ਵਿਨੋਦ ਰੇਡੀਓ ਦਾ ਕਸੂਰ ਦੱਸ ਰਿਹਾ ਸੀ ਜੋ ਅਮਰੀਕ ਦੇ ਕੰਨ ਵਿਚ ਵੱਜ ਰਿਹਾ ਸੀ ਤੇ ਅਮਰੀਕ ਸੋਚ ਕੇ ਨਹੀਂ ਖੇਡ ਰਿਹਾ ਸੀ। ਫਿਰ ਵੀ ਸਾਰੇ ਜਣੇ ਖੇਡ ਦਾ ਆਨੰਦ ਮਾਣ ਰਹੇ ਸਨ। ਗਿਆਰਾਂ ਕੁ ਵੱਜੇ ਸਨ, ਜਦ ਰੇਡੀਉ 'ਤੇ ਇਕ ਉਚੇਚੀ ਖ਼ਬਰ ਪਰਸਾਰਿਤ ਕੀਤੀ ਗਈ। ਸੁਣ ਕੇ ਅਮਰੀਕ ਚੌਂਕ ਪਿਆ "ਓਹ.. ਨੋ..!"

ਸਾਰੇ ਹੈਰਾਨ ਹੋ ਕੇ ਵੇਖਣ ਲੱਗ ਪਏ। "ਕੀ ਹੋਇਐ?" ਕਈ ਇਕੱਠੀਆਂ ਆਵਾਜ਼ਾਂ ਆਈਆਂ।

"ਪ੍ਰੈਜ਼ੀਡੈਂਟ ਸਾਹਿਬ ਨੂੰ ਕਿਸੇ ਨੇ ਸ਼ੂਟ ਕਰ ਦਿੱਤੈ।" ਅਮਰੀਕ ਨੇ ਦੁੱਖ ਨਾਲ ਆਖਿਆ।

"ਹੈਂ, ਇਹ ਕਿਵੇਂ ਹੋ ਗਿਆ?"

"ਕਿੰਨੇ ਕੁ ਜ਼ਖ਼ਮੀ ਹੋਏ ਨੇ?"

"ਸ਼ੂਟ ਕਿਸ ਨੇ ਕੀਆ?"

"ਕੋਈ ਪਕੜਾ ਗੀਆ ਕਿ ਨਹੀਂ?"

"ਜ਼ਰੂਰ ਕੋਈ ਸਰਦਾਰ ਹੋਗਾ।"

ਇਕੋ ਸਮੇਂ ਕਈ ਆਵਾਜ਼ਾਂ ਆਈਆਂ ਜਿੰਨਾਂ ਵਿਚ ਪ੍ਰਸ਼ਨ ਅਤੇ ਉੱਤਰ ਰਲੇ ਮਿਲੇ ਸਨ। ਸਾਰੇ ਡੱਬੇ ਦੇ ਲੋਕ ਖ਼ਬਰ ਸੁਣਨ ਲਈ ਅਮਰੀਕ ਵੱਲ ਉੱਲਰ ਪਏ। ਬੱਚਿਆਂ ਦਾ ਦਮ ਘੁੱਟਣ ਲੱਗਾ। ਉਹ ਰੋਣ ਲੱਗ ਪਏ। ਵਿਨੋਦ ਨੇ ਫ਼ੁਰਤੀ ਨਾਲ ਉਹਨਾਂ ਨੂੰ ਫੱਟੇ 'ਤੇ ਬਿਠਾ ਦਿੱਤਾ। ਲੋਕ ਇਕ ਦੂਸਰੇ ਉੱਪਰ ਡਿੱਗ ਰਹੇ ਸਨ।

"ਸਰਦਾਰ ਸਾਹਿਬ ਕੁਛ ਔਰ ਨਹੀਂ ਬਤਾਯਾ?"

"ਨਹੀਂ, ਯਹੀ ਬਤਾਯਾ ਹੈ ਕਿ ਉਨਕੀ ਹਾਲਤ ਗੰਭੀਰ ਹੈ ਔਰ ਉਨੇਂ ਹਸਪਤਾਲ ਲੇ ਗਏ ਹੈਂ।"

"ਬਚ ਤੋ ਜਾਏਂਗੇ ਨਾ?"

"ਇਸਕੋ ਕਿਆ ਪਤਾ, ਰਬਾ ਜੋ ਪਾਸ ਥੇ?" ਵਿਨੋਦ ਨੇ ਉੱਪਰ ਚੜ੍ਹੇ ਆ ਰਹੇ ਇਕ ਨੌਜਵਾਨ ਨੂੰ ਥੋੜ੍ਹਾ ਪਿੱਛੇ ਧੱਕਦਿਆਂ ਆਖਿਆ।

"ਸਰਦਾਰ ਸਾਹਿਬ ਸੁਨਤੇ ਰਹੀਏ, ਸ਼ਾਇਦ ਕੋਈ ਔਰ ਖ਼ਬਰ ਆਈ ਹੋ।"

"ਰੇਡੀਉ ਹਮੇਂ ਦੇ ਦੋ, ਹਮ ਖ਼ੁਦ ਸੁਨ ਲੇਤੇ ਹੈਂ।" ਕੋਈ ਆਪਣੇ ਆਪ ਨੂੰ ਪ੍ਰੈਜ਼ੀਡੈਂਟ ਦਾ ਜ਼ਿਆਦਾ ਹੀ ਨਜ਼ਦੀਕੀ ਸਮਝ ਰਿਹਾ ਸੀ।

"ਦੇਖੋ, ਪ੍ਰੈਜ਼ੀਡੈਂਟ ਸਾਹਿਬ ਸਾਰੇ ਮੁਲਕ ਦੇ ਹੈ ਤੇ ਸਾਡੇ ਸਾਰਿਆਂ ਦੇ ਸਾਂਝੇ ਨੇ। ਮੁਝੇ ਭੀ ਉਨਕਾ ਉਤਨਾ ਹੀ ਦੁੱਖ ਯਾ ਫ਼ਿਕਰ ਹੈ, ਜਿਤਨਾ ਆਪ ਸਭ ਕੋ। ਜੈਸੇ ਹੀ ਕੋਈ ਔਰ ਖ਼ਬਰ ਮਿਲੇਗੀ ਮੈਂ ਆਪ ਸਭ ਕੋ ਬਤਾ ਦੂੰਗਾ। ਅਬ ਆਪ ਜਾ ਕਰ ਅਪਨੀ ਸੀਟੋਂ ਪਰ ਬੈਠ ਜਾਏਂ।" ਅਮਰੀਕ ਨੇ ਪੰਜਾਬੀ ਤੋਂ ਹਿੰਦੀ ਵਿਚ ਬਦਲਦਿਆਂ ਆਖਿਆ। ਉਹ ਆਪ ਪ੍ਰੇਸ਼ਾਨ ਸੀ। ਲੋਕ ਪਿੱਛੇ ਹਟ ਗਏ। ਤਾਸ਼ ਬੰਦ ਹੋ ਗਈ। ਹਾਸੇ ਬੰਦ ਹੋ ਗਏ। ਖਾਣਾ ਪੀਣਾ ਬੰਦ ਹੋ ਗਿਆ। ਸਾਰੇ ਡੱਬੇ ਵਿਚ ਬੱਸ ਇਕ ਹੀ ਵਿਸ਼ੇ 'ਤੇ ਗੱਲ ਹੋ ਰਹੀ ਸੀ। ਭਾਂਤ ਭਾਂਤ ਦੇ ਸੁਝਾਅ ਪੇਸ਼ ਹੋ ਰਹੇ ਸਨ। ਸਾਰੇ ਇਸ ਦੁਰਘਟਨਾ ਬਾਰੇ ਵੱਧ ਤੋਂ ਵੱਧ ਜਾਨਣਾ ਚਾਹੁੰਦੇ ਸਨ। ਕਈ ਜ਼ਨਾਨੀਆਂ ਪ੍ਰੈਜ਼ੀਡੈਂਟ ਦੇ ਬਚ ਜਾਣ ਲਈ ਅਰਦਾਸ ਵਿਚ ਜੁੜ ਗਈਆਂ। ਕਈ ਰੋ ਵੀ ਰਹੀਆਂ ਸਨ।

ਕੁਝ ਸੋਚਣ ਤੋਂ ਬਾਅਦ ਅਮਰੀਕ ਨੇ ਰੇਡੀਉ ਕੰਨਾਂ ਨਾਲੋਂ ਲਾਹ ਕੇ, ਉੱਚੀ ਕਰਕੇ ਪਰ੍ਹਾਂ ਰੱਖ ਦਿੱਤਾ ਤਾਂ ਜੁ ਸਾਰੇ ਸੁਣ ਸਕਣ। ਸਾਰਿਆਂ ਦੇ ਕੰਨ ਇਸ ਪਾਸੇ ਲੱਗ ਗਏ। ਸਪੈਸ਼ਲ ਖ਼ਬਰ ਆ ਰਹੀ ਸੀ "ਪ੍ਰੈਜ਼ੀਡੈਂਟ ਸਾਹਿਬ ਕੇ ਸ਼ਰੀਰ ਸੇ ਤੀਨ ਗੋਲੀਆਂ ਨਿਕਾਲ ਦੀ ਗਈ ਹੈਂ, ਲੇਕਿਨ ਉਨਕੀ ਹਾਲਤ ਅਭੀ ਭੀ ਬਹੁਤ ਗੰਭੀਰ ਹੈ। ਡਾਕਟਰ ਉਨਕੋ ਬਚਾਨੇ ਕੇ ਲੀਏ ਸਿਰਤੋੜ ਕੋਸ਼ਿਸ਼ ਕਰ ਰਹੇ ਹੈਂ। ਆਪ ਸਭ ਉਨਕੀ ਲੰਬੀ ਆਯੂ ਕੇ ਲੀਏ ਦੁਆ ਕਰੇਂ।"

"ਯਿਹ ਹੋਨੇ ਕੋ ਹੀ ਥਾ। ਬਹੁਤ ਲੋਗ ਉਨਸੇ ਨਾ-ਖ਼ੁਸ਼ ਥੇ। ਕਿਸੀ ਨੇ ਮੌਕਾ ਪਾ ਕਰ ਹਮਲਾ ਕਰ ਦੀਆ ਹੋਗਾ।" ਇਕ ਅੱਧਖੜ ਉਮਰ ਦੇ ਆਦਮੀ ਨੇ ਆਪਣਾ ਤਜਰਬਾ ਦੱਸਿਆ।

"ਸੋਚ ਕਰ ਬਾਤ ਕਰੋ, ਵਰਨਾ ਪੁਲਸ ਪਕੜ ਲੇਗੀ।" ਕੋਲੋਂ ਹੀ ਕਿਸੇ ਨੇ ਆਖਿਆ।

"ਬੇਸ਼ੱਕ ਪਕੜ ਲੇ, ਮੈਂ ਤੋ ਸੱਚੀ ਬਾਤ ਕਹੂੰਗਾ।"

"ਅਭੀ ਤੱਕ ਯਿਹ ਪਤਾ ਨਹੀਂ ਕਿ ਸ਼ੂਟ ਕਿਸ ਨੇ ਕੀਆ ਹੈ?" ਇਕ ਹੋਰ ਆਵਾਜ਼ ਆਈ।

"ਭਈ ਆਪ ਸੁਨ ਹੀ ਰਹੇ ਹੈਂ, ਜਬ ਨਿਊਜ਼ ਆਏਗੀ ਸਬ ਕੋ ਪਤਾ ਚਲ ਜਾਏਗਾ।" ਵਿਨੋਦ ਫਿਰ ਬੋਲਿਆ। ਅੱਧਾ ਪੌਣਾ ਘੰਟਾ ਹੋਰ ਬੀਤ ਗਿਆ। ਪ੍ਰੈਜ਼ੀਡੈਂਟ ਦੀ ਪੈਰੋ ਪੈਰ ਵਿਗੜ ਰਹੀ ਹਾਲਤ ਬਾਰੇ ਲਗਾਤਾਰ ਖ਼ਬਰਾਂ ਆਉਂਦੀਆਂ ਰਹੀਆਂ। ਆਖ਼ਰ ਉਹ ਖ਼ਬਰ ਵੀ ਆ ਗਈ ਜਿੱਸਦਾ ਲੋਕਾਂ ਨੂੰ ਡਰ ਸੀ। "ਹਮ ਬਹੁਤ ਸ਼ੋਕ ਸੇ ਆਪ ਕੋ ਯਿਹ ਹਿਰਦੇ ਵੇਧਿਕ ਖ਼ਬਰ ਦੇ ਰਹੇ ਹੈਂ ਕਿ ਪ੍ਰੈਜ਼ੀਡੈਂਟ ਸਾਹਿਬ ਅਬ ਹਮਾਰੇ ਸਾਥ ਨਹੀਂ ਰਹੇ। ਵੁਹ ਹਮੇਸ਼ਾ ਕੇ ਲੀਏ ਹਮੇਂ ਛੋੜ ਗਏ ਹੈਂ। ਉਨਕੀ ਹੱਤਿਆ ਕੇ ਸੰਬੰਧ ਮੇਂ ਏਕ ਆਦਮੀ ਕੋ ਗ੍ਰਿਫ਼ਤਾਰ ਕਰ ਲੀਆ ਗਯਾ ਹੈ। ਉਸਨੇ ਸਵੀਪਰ ਕੇ ਕੱਪੜੇ ਪਹਿਨ ਰੱਖੇ ਥੇ ਔਰ ਉਸਨੇ ਬਾਲਟੀ ਮੇਂ ਰੀਵਾਲਵਰ ਛੁਪਾ ਰੱਖਾ ਥਾ। ਜਬ ਸੁਬਹ ਪ੍ਰੈਜ਼ੀਡੈਂਟ ਸਾਹਿਬ ਅਪਨੇ ਬਾਗ਼ ਮੇਂ ਸੈਰ ਕਰ ਰਹੇ ਥੇ ਤੋ ਲਗਤਾ ਹੈ ਇਸੀ ਨੇ ਛੇ ਗੋਲੀਆਂ ਉਨਕੇ ਸਰ ਔਰ ਗਰਦਨ ਮੇਂ ਗਾੜ ਦੀ।"

"ਬਹੁਤ ਬੁਰਾ ਹੋਇਐ।" ਅਮਰੀਕ ਨੇ ਪੂਰੇ ਦੁੱਖ ਨਾਲ ਆਖਿਆ।

"ਆਪ ਕੇ ਸਾਥ ਕਯਾ ਬੁਰਾ ਹੂਆ? ਆਪ ਲੋਗ ਤੋ ਪਹਲੇ ਸੀ ਉਨਹੇਂ ਮਰਾ ਚਾਹਤੇ ਥੇ।" ਇਕ ਰੁੱਖੀ ਆਵਾਜ਼ ਵਾਲਾ ਬੰਦਾ ਬੋਲਿਆ। ਉਸਨੇ ਖੱਦਰ ਦੇ ਕੱਪੜੇ ਪਾਏ ਹੋਏ ਸਨ, ਮੱਥੇ 'ਤੇ ਤਿਲਕ ਤੇ ਸਿਰ 'ਤੇ ਛੋਟੀ ਜਿਹੀ ਟੋਪੀ। ਇਹ ਉਹੋ ਹੀ ਆਦਮੀ ਸੀ ਜਿਹੜਾ ਪਹਿਲਾਂ ਕਹਿ ਚੁੱਕਾ ਸੀ ਕਿ ਹਮਲਾਵਰ ਜ਼ਰੂਰ ਕੋਈ ਸਰਦਾਰ ਹੀ ਹੋਵੇਗਾ। ਰੇਡੀਉ ਤੋਂ ਪ੍ਰਸਾਰਣ ਅਜੇ ਜਾਰੀ ਸੀ।

"ਯਿਹ ਸਵੀਪਰ ਏਕ ਸਿੱਖ ਹੈ। ਵਾਈਸ ਪ੍ਰੈਜ਼ੀਡੈਂਟ ਸਾਹਿਬ ਜੁ ਇਸ ਵਕਤ ਹਸਪਤਾਲ ਮੇਂ ਪ੍ਰੈਜ਼ੀਡੈਂਟ ਸਾਹਿਬ ਕੇ ਬਿਸਤਰ ਕੇ ਪਾਸ ਹੈਂ, ਚੰਦ ਹੀ ਮਿੰਟੋਂ ਮੇਂ ਪ੍ਰੈਜ਼ੀਡੈਂਟ ਕੇ ਆਫ਼ਿਸ ਕੀ ਸ਼ਪਥ ਗ੍ਰਹਿਣ ਕਰ ਲੇਂਗੇ। ਸੁਪਰੀਮ ਕੋਰਟ ਕੇ ਚੀਫ਼ ਜਸਟਿਸ ਵਹਾਂ ਪਹੁੰਚ ਜਾਏਂਗੇ।"

"ਮੈਂ ਨੇ ਤੋ ਪਹਲੇ ਹੀ ਕਹਿ ਦੀਆ ਥਾ ਕਿ ਕਾਤਲ ਕੋਈ ਸਰਦਾਰ ਹੋਗਾ।" ਤਿਲਕ ਧਾਰੀ ਨੇ ਕਿਹਾ।

"ਕਿਉਂ ਆਪ ਭੀ ਪਲੈਨ ਮੇਂ ਸ਼ਾਮਿਲ ਥੇ?" ਇਕ ਪੜ੍ਹਿਆ ਲਿਖਿਆ ਨੌਜਵਾਨ ਟੋਪੀ ਵਾਲੇ ਤੇ ਵਰ੍ਹ ਪਿਆ। ਇਸ ਨੌਜਵਾਨ ਦਾ ਚਿਹਰਾ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਆਵਾਜ਼ ਵਿਚ ਰੋਅਬ ਸੀ। ਟੋਪੀ ਵਾਲਾ ਫਿਰ ਨਹੀਂ ਬੋਲਿਆ। ਰੇਡੀਉ ਤੋਂ ਇਕ ਸਪੈਸ਼ਲ ਅਪੀਲ ਆਈ। "ਬੇਸ਼ੱਕ ਪ੍ਰੈਜ਼ੀਡੈਂਟ ਸਾਹਿਬ ਕਾ ਕਾਤਿਲ ਏਕ ਸਿੱਖ ਹੈ, ਲੇਕਿਨ ਸਿੱਖੋਂ ਕੇ ਖ਼ਿਲਾਫ਼ ਹਮੇਂ ਕੋਈ ਸ਼ਿਕਾਇਤ ਨਹੀਂ ਹੈ। ਹਮ ਆਪ ਕੋ ਅਪੀਲ ਕਰਤੇ ਹੈਂ ਕਿ ਆਪ ਜੋਸ਼ ਮੇਂ ਆ ਕਰ ਕੋਈ ਗਲਤ ਕਦਮ ਨਾ ਉਠਾਏਂ ਔਰ ਮੁਲਕ ਮੇਂ ਸ਼ਾਂਤੀ ਬਨਾਈ ਰੱਖੇਂ।"

"ਇਹ ਕੈਸੀ ਵਾਹਯਾਤ ਅਪੀਲ ਹੈ? ਇਸ ਦੀ ਕੀ ਲੋੜ ਐ?" ਵਿਨੋਦ ਅਪੀਲ ਬਾਰੇ ਹੈਰਾਨ ਅਤੇ ਗੁੱਸੇ ਵਿਚ ਸੀ। ਅਮਰੀਕ ਵੀ ਖਿਝ ਰਿਹਾ ਸੀ।

"ਇਸ ਮੇਂ ਸਭੀ ਸਰਦਾਰੋਂ ਕਾ ਕਸੂਰ ਹੈ।" ਤਿਲਕਧਾਰੀ ਦੀ ਰੁੱਖੀ ਆਵਾਜ਼ ਫਿਰ ਆਈ।

"ਸਭੀ ਸਰਦਾਰੋਂ ਕਾ? ਵੁਹ ਕੈਸੇ?" ਲਾਲਾ ਜੀ ਨੇ ਪੁੱਛਿਆ।

"ਸਭੀ ਨੇ ਮਿਲ ਕਰ ਕੋਈ ਸਕੀਮ ਬਨਾਈ ਹੋਗੀ।"

"ਅਗਰ ਮੈਂ ਕਹੂੰ ਆਪ ਭੀ ਸਕੀਮ ਮੇਂ ਸ਼ਾਮਿਲ ਥੇ, ਤੋ..." ਉਹੋ ਨੌਜਵਾਨ ਫਿਰ ਬੋਲਿਆ। ਉਸ ਦੀ ਆਵਾਜ਼ ਵਿਚ ਗੁੱਸਾ ਸੀ।

"ਕੈਸੀ ਬਾਤ ਕਰਤੇ ਹੋ। ਮੈਂ ਕੈਸੇ ਸ਼ਾਮਿਲ ਹੋ ਸਕਤਾ ਹੂੰ?"

"ਅਗਰ ਆਪ ਨਹੀਂ ਹੋ ਸਕਤੇ ਤੋ ਸਭੀ ਸਰਦਾਰੋਂ ਕੇ ਬਾਰੇ ਮੇਂ ਆਪ ਕੈਸੇ ਕਹਿ ਸਕਤੇ ਹੈਂ? ਯਿਹ ਸਰਦਾਰ ਸਾਹਿਬ ਜੋ ਹਮਾਰੇ ਸਾਥ ਗਾੜੀ ਮੇਂ ਬੈਠੇ ਹੈਂ ਯਿਹ ਕੈਸੇ ਸ਼ਾਮਿਲ ਹੋ ਸਕਤੇ ਹੈਂ?"

"ਤੋ ਆਪ ਕਾ ਕਯਾ ਖ਼ਿਆਲ ਹੈ?" ਟੋਪੀ ਅਤੇ ਤਿਲਕ ਧਾਰੀ ਨੂੰ ਕੋਈ ਉੱਤਰ ਨਾ ਅਹੁੜਿਆ।

"ਮੇਰਾ ਖ਼ਿਆਲ ਤੋ ਕੁਛ ਨਹੀਂ। ਅਭੀ ਤੋ ਯਿਹ ਭੀ ਮਾਲੂਮ ਨਹੀਂ ਕਿ ਅਸਲੀ ਕਾਤਿਲ ਕੌਨ ਹੈ। ਜਿਸ ਆਦਮੀ ਕੋ ਪਕੜਾ ਹੈ ਹੋ ਸਕਤਾ ਹੈ ਵੁਹ ਕਾਤਿਲ ਨ ਹੋ। ਅਗਰ ਹੋ ਭੀ ਇਸ ਸੇ ਯਿਹ ਮਤਲਬ ਤੋ ਨਹੀਂ ਨਿਕਾਲਾ ਜਾ ਸਕਤਾ ਕਿ ਸਭੀ ਸਰਦਾਰ ਗੁਨਹਗਾਰ ਹੈਂ। ਮੁਆਫ਼ ਕਰਨਾ ਮੈਂ ਆਪ ਸੇ ਪੂਛੂੰ ਆਪ ਕਹਾਂ ਕੇ ਰਹਨੇ ਵਾਲੇ ਹੈਂ?"

"ਮਹਾਂਰਾਸ਼ਟਰ ਕੇ।"

"ਠੀਕ, ਤੋ ਆਪ ਕੋ ਯਾਦ ਹੋਗਾ ਕਿ ਮਹਾਤਮਾ ਗਾਂਧੀ ਕੀ ਹੱਤਿਆ ਮਹਾਂਰਾਸ਼ਟਰ ਕੇ ਏਕ ਨਾਗਰਿਕ ਨੇ ਕੀ ਥੀ।"

"ਹਾਂ।" ਟੋਪੀ ਵਾਲੇ ਦੇ ਬੁੱਲ੍ਹਾਂ 'ਤੇ ਸਿਕਰੀ ਜੰਮਦੀ ਜਾ ਰਹੀ ਸੀ।

"ਤੋ ਆਪ ਬਤਾ ਸਕੇਂਗੇ ਕਿ ਉਸ ਮੇਂ ਆਪ ਕਾ ਕਯਾ ਰੋਲ ਥਾ?"

"ਮੇਰਾ ਰੋਲ? ਉਨਹੋਂ ਨੇ ਕਯਾ ਮੁਝ ਸੇ ਪੂਛ ਕਰ ਕਤਲ ਕੀਯਾ ਥਾ? ਅਗਰ ਮੁਝੇ ਪਤਾ ਹੋਤਾ ਤੋ ਮੈਂ ਉਸਕੋ ਪਹਲੇ ਹੀ ਮਾਰ ਦੇਤਾ।"

"ਅਗਰ ਉਨਹੋਂ ਨੇ ਆਪ ਸੇ ਨਹੀਂ ਪੂਛਾ ਤੋ ਆਪ ਨੇ ਬਾਕੀ ਸਭੀ ਸਰਦਾਰੋਂ ਕੇ ਬਾਰੇ ਮੇਂ ਕੈਸੇ ਕਹਿ ਦੀਆ?"

ਟੋਪੀ ਵਾਲਾ ਘਬਰਾ ਗਿਆ। ਉਸਨੂੰ ਕੋਈ ਉੱਤਰ ਨਾ ਸੁੱਝਾ ਤੇ ਉਹ ਦੂਰ ਜਾ ਕੇ ਬੈਠ ਗਿਆ। ਬਾਕੀ ਵੀ ਸਾਰੇ ਚੁੱਪ ਕਰ ਗਏ। ਵਿਨੋਦ, ਪਟੇਲ, ਅਸ਼ਰਫ਼ ਮੀਆਂ ਤੇ ਲਾਲਾ ਜੀ ਨੌਜਵਾਨ ਦੀ ਗੱਲ ਬਾਤ ਤੋਂ ਬਹੁਤ ਪ੍ਰਭਾਵਤ ਹੋਏ ਤੇ ਉਹਨਾਂ ਖ਼ਾਮੋਸ਼ ਨਜ਼ਰਾਂ ਨਾਲ ਹੀ ਨੌਜਵਾਨ ਦੀ ਸ਼ਲਾਘਾ ਕੀਤੀ। ਜਦ ਸਾਰੇ ਚੁੱਪ ਹੋ ਗਏ ਤਾਂ ਨੌਜਵਾਨ ਨੇ ਉੱਚੀ ਆਵਾਜ਼ ਵਿਚ ਕਹਿਣਾ ਸ਼ੁਰੂ ਕੀਤਾ "ਪ੍ਰੈਜ਼ੀਡੈਂਟ ਸਾਹਿਬ ਹਮੇਸ਼ਾ ਕੇ ਲੀਏ ਹਮੇਂ ਛੋੜ ਗਏ ਹੈਂ। ਵੋਹ ਕਿਸੀ ਏਕ ਗਰੁਪ ਯਾ ਸਟੇਟ ਕੇ ਨਹੀਂ ਬਲਕਿ ਸਾਰੇ ਦੇਸ਼ ਕੇ ਪ੍ਰੈਜ਼ੀਡੈਂਟ ਥੇ। ਹਮ ਸਭ ਕੋ ਉਨਕੀ ਮੌਤ ਕਾ ਏਕ ਜੈਸਾ ਹੀ ਦੁਖ ਹੈ, ਕਿਸੀ ਕੋ ਕਮ ਯਾ ਜ਼ਿਆਦਾ ਨਹੀਂ। ਕਿਸੀ ਕੋ ਭੀ ਐਸੀ ਬਾਤ ਨਹੀਂ ਕਹਨੀ ਚਾਹੀਏ ਜੋ ਦੂਸਰੋਂ ਕੋ ਦੁੱਖ ਦੇ ਯਾ ਹਮ ਭਾਈਓਂ ਕੋ ਅਲੱਗ ਕਰੇ ਯਾ ਏਕ ਦੂਸਰੇ ਕੇ ਦੁਸ਼ਮਨ ਬਨਾਏ। ਕਾਤਿਲੋਂ ਕੋ ਪਕੜਨਾ ਔਰ ਉਨ ਕੋ ਸਜ਼ਾ

ਦੇਨੀ ਪੁਲੀਸ ਔਰ ਫੋਰਸੋਂ ਕਾ ਕਾਮ ਹੈ, ਹਮੇਂ ਇਸ ਕੇ ਬਾਰੇ ਮੇਂ ਫ਼ਿਕਰ ਕਰਨੇ ਕੀ ਕੋਈ ਜ਼ਰੂਰਤ ਨਹੀਂ।"

ਸਾਰੇ ਚੁੱਪਚਾਪ ਸੁਣਦੇ ਰਹੇ। ਰੇਡੀਉ 'ਤੇ ਖ਼ਬਰਾਂ ਆਉਂਦੀਆਂ ਰਹੀਆਂ। ਗੱਡੀ ਤੇਜ਼ੀ ਨਾਲ ਪੈਂਡਾ ਢੰਡ ਢੰਡ ਸੁਟਦੀ ਰਹੀ। ਦਿੱਲੀ ਨੇੜੇ ਨੇੜੇ ਆ ਰਹੀ ਸੀ। ਚਾਹ ਪੀਣ ਜਾਂ ਹੱਸਣ ਖੇਡਣ ਦਾ ਸ਼ਾਇਦ ਲੋਕਾਂ ਨੂੰ ਚੇਤਾ ਹੀ ਭੁੱਲ ਗਿਆ ਸੀ। ਉਹਨਾਂ ਦੇ ਚਿਹਰੇ ਗੰਭੀਰ ਸਨ। ਬਬਲੀ ਤੇ ਬਿੱਟੂ ਵੀ ਚੁੱਪ ਸਨ। ਉਹਨਾਂ ਨੂੰ ਇਹ ਤਾਂ ਪੂਰਾ ਪਤਾ ਨਹੀਂ ਸੀ ਕਿ ਕੀ ਹੋਇਆ ਹੈ ਪਰ ਇੰਨੀ ਸਮਝ ਜ਼ਰੂਰ ਸੀ ਕਿ ਕੋਈ ਗੰਭੀਰ ਘਟਨਾ ਵਾਪਰੀ ਸੀ। ਬਿੱਟੂ ਦੇ ਦਿਮਾਗ ਵਿਚ ਕਦੇ ਕਦੇ ਸਵੇਰ ਵਾਲੀ ਕਹਾਣੀ ਘੁੰਮ ਜਾਂਦੀ। ਰੇਡੀਉ 'ਤੇ ਫਿਰ ਖ਼ਬਰ ਆਈ "ਹਮੇਂ ਯੇਹ ਬਤਾਤੇ ਹੁਏ ਖ਼ੇਦ ਹੈ ਕਿ ਦਿੱਲੀ ਔਰ ਕਈ ਦੂਸਰੇ ਸ਼ਹਿਰੋਂ ਸੇ ਸਿੱਖੋਂ ਪਰ ਹਮਲੇ ਹੋ ਰਹੇ ਹੈਂ ਔਰ ਕੁਛ ਲੋਗ ਜ਼ਖ਼ਮੀ ਭੀ ਹੋ ਗਏ ਹੈਂ। ਸ਼ਾਇਦ ਕੁਛ ਮਾਰੇ ਭੀ ਗਏ ਹੈਂ। ਸਿੱਖੋਂ ਕੇ ਘਰ, ਦੁਕਾਨੇਂ ਔਰ ਕਾਰੇਂ ਆਦਿ ਜਲਾ ਦੀ ਗਈ ਹੈਂ। ਅਧਿਕਾਰੀਉਂ ਕਾ ਆਪ ਸਭੀ ਸੇ ਨਿਵੇਦਨ ਹੈ ਕਿ ਆਪ ਅਪਨੀ ਭਾਵਨਾਉਂ ਪਰ ਕਾਬੂ ਰੱਖੇਂ। ਕੁਛ ਲੋਗੋਂ ਕੋ ਮਾਰਨੇ ਯਾ ਉਨਕੇ ਘਰ ਜਲਾਨੇ ਸੇ ਹਮਾਰੇ ਪ੍ਰਿਯ ਪ੍ਰੈਜ਼ੀਡੈਂਟ ਸਾਹਿਬ ਵਾਪਸ ਤੋ ਨਹੀਂ ਆ ਜਾਏਂਗੇ। ਹਮ ਫਿਰ ਆਪ ਸੇ ਅਪੀਲ ਕਰਤੇ ਹੈਂ ਕਿ ਦੇਸ਼ ਮੇਂ ਸ਼ਾਂਤੀ ਬਨਾਏ ਰੱਖੇਂ। ਹਮਾਰੇ ਪ੍ਰੈਜ਼ੀਡੈਂਟ ਸਾਹਿਬ ਕਾ ਯਹੀ ਉਦੇਸ਼ ਥਾ....."

ਖ਼ਬਰ ਸੁਣ ਕੇ ਅਮਰੀਕ ਤੇ ਭਿੰਦਰ ਬਹੁਤ ਘਬਰਾ ਗਏ ਕਿ ਪਤਾ ਨਹੀਂ ਹਮਲੇ ਵਿਚ ਉਹਨਾਂ ਨਾਲ ਕੀ ਬੀਤੇਗੀ। ਵਿਨੋਦ, ਲਾਲਾ ਜੀ ਤੇ ਆਸ ਪਾਸ ਦੇ ਕੁੱਝ ਹੋਰ ਮੁਸਾਫ਼ਰ ਵੀ ਚਿੰਤਾ ਵਿਚ ਡੁੱਬ ਗਏ। ਉਹ ਸਾਦਾ ਨੌਜਵਾਨ ਅਮਰੀਕ ਦੇ ਕੋਲ ਆ ਕੇ ਬੈਠ ਗਿਆ ਤੇ ਉਸਦਾ ਧਿਆਨ ਬਦਲਣ ਲਈ ਹੋਰ ਗੱਲਾਂ ਸ਼ੁਰੂ ਕਰ ਦਿੱਤੀਆਂ। "ਸਰਦਾਰ ਸਾਹਿਬ, ਬੰਬਈ ਮੇਂ ਤੁਸੀਂ ਕਿਸ ਜਗ੍ਹਾ ਰਹਿੰਦੇ ਓ?" ਉਹ ਪੰਜਾਬੀ ਬੋਲਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ। ਉਹ ਅਮਰੀਕ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਉਹਨਾਂ ਦਾ ਹਮਦਰਦ ਸੀ – ਦੁੱਖ ਸੁੱਖ ਦਾ ਭਾਈਵਾਲ।

"ਪੰਜਾਬੀ ਬਾਗ।"

"ਆਪ ਕੋਈ ਸਰਵਿਸ ਕਰਤੇ ਹੈਂ ਜਾਂ ਪ੍ਰਾਈਵੇਟ ਬਿਜ਼ਨੈੱਸ ਕਰਤੇ ਹੈਂ?"

"ਮੈਂ ਇਕ ਅਮਰੀਕਨ ਕੰਪਨੀ ਨਾਲ ਕੰਮ ਕਰਦਾਂ।"

ਇਸ ਤਰਾਂ ਦੀਆਂ ਗੱਲਾਂ ਬਾਤਾਂ ਵਿਚ ਕਾਫ਼ੀ ਸਮਾਂ ਲੰਘ ਗਿਆ। ਸ਼ਾਮ ਹੋ ਰਹੀ ਸੀ। ਦਿੱਲੀ ਅੱਧੇ ਪੌਣੇ ਘੰਟੇ ਦੀ ਵਿੱਥ 'ਤੇ ਰਹਿ ਗਈ ਸੀ। ਰੇਡੀਉ 'ਤੇ ਫਿਰ ਖ਼ਬਰ ਆਈ "ਦਿੱਲੀ ਔਰ ਆਸ ਪਾਸ ਕੇ ਸਟੇਸ਼ਨੋਂ ਪੇ ਗਾੜੀਉਂ ਮੇਂ ਸਿੱਖ ਮੁਸਾਫਰੋਂ ਪਰ ਭੀ ਹਮਲੇ ਸ਼ੁਰੂ ਹੋ ਗਏ ਹੈਂ ਔਰ ਕਈ ਸਿੱਖ ਮੁਸਾਫ਼ਿਰ ਮਾਰੇ ਭੀ ਗਏ ਹੈਂ। ਥੋੜੀ ਦੇਰ ਮੇਂ ਨਏ ਪ੍ਰੈਜ਼ੀਡੈਂਟ ਸਾਹਿਬ ਦੂਰ ਦਰਸ਼ਨ ਔਰ ਆਕਾਸ਼ਵਾਣੀ ਪੇ ਆਪ ਸਭ ਕੋ ਨਿਵੇਦਨ ਕਰੇਂਗੇ ਕਿ ਆਪ ਅਪਨੇ ਸਿੱਖ ਭਾਈਉਂ ਪੇ ਇਤਨੀ ਸਖ਼ਤੀ ਨਾ ਕਰੇਂ। ਆਪ ਉਨਕੇ ਨਿਵੇਦਨ ਕਾ ਇੰਤਜ਼ਾਰ ਕਰੇਂ।"

ਗੱਡੀਆਂ 'ਤੇ ਹਮਲੇ ਬਾਰੇ ਸੁਣ ਕੇ ਅਮਰੀਕ ਤੇ ਭਿੰਦਰ ਹੋਰ ਵੀ ਘਬਰਾ ਗਏ ਕਿ ਹੁਣ ਕੀ ਕੀਤਾ ਜਾਵੇ। "ਸਰਦਾਰ ਜੀ, ਤੁਸੀਂ ਅਗਲੇ ਸਟੇਸ਼ਨ 'ਤੇ ਹੀ ਉੱਤਰ ਜਾਉ।" ਲਾਲਾ ਜੀ ਨੇ ਸੁਝਾਅ ਦਿੱਤਾ।

"ਲਾਲਾ ਜੀ ਹਮਲੇ ਤਾਂ ਸੁਣਿਆ ਸਭ ਸਟੇਸ਼ਨਾਂ 'ਤੇ ਹੋ ਰਹੇ ਹਨ ਫਿਰ ਉਥੇ ਕਿਵੇਂ ਬਚਾਂਗੇ?"

"ਸਰਦਾਰ ਜੀ ਬੁਰਾ ਨਾ ਮਨਾਏਂ ਤੋ ਇਕ ਬਿਨਤੀ ਕਰੂੰ?" ਪਟੇਲ ਨੇ ਝਕਦਿਆਂ ਝਕਦਿਆਂ ਪੂਰੀ ਹਮਦਰਦੀ ਨਾਲ ਪੁੱਛਿਆ।

"ਕਿਉਂ ਨਹੀਂ, ਜ਼ਰੂਰ।"

"ਆਪ ਅਪਨੇ ਔਰ ਅਪਨੇ ਬੇਟੇ ਕੇ ਬਾਲ ਕਾਟ ਡਾਲੋ। ਜਾਨ ਬਚ ਗਈ ਤੋ ਫ਼ਿਰ ਬੜ੍ਹਾ ਲੇਨਾ।"

"ਵਿਚਾਰ ਮਾੜਾ ਨਹੀਂ।" ਲਾਲਾ ਜੀ ਨੇ ਵੀ ਹਾਮੀ ਭਰੀ।

"ਇਸ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਮਰ ਜਾਣਾ ਮਨਜ਼ੂਰ ਹੈ ਪਰ ਕੇਸ ਨਹੀਂ ਕਟਾਉਣੇ। ਸਾਡੇ ਗੁਰੂਆਂ ਨੇ ਮਹਾਨ ਕੁਰਬਾਨੀਆਂ ਤੋਂ ਪਿੱਛੋਂ ਸਾਨੂੰ ਇਹ ਦਾਤ ਦਿੱਤੀ ਐ। ਕੇਸ ਹਰਗਿਜ਼ ਨਹੀਂ ਕਟਾਉਣੇ।"

"ਸਰਦਾਰ ਜੀ ਠੀਕ ਕਹ ਰਹੇ ਹੈਂ। ਯੇਹ ਐਸਾ ਨਹੀਂ ਕਰੇਂਗੇ। ਮੈਂ ਇਨਕੋ ਅਪਨੇ ਸਾਥ ਘਰ ਲੇ ਜਾਊਂਗਾ। ਜਿਤਨੀ ਦੇਰ ਹਮ ਇਨ ਕੇ ਸਾਥ ਹੈਂ ਕੋਈ ਇਨਕੋ ਛੂ ਤੱਕ ਨਹੀਂ ਸਕਤਾ।" ਸਾਦੇ ਨੌਜਵਾਨ ਨੇ ਬੜੀ ਦ੍ਰਿੜ੍ਹਤਾ ਨਾਲ ਆਖਿਆ।

"ਬਿਲਕੁਲ ਠੀਕ ਹੈ, ਹਮ ਭੀ ਇਨ ਕੇ ਸਾਥ ਹੈਂ।" ਵਿਨੋਦ ਬੋਲਿਆ।

"ਕਿਤਨੀ ਸ਼ਰਮ ਕੀ ਬਾਤ ਹੈ ਕਿ ਹਮਾਰੇ ਇਨ ਭਾਈਉਂ ਪੇ ਕੁਛ ਮੂਰਖ ਔਰ ਘਟੀਆ ਲੋਗ ਐਸੇ ਜ਼ੁਲਮ ਕਰ ਰਹੇ ਹੈਂ। ਉਹ ਭੀ ਉਨਕੇ ਅਪਨੇ ਮੁਲਕ ਮੇਂ, ਜਿਸ ਕੀ ਆਜ਼ਾਦੀ ਮੇਂ ਇਨ ਲੋਗੋਂ ਨੇ ਸਭ ਸੇ ਜ਼ਿਆਦਾ ਕੁਰਬਾਨੀਆਂ ਦੀ।" ਨੌਜਵਾਨ ਦਾ ਮੂੰਹ ਗੁੱਸੇ ਨਾਲ ਲਾਲ ਸੀ।

"ਬਿਲਕੁਲ ਠੀਕ ਹੈ। ਇਹਦੇ ਵਿਚ ਬਾਕੀ ਸਿੱਖਾਂ ਦਾ ਕੀ ਕਸੂਰ ਐ? ਸਰਦਾਰ ਸਾਹਿਬ ਤੁਸੀਂ ਜ਼ਰਾ ਫ਼ਿਕਰ ਨਾ ਕਰੋ। ਤੁਹਾਡੇ 'ਤੇ ਹੱਥ ਚੁੱਕਣ ਤੋਂ ਪਹਿਲਾਂ ਲਫੰਗਿਆਂ ਨੂੰ ਸਾਨੂੰ ਮਾਰਨ ਪਵੇਗਾ।" ਵਿਨੋਦ ਨੇ ਅਮਰੀਕ ਨੂੰ ਆਖਿਆ। ਉਹ ਭਾਵੁਕ ਹੋ ਗਿਆ ਸੀ।

ਭਿੰਦਰ ਸੁਣ ਸੁਣ ਕੇ ਡਰ ਰਹੀ ਸੀ। ਉਹਨੇ ਬੱਚਿਆਂ ਨੂੰ ਆਪਣੇ ਨਾਲ ਘੁੱਟ ਲਿਆ। ਉਸ ਦੇ ਵੱਸ ਹੁੰਦਾ ਤਾਂ ਉਹਨਾਂ ਨੂੰ ਕਿਸੇ ਅਜਿਹੀ ਥਾਂ ਲੁਕੋ ਲੈਂਦੀ ਜਿੱਥੇ ਕੋਈ ਮੈਲੀ ਨਜ਼ਰ ਨਾ ਪੈ ਸਕੇ। ਹਨੇਰਾ ਹੋ ਗਿਆ ਸੀ। ਦਿੱਲੀ ਦੀਆਂ ਬੱਤੀਆਂ ਨਜ਼ਰ ਆਉਣ ਲੱਗ ਪਈਆਂ। ਗੱਡੀ ਬਹੁਤ ਹੌਲੀ ਹੋ ਗਈ। ਸਾਰਿਆਂ ਦੇ ਦਿਲ ਕੰਬਣ ਲੱਗ ਪਏ। ਗੱਡੀ ਸ਼ਹਿਰ ਵਿਚ ਦਾਖ਼ਲ ਹੋ ਗਈ। ਸ਼ਹਿਰ ਦੀਆਂ ਸੜਕਾਂ ਖ਼ਾਲੀ ਸਨ। ਬਹੁਤ ਥਾਈਂ ਬੱਸਾਂ, ਟਰੱਕਾਂ, ਕਾਰਾਂ ਤੇ ਸਕੂਟਰ ਆਦਿ ਸੜੇ ਪਏ ਸਨ ਤੇ ਕੁੱਝ ਸੜ ਰਹੇ ਸਨ। ਬਹੁਤ ਸਾਰੇ ਮਕਾਨਾਂ ਨੂੰ ਅੱਗ ਲੱਗੀ ਹੋਈ ਸੀ। ਥਾਂ ਥਾਂ 'ਤੇ ਲਾਸ਼ਾਂ ਪਈਆਂ ਸਨ ਜਿਨ੍ਹਾਂ ਵਿਚ ਕਈ ਅੱਧ ਸੜੀਆਂ ਸਨ।

"ਉਇ ਮੇਰਿਆ ਰੱਬਾ।" ਭਿੰਦਰ ਦੀ ਚੀਕ ਨਿਕਲ ਗਈ। ਉਹ ਆਪਣੀ ਸੀਟ ਵਿਚ ਹੀ ਜੰਮ ਗਈ।

"ਰਾਮ ਰਾਮ!"

"ਯਾ ਅੱਲਾ!" ਕਈ ਪਰਕਾਰ ਦੀਆਂ ਦਰਦਨਾਕ ਆਵਾਜ਼ਾਂ ਆ ਰਹੀਆਂ ਸਨ। ਲੋਕਾਂ ਨੇ ਇਵੇਂ ਜਿਹੇ ਭਿਆਨਕ ਸੀਨ ਬਹੁਤ ਘੱਟ ਵੇਖੇ ਸਨ। ਗੱਡੀ ਦੀ ਗਤੀ ਬਹੁਤ ਹੌਲੀ ਹੋ ਗਈ ਤੇ ਪਹੀਆਂ ਦੀ ਪਟੜੀਆਂ ਨਾਲ ਰਗੜ ਦੀ ਆਵਾਜ਼ ਤੇਜ਼। 'ਕਚ ਕਚ' ਕਰਦੀ ਗੱਡੀ ਨਵੀਂ ਦਿੱਲੀ ਦੇ ਪਲੇਟਫਾਰਮ 'ਤੇ ਆ ਕੇ ਰੁਕ ਗਈ। ਪਲੇਟਫਾਰਮ 'ਤੇ ਬਹੁਤ ਸਾਰੇ ਲੋਕ ਸਨ ਜੋ ਮੁਸਾਫ਼ਰ ਘੱਟ ਅਤੇ ਲੁਟੇਰੇ ਜ਼ਿਆਦਾ ਜਾਪਦੇ ਸਨ। ਹੱਥਾਂ ਵਿਚ ਡਾਂਗਾਂ, ਸਰੀਏ, ਤ੍ਰਿਸ਼ੂਲ ਤੇ ਪੈਟਰੋਲ ਦੇ ਪੀਪੇ ਫੜੇ ਹੋਏ ਸਨ। ਗੱਡੀ ਰੁਕਦਿਆਂ ਸਾਰ ਹੀ ਉਹ ਟੁੱਟ ਕੇ ਪੈ ਗਏ।

"ਮਾਰ ਦੋ ਸਾਲੇ ਸਿੱਖੜੋਂ ਕੋ।"

"ਇਨ ਹਰਾਮੀਉਂ ਕੇ ਬਾਲ ਮੂੰਡ ਦੋ। ਦੇਖਨਾ ਕੋਈ ਬਚ ਕਰ ਨਾ ਜਾਨੇ ਪਾਏ।" ਤਰ੍ਹਾਂ ਤਰ੍ਹਾਂ ਦੇ ਲਲਕਾਰੇ ਵੱਜ ਰਹੇ ਸਨ। ਪੰਦਰਾਂ-ਪੰਦਰਾਂ, ਵੀਹ-ਵੀਹ ਗੁੰਡੇ ਹਰ ਡੱਬੇ 'ਤੇ ਵਹਿਸ਼ੀਆਂ ਵਾਂਗ ਟੁੱਟ ਪਏ। ਸਵਾਰੀਆਂ ਦੀਆਂ ਚੀਕਾਂ 'ਤੇ ਖ਼ੁਸ਼ ਹੁੰਦੇ, ਉਹਨਾਂ ਨੂੰ ਲਿਤਾੜਦੇ ਉਹ ਆਪਣਾ ਸ਼ਿਕਾਰ ਲੱਭ ਰਹੇ ਸਨ। ਅਮਰੀਕ ਵਾਲੇ ਡੱਬੇ

(ਬਾਕੀ ਸਫ਼ਾ 34)

• ਸੁਖਪਾਲ •

# ਇਕ ਮੁਕੱਦਮਾ ਲੋਕ ਅਦਾਲਤ ਵਿਚ

ਇੰਦਰਾ ਦੇ ਕਤਲ ਤੋਂ ਬਾਅਦ ਮਾਸੂਮ ਲੋਕਾਂ ਦਾ ਕਤਲੇਆਮ ਕਰਨ ਵਾਲਿਆਂ ਦੇ ਸਨਮੁਖ :

ਠਹਿਰੋ ਕਾਤਲੋ, ਇੰਦਰਾ ਦੇ ਬਦਲੇ ਵਿਚ, ਕਿਉਂ ਕਰ ਰਹੇ ਇਹ ਕਤਲੇਆਮ ਦੱਸੋ,
ਇਹ ਲਹੂ ਮਾਸੂਮਾਂ ਦਾ ਡੋਲ੍ਹ ਰਹੇ ਹੋ, ਇਸ ਲਹੂ ਦਾ ਕੀ ਇਲਜ਼ਾਮ ਦੱਸੋ !
ਜੇਕਰ ਹਿੰਦ ਸਰਕਾਰ ਦੇ ਅਫ਼ਸਰ ਹੀ, ਸਾਮਰਾਜ ਦੇ ਬਣੇ ਜਾਸੂਸ ਬੈਠੇ,
ਰਾਜ ਘਰਾਂ ਵਿਚ ਕੋਈ ਵੀ ਭਾਰਤੀ ਨਹੀਂ, ਕਿਤੇ ਅਮਰੀਕਾ ਕਿਤੇ ਰੂਸ ਬੈਠੇ !
ਜੇਕਰ ਇਸ ਸਰਕਾਰ ਦੀਆਂ ਰਗਾਂ ਦੇ ਵਿਚ, ਸਾਮਰਾਜ ਦਾ ਖ਼ੂਨ ਹੀ ਵਗ ਰਿਹਾ ਹੈ,
ਏਸ ਵਿਚ ਕੋਈ ਦੱਸੇ ਫਿਰ ਦੋਸ਼ ਕਿਹਦਾ, ਦੋਸ਼ ਜਿਹੜਾ ਮਾਸੂਮਾਂ ਸਿਰ ਭੱਜ ਰਿਹਾ ਹੈ !
ਇੰਦਰਾ ਮਰੀ ਆਪਣੇ ਬਾਡੀ ਗਾਰਡਾਂ ਤੋਂ, ਸ਼ਰਮ ਹੁੰਦੀ ਕਿਸੇ ਟੋਏ 'ਚ ਡੁਬ ਮਰਦੇ,
ਕੋਹੜ ਢਕਣ ਲਈ ਕੋਹੜੀ ਸਰਕਾਰ ਦਾ ਤੁਸੀਂ, ਕਿਉਂ ਕੋਹੜੀਓ ਲੋਕਾਂ ਨੂੰ ਕਤਲ ਕਰਦੇ !
ਇਹ ਜੋ ਸੱਤਾ ਜਨੂੰਨ ਵਿਚ ਹੋ ਅੰਨ੍ਹੇ, ਤੁਸੀਂ ਕਹਿਰ ਮਜ਼ਲੂਮਾਂ ਤੇ ਢਾਅ ਰਹੇ ਹੋ,
ਬੇਹ ਹੋਣਿਉਂ ਮੌਤ ਦੇ ਫੰਦੇ ਨੇ ਇਹ, ਤੁਸੀਂ ਆਪਣੇ ਗਲਾਂ ਵਿਚ ਪਾ ਰਹੇ ਹੋ !

ਲੋਕਾਂ ਦੇ ਸਨਮੁੱਖ :

ਮੇਰੇ ਦੇਸ਼ ਦੀ ਹੋਣੀ ਮਹਾਨ ਲੋਕੋ, ਤੁਹਾਡੀ ਵਿਚ ਅਦਾਲਤ ਮੈਂ ਖੜ੍ਹਨ ਲੱਗਿਆਂ,
ਕੁਝ ਕਾਤਲਾਂ ਦੇਸ਼ ਦੇ ਮੁਜਰਮਾਂ ਦਾ, ਇਕ ਪੇਸ਼ ਮੁਕੱਦਮਾਂ ਮੈਂ ਕਰਨ ਲੱਗਿਆਂ !
ਭੇਦ ਭਾਵ ਲਿਹਾਜ਼ ਨੂੰ ਟੰਗ ਛਿੱਕੇ, ਜ਼ਰਾ ਸਮਝ ਕੇ ਕਰਿਉ ਇਨਸਾਫ਼ ਲੋਕੋ,
ਸਾਨੂੰ ਮਾਫ਼ ਤਵਾਰੀਖ਼ ਨੇ ਕਰਨਾ ਨਹੀਂ, ਕਰ ਦਿੱਤਾ ਜੇ ਇਨ੍ਹਾਂ ਨੂੰ ਮਾਫ਼ ਲੋਕੋ !
ਇਕ ਔਰਤ ਦੇ ਰੂਪ ਵਿਚ ਡਾਇਣ ਸੀ ਜੋ, ਸਮਝਿਆ ਹਿੰਦ ਨੂੰ ਜਿਹਨੇ ਜਾਗੀਰ ਆਪਣੀ,
ਜਿਹਨੇ ਲੋਕ ਤੁੰਨੇ ਜਿਹਲਾਂ ਵਿਚ ਤੁੰਨੇ, ਟੱਪੀ ਜ਼ੁਲਮ ਦੀ ਹੱਦ ਲਕੀਰ ਆਪਣੀ !
ਦਾਗ਼ ਭਾਰਤ ਦੇ ਪਿੰਡੇ ਤੋਂ ਮਿਟਣੇ ਨਹੀਂ, ਐਸੀ ਬਣ ਕੇ ਨਾਗਣੀ ਲੜੀ ਸੀ ਉਹ,
ਜਿਹੜੀ ਅੱਗ ਦਾ ਖੇਲ੍ਹ ਉਹ ਖੇਲ੍ਹਦੀ ਸੀ, ਉਸੇ ਅੱਗ ਵਿਚ ਸੜ ਕੇ ਮਰੀ ਸੀ ਉਹ !
ਉਹਦਾ ਲਾਡਲਾ ਬੇਟਾ ਰਾਜੀਵ ਗਾਂਧੀ, ਬਣਿਆਂ ਬੜਾ ਵਜ਼ੀਰ ਜੋ ਹਿੰਦ ਦਾ ਇਹ,
ਹੋਇਆ ਕਸ਼ਮੀਰ ਤੋਂ ਕੰਨਿਆਂ ਕੁਮਾਰੀ ਦੇ ਤੱਕ, ਦੁਸ਼ਮਣ ਹਰ ਸ਼ਹਿਰ ਹਰ ਪਿੰਡ ਦਾ ਇਹ !
ਇਹਨੇ ਬੈਠ ਕੇ ਮਾਂ ਦੀ ਲਾਸ਼ ਕੋਲੇ, ਸਾਰੇ ਨਿਯਮ ਕਾਨੂੰਨ ਦਫ਼ਨਾ ਦਿੱਤੇ,
ਬਦਲਾ ਲੈਣ ਲਈ ਟੈਲੀਵੀਜਨਾਂ ਤੋਂ, ਕਤਲੋਗਾਰਤ ਦੇ ਨਾਹਰੇ ਲਗਵਾ ਦਿੱਤੇ !
ਥਾਪੀ ਦੇ ਕੇ ਪੁਲਸ ਤੇ ਗੁੰਡਿਆਂ ਨੂੰ, ਸਿੱਖਾਂ ਲੋਕਾਂ ਨਿਰਦੋਸ਼ਾਂ ਤੇ ਚਾੜ੍ਹ ਦਿੱਤਾ,
ਉਨ੍ਹਾਂ ਲੁੱਟ ਲਈ ਪੱਤ ਸੁਆਣੀਆਂ ਦੀ, ਘਰਾਂ ਵਾਲਿਆਂ ਨੂੰ ਘਰਾਂ ਸੰਗ ਸਾੜ ਦਿੱਤਾ !
ਦਿੱਲੀ ਹਕੂਮਤ ਦੇ ਪਾਲੇ ਹੋਏ ਨਾਦਰਾਂ ਨੇ, ਮਾਤ ਬਾਬਰ ਅਬਦਾਲੀ ਨੂੰ ਪਾ ਦਿੱਤੀ,
ਉਨ੍ਹਾਂ ਅੱਗ ਅਸਮਾਨਾਂ ਨੂੰ ਲਾ ਦਿੱਤੀ, ਉਨ੍ਹਾਂ ਨਦੀਆਂ ਵਿਚ ਰੱਤ ਵਹਾ ਦਿੱਤੀ ।
ਭਾਰਤ ਮਾਂ ਨੂੰ ਉਨ੍ਹਾਂ ਬੇਪੱਤ ਕਰਕੇ, ਕਈ ਦਿਨ ਗਲੀਆਂ ਬਜ਼ਾਰਾਂ ਵਿਚ ਟੰਗ ਛੱਡਿਆ,
ਨਾਲੇ ਫਿਰਕੂ ਜਨੂੰਨ ਦੇ ਨਾਗ ਬਣ ਕੇ, ਪਾਕਿ ਲੋਕਾਂ ਦੀ ਸੋਚ ਨੂੰ ਡੰਗ ਛੱਡਿਆ !
ਪੈਰਾਂ ਹੇਠ ਸੀ ਲਾਸ਼ਾਂ ਦੇ ਢੇਰ ਇਹਦੇ, ਸਿਰ ਉਤੇ ਜਿਸ ਵਕਤ ਸੀ ਤਾਜ ਸਜਿਆ,
ਏਨੇ ਲਹੂ ਸੰਗ ਮੁਗ਼ਲਾਂ ਦੇ ਸਮੇਂ ਵਿਚ ਵੀ, ਕੋਈ ਨਹੀਂ ਸੀ ਇੰਝ ਸਮਰਾਟ ਸਜਿਆ !
ਪ੍ਰਧਾਨ ਇਹ ਦੇਸ਼ ਦਾ ਮੁਜ਼ਰਿਮ ਹੈ, ਇਹਨੇ ਕੀਤੇ ਹਨ ਵਹਿਸ਼ੀ ਗੁਨਾਹ ਲੋਕੋ,
ਪੁੱਠਾ ਟੰਗਣਾ ਘੜੀਸਣਾ ਸੜਕਾਂ ਤੇ, ਦੱਸੋ ਦਿਉਗੇ ਕਿਹੜੀ ਸਜ਼ਾ ਲੋਕੋ !

ਦੂਜਾ ਮੁਜ਼ਰਿਮ ਹੈ ਇਕ ਉਜੱਡ ਬੰਦਾ, ਰਾਜ ਸਤਾ ਦੀਆਂ ਜਿਹਨੂੰ ਮਗ਼ਰੂਰੀਆਂ ਨੇ,
ਸਦਾ ਕੀਤਾ ਚਪੜਾਸੀਪੁਣਾ ਇੰਦਰਾ ਦਾ, ਜਿਹਦੀ ਯੋਗਤਾ ਜੀਅ ਹਜ਼ੂਰੀਆਂ ਨੇ !
ਮੁਖ ਮੰਤਰੀ ਜਦੋਂ ਉਹ ਪੰਜਾਬ ਦਾ ਸੀ, ਮੋਗੇ ਲਹੂ ਵਿਦਿਆਰਥੀਆਂ ਦਾ ਡੋਲ੍ਹਿਆ ਸੀ,
ਜਿਹਦੇ ਹੁਕਮ ਤੇ ਨਕਸਲਬਾੜੀਆਂ ਨੂੰ, ਗਿਆ ਨਾਲ ਸੰਗੀਨਾਂ ਦੇ ਤੋਲਿਆ ਸੀ !
ਸਦਕੇ ਆਪਣੀ ਚਾਅ-ਪਲੂਸੀਆਂ ਦੇ, ਰਾਸ਼ਟਰਪਤੀ ਭਵਨ ਵਿਚ ਆਣ ਸਜਿਆ,
ਰਿਹਾ ਗਾਹਕ ਜੋ ਨਚਦੀਆਂ ਬੇਗ਼ਮਾਂ ਦਾ, ਬੈਠਾ ਦੇਸ਼ ਦਾ ਅੱਜ ਪ੍ਰਧਾਨ ਸਜਿਆ !
ਭਿੰਡਰਾਂਵਾਲੇ ਨੂੰ ਜਿਸਦੀ ਥਾਪਨਾ ਸੀ, ਫਿਰਕੂ ਅੱਗ ਨੂੰ ਦਿੰਦਾ ਹਵਾ ਜੋ ਰਿਹਾ,
ਮਸਲੇ ਖੁਦ ਹੀ ਪਾਲ ਕੇ ਬੜੇ ਕੀਤੇ, ਮਸਲੇ ਫੌਜ ਦੇ ਨਾਲ ਸੁਲਝਾ ਜੋ ਰਿਹਾ !
ਪਹਿਲਾਂ ਕੌਮ ਦੇ ਦਿਲਾਂ ਤੇ ਜ਼ਖ਼ਮ ਕਰਕੇ, ਪੱਟੀਆਂ ਲੂਣ ਦੀਆਂ ਉਤੋਂ ਬੰਨ੍ਹ ਰਿਹਾ ਹੈ,

• ਇਕਬਾਲ ਰਾਮੂਵਾਲੀਆ

## ਏਨਾਂ ਹੀ ਮਨਜ਼ੂਰ ਕਰੋ

ਏਨਾਂ ਹੀ ਮਨਜ਼ੂਰ ਕਰੋ
ਮੈਂ ਜੋ ਥੋਨੂੰ ਭੇਜ ਰਿਹਾ ਹਾਂ
ਲਿੱਤਰਿਆ ਹੈ
ਡੋਲਿਆਂ ਦੇ ਵਿਚ ਤਰਸ ਹੁੰਦੀਆਂ ਮੱਛੀਆਂ ਦੇ
ਕੱਠੇ ਔੜਿਆਂ ਵਿਚੋਂ,
ਮੱਥੇ ਅੰਦਰ ਧੁਖ ਧੁਖ ਬਲਦੇ
ਪਟਿਆਂ ਵਿਚੋਂ, ਦੰਦਿਆਂ ਵਿਚੋਂ,
ਸੁੱਤ-ਉਣੀਂਦੇ ਕੈਧਿਆਂ ਵਿਚੋਂ,
ਖਿੰਡਰੀ ਖਿੰਡਰੀ ਸੋਚ ਮੇਰੀ ਨੂੰ
ਛਿੱਲ ਛਿੱਲ ਸੁੱਟਦੇ
ਅਣਦਿਸ ਨਿਰਮੋਹ ਰੰਦਿਆਂ ਵਿਚੋਂ ।
ਏਨਾਂ ਹੀ ਮਨਜ਼ੂਰ ਕਰੋ ।

ਉਂਞ ਆਪਣੇ ਦਰਵਾਜ਼ੇ ਨੂੰ ਵੀ
ਰੰਗ ਵਿਚ ਲਿਪਟਣ ਦਾ, ਲਿਸ਼ਕਣ ਦਾ
ਸ਼ੌਕ ਬੜਾ ਹੈ,
ਖੇਤਾਂ ਨੂੰ ਵੀ ਖ਼ੌਫ਼ ਬੜਾ ਹੈ,
ਰੋਂਦੀ ਘਟੇ
ਘਰ ਦੇ ਹਰ ਖੂੰਜੇ ਨੂੰ ਸੁੰਘਣਾ
ਪਿੰਡ ਦੀ ਸੱਥ ਵਿਚ ਉੱਸਰਿਆ
ਬਦਮਾਸ਼ ਬੜਾ ਹੈ,
ਛੋਟੇ ਕੋਲੇ
ਪਿੱਲਾ ਤੇ ਨਿਰਣਤ ਘੜਾ ਹੈ
ਗਲੀਆਂ ਦੇ ਵਿਚ
ਗਾਰੇ ਦੀ ਤਿਲਕਣ ਦਾ, ਬੋਅ ਦਾ
ਬਹੁਤ ਚੜ੍ਹਾਅ ਹੈ,
ਬੇਬੇ ਦੇ ਮੱਥੇ ਵਿਚ
ਖੁੱਭਿਆ ਹੋਇਆ ਗੁਪਤ ਨਜ਼ਾ ਹੈ
ਫਿਰ ਵੀ ਔਖੇ ਸੌਖੇ ਹੋ ਕੇ
ਬਲਦਾਂ ਦੇ ਗਲ ਟਿੱਗਰ ਜੇਹੀਆਂ
ਘੁੰਗਰਾਲਾਂ ਲਟਕਾਅ ਹੀ ਦੇਈਏ
ਤਾਂ ਕਿ ਸੁਣ ਨਾ ਸਕਾਂ
ਮਿੱਲਾਂ ਦੇ ਵਿਚ ਚੂਰਾ ਹੁੰਦੀਆਂ
ਉਂਗਲਾਂ ਦਾ ਕੁਰਲਾਉਂਦਾ ਖੜਕਾ,
ਸਿਰ ਵਿਚ ਪਿਸ ਪਿਸ ਕਰਦੀ ਪੂਣੀ ਨੂੰ
ਘਿਸ-ਤੁਰਿਕਆਂ ਕੱਤਦਾ ਚਰਖਾ,
ਤੇ ਚਰਖੀ ਵਿਚ ਲਥ ਪਥ ਨਲਕਾ ।
ਕੀ ਏਨਾਂ ਮਨਜ਼ੂਰ ਕਰੋਗੇ ?

(ਲੰਬੀ ਨਜ਼ਮ 'ਕੁੱਝ ਵੀ ਨਹੀਂ' ਵਿਚੋਂ)

•

ਕਦੀ ਗਰੰਥ ਉਹਲੇ ਕਦੀ ਵੇਦ ਉਹਲੇ, ਔਰੰਗਜ਼ੇਬ ਇਹ ਮੂੰਹ ਛੁਪਾ ਰਿਹਾ ਹੈ।
ਕਾਂਗਰਸ ਦੇ ਗੁੰਡੇ ਤੇ ਪੁਲਸ ਮਿਲਕੇ, ਗਲੀਆਂ ਵਿਚ ਸ਼ਰ੍ਹੇਆਮ ਦਹਾੜ ਰਹੇ ਸੀ,
ਇੰਦਰਾ ਕਤਲ ਦੇ ਬਦਲੇ ਦੇ ਨਾਂ ਥੱਲੇ, ਮਾਸੂਮ ਲੋਕਾਂ ਦਾ ਕਰ ਸ਼ਿਕਾਰ ਰਹੇ ਸੀ।
ਰਾਸ਼ਟਰਪਤੀ ਇਹ ਦੇਸ਼ ਦਾ ਵੇਸ਼ ਤਾਈਂ, ਜਿੰਦਿਆਂ ਅੱਗ ਵਿਚ ਸੜਦਿਆਂ ਤੱਕਦਾ ਰਿਹਾ,
ਕਤਲੋਗਾਰਤ ਦੀ ਚੀਖ਼ੋ ਪੁਕਾਰ ਦੇ ਵਿਚ, ਰਾਜਗੱਦੀ ਤੇ ਬੈਠਾ ਇਹ ਹੱਸਦਾ ਰਿਹਾ।
ਬੰਗਲਾ ਦੇਸ਼ ਦੇ ਸਿੱਕਮ ਨੂੰ ਜਿੱਤਣ ਵਾਲੀ, ਕਾਹਨੂੰ ਬੰਨ੍ਹ ਕੇ ਫੌਜ਼ ਉਹ ਰਖੀ ਹੋਈ ਸੀ,
ਹੱਕ ਮੰਗਦੇ ਲੋਕਾਂ ਨੂੰ ਛੱਟ ਕੁਚਲੇ, ਕਿਥੇ ਧਾਰਾ ਕਾਨੂੰਨ ਦੀ ਡੱਕੀ ਹੋਈ ਸੀ।
ਜੋ ਲਾਉਂਦੇ ਕਾਨੂੰਨ ਇਹ ਲੋਕਾਂ ਉਤੇ, ਉਹੀ ਤੋੜੇ ਕਾਨੂੰਨ ਇਹ ਗੱਜ ਵੱਜ ਕੇ,
ਕੌਮੀ ਏਕਤਾ ਦੇ ਵੱਡੇ ਢੰਡੋਰਚੀ ਇਹ, ਡੋਲ੍ਹਿਆ ਕੌਮ ਦਾ ਖ਼ੂਨ ਇਨ੍ਹਾਂ ਰੱਜ ਰੱਜ ਕੇ।
ਜ਼ੈਲ ਸਿੰਘ ਪਰਧਾਨ ਜੋ ਇਨ੍ਹਾਂ ਦਾ ਹੈ, ਬਖਸ਼ੇ ਜਾਣ ਨਾ ਇਹਦੇ ਗੁਨਾਹ ਇਹਨੂੰ,
ਵੀਹਵੀਂ ਸਦੀ ਨੂੰ ਜੰਗਲ ਦਾ ਰਾਜ ਦਿੱਤਾ, ਦੱਸੋ ਦਿਉਗੇ ਕਿਹੜੀ ਸਜਾ ਇਹਨੂੰ।

ਤੀਜਾ ਮੁਜ਼ਰਮ ਹੈ ਇਕ ਚੰਡਾਲ ਚੌਕਾ, ਰਾਜ ਮਹਿਲਾਂ 'ਚ ਬੈਠਾ ਕੁਤੀੜ ਜਿਹੜਾ,
ਗਵਰਨਰ ਦਿਲੀ ਦਾ ਨਾਮ ਗਵੱਈ ਜਿਸਦਾ, ਨਰਸਿਮਹਾ ਰਾਉ ਵਜ਼ੀਰ ਜਿਹੜਾ।
ਭਗਤ ਐੱਚ ਕੇ ਐੱਲ ਜਗਦੀਸ਼ ਐਮ ਪੀ ਜੋ, ਮਿਲ ਦੇਸ਼ ਦਾ ਸੱਤਿਆ ਨਾਸ ਕੀਤਾ,
ਮੀਟਿੰਗ ਕਰਕੇ ਨਾਲ ਰਾਜੀਵ ਗਾਂਧੀ, ਮਤਾ ਸਿੱਖਾਂ ਦੇ ਕਤਲ ਦਾ ਪਾਸ ਕੀਤਾ।
ਸੱਜਣ ਕੁੰਮਾਰ ਜੋ ਐਮ ਪੀ ਰਿਹਾ ਕਾਂਗਰਸ ਦਾ, ਨਾਹਰਾ ਖ਼ੂਨ ਵਹਾਉਣ ਦਾ ਲਾਇਆ ਉਹਨੇ,
ਇਕ ਕਤਲ ਪਿੱਛੇ ਨਸ਼ੇ ਦੀ ਇਕ ਬੋਤਲ, ਸੌ ਰੁਪਏ ਇਨਾਮ ਸੁਣਾਇਆ ਉਹਨੇ।
ਥਾਣੇਦਾਰ ਨਾਮ ਹਰੀ ਰਾਮ ਭੱਟੀ, ਕਈ ਸਿੱਖਾਂ ਨੂੰ ਜਿੰਦੇ ਸੜਵਾਇਆ ਉਹਨੇ,
ਨਾਦਰਸ਼ਾਹੀ ਮਚਾ ਕੇ ਦਿੱਲੀ ਦੇ ਵਿਚ, ਰੁਤਬਾ ਆਪਣਾ ਖ਼ੂਬ ਜਮਾਇਆ ਉਹਨੇ।
ਇੰਞ ਕਾਤਲਾਂ ਦੀ ਲਿਸਟ ਬਣਾਉਣ ਲੱਗੀਏ, ਲਿਸਟ ਬਣਦਿਆਂ ਬਣਦਿਆਂ ਮੁੱਕਣੀ ਨਹੀਂ,
ਰਾਜੀਵ ਗਾਂਧੀ ਤੋਂ ਭਜਨ ਲਾਲ ਦੇ ਤੱਕ, ਜਾ ਕੇ ਥਾਣਿਆਂ ਦੇ ਵਿਚ ਵੀ ਰੁਕਣੀ ਨਹੀਂ।
ਇਹ ਤਾਂ ਪੁਰਜ਼ੇ ਨੇ ਉਸ ਮਸ਼ੀਨਰੀ ਦੇ, ਅਸਲ ਮੁਜ਼ਰਮ ਜੋ ਹਿੰਦ ਸਰਕਾਰ ਸਾਰੀ,
ਇਕ ਮੰਤਰੀ ਨਹੀਂ ਇਕ ਅਫ਼ਸਰ ਨਹੀਂ, ਅੰਗ ਅੰਗ ਹਕੂਮਤ ਮੱਕਾਰ ਸਾਰੀ।
ਏਸ ਮੌਹਰੂ ਹਕੂਮਤ ਨੂੰ ਧੂਹ ਥੱਲੇ, ਤਖ਼ਤੋ ਤਾਜਾਂ ਨੂੰ ਦਿਉਗੇ ਢਾਹ ਲੋਕੋ,
ਏਦੂੰ ਘੱਟ ਦੇਂਡ ਵੱਡੇ ਕੁਕਰਮਾਂ ਦੀ, ਹੋਰ ਦਿਉਗੇ ਕਿਹੜੀ ਸਜ਼ਾ ਲੋਕੋ।

ਕਿਰਤਾਂ ਵਾਲੇ ਹੀ ਕਿਰਤ ਦਾ ਮੁੱਲ ਜਾਨਣ, ਉਸਰੀਏ ਜਾਣਦੇ ਕਦਰ ਉਸਾਰੀਆਂ ਦੀ,
ਦੇਸ਼ ਕੌਮ ਦੇ ਮਾਅਨੇ ਕੀ ਉਨ੍ਹਾਂ ਲਈ ਨੇ, ਖਾਂਦੇ ਰਹੇ ਜੋ ਖੱਟੀ ਮੱਕਾਰੀਆਂ ਦੀ।
ਸਾੜਨਾ ਮਾਰਨਾ ਉਨ੍ਹਾਂ ਲਈ ਬੜਾ ਸੌਖਾ, ਜਿਹਨਾਂ ਹੱਥਾਂ ਨੇ ਕੁਝ ਉਸਾਰਿਆ ਨਹੀਂ,
ਇਨ੍ਹਾਂ ਮਿਹਨਤ ਦਾ ਫਲ ਹੀ ਚੂਸਿਆ ਹੈ, ਇਨ੍ਹਾਂ ਮਿਹਨਤ ਦਾ ਮੁੱਲ ਵੀ ਤਾਰਿਆ ਨਹੀਂ।
ਮਿਹਨਤ ਕਸ਼ਾਂ ਦੇ ਹੱਥਾਂ ਤੋਂ ਬਿਨਾਂ, ਹੋਰਾਂ ਹੱਥਾਂ ਵਿਚ ਹੁਣ ਦੇਸ਼ ਮਹਿਫ਼ੂਜ਼ ਨਹੀਂ ਹੈ,
ਕਾਨੂੰਨ ਸਰਕਾਰ ਦੇ ਸਾਡੇ ਕਾਨੂੰਨ ਨਹੀਂ ਹੁਣ, ਸੂਝ ਇਨ੍ਹਾਂ ਦੀ ਦੇਸ਼ ਦੀ ਸੂਝ ਨਹੀਂ ਹੈ।
ਹਿੰਦੂ ਸਿੱਖ ਫ਼ਸਾਦ ਜਿਹਨੂੰ ਆਖਦੇ ਇਹ, ਹਿੰਦੂ ਸਿੱਖ ਲੋਕੀਂ ਕਿਧਰੇ ਲੜੇ ਹੀ ਨਹੀਂ,
ਮਨੇ ਮਨੀ ਨੇ ਦੁਖੀ ਸ਼ੈਤਾਨ ਸਾਰੇ, ਲੋਕੀਂ ਆਪਸ ਵਿਚ ਫਸ ਕੇ ਮਰੇ ਹੀ ਨਹੀਂ।
ਨਾ ਹੀ ਮਸਲਾ ਇਥੇ ਕੋਈ ਮਜ਼੍ਹਬ ਦਾ ਹੈ, ਨਾ ਹੀ ਮਸਲਾ ਹੱਦ ਲਕੀਰ ਦਾ ਹੈ,
ਚਾਹਵੇ ਲੁੱਟ ਦਾ ਮਾਲ ਹੜੱਪਣਾ ਜੋ, ਸਾਰਾ ਮਸਲਾ ਉਸ ਜ਼ਮੀਰ ਦਾ ਹੈ।
ਪਸ਼ੂ ਬਿਰਤੀ ਜੋ ਅੱਜ ਹੈ ਰਾਜ ਕਰਦੀ, ਜੇਕਰ ਕਿਰਤੀਆਂ ਹੱਥੋਂ ਲਿਤਾੜ ਹੋਵੇ,
ਲੁੱਟ ਚੋਂਘ ਦਾ ਗਲ੍ਹਤ ਨਿਜ਼ਾਮ ਢਾਅ ਕੇ, ਨਵੀਆਂ ਲੀਹਾਂ ਤੇ ਜੇਕਰ ਉਸਾਰ ਹੋਵੇ।
ਇੰਞ ਦੇਸ਼ ਦੇ ਕਿਰਤੀਆਂ ਹੱਥ ਜੇਕਰ, ਲੋਕੀਂ ਪੱਖੀ ਜਮਹੂਰੀ ਸਰਕਾਰ ਹੋਵੇ,
ਸਾਰੇ ਮਸਲੇ ਚੋਹੂ ਦਾ ਇਹ ਮਿਟ ਜਾਵਣ, ਸਾਰਾ ਦੇਸ਼ ਫਿਰ ਇਕ ਪਰਵਾਰ ਹੋਵੇ।
ਬਿਗਲ ਲੋਕ ਸੰਗਰਾਮ ਦਾ ਹੁਣ ਵੱਜੇ, ਧੁੰਮੇ ਲੋਕ ਕਚਹਿਰੀ ਦਾ ਨਾਮ ਲੋਕੋ,
ਏਦੂੰ ਉੱਚੇ ਹੁਣ ਦੱਸੋ ਇਨਸਾਫ਼ ਕਿਥੇ, ਏਦੂੰ ਵੱਡਾ ਵੀ ਕਿਹੜਾ ਨਿਆਂ ਲੋਕੋ।

•

(S.F.UNIVERSITY, B.C.)

• ਜਗਤਾਰ ਢਾਅ •

## ਪੱਥਰਾਂ ਦੇ ਸ਼ਹਿਰ

ਮੁੱਦਤ ਹੋਈ ਇਸ ਸ਼ਹਿਰ ਨੂੰ ਪੱਥਰ ਹੋਇਆਂ
ਮੁੱਦਤ ਹੋਈ ਇਸ ਸ਼ਹਿਰ ਮੈਨੂੰ ਬੁੱਤ ਬਣ ਖੜੋਤਿਆਂ
ਮੁੱਦਤ ਹੋਈ ਇਸ ਸ਼ਹਿਰ ਦੇ ਰੁੱਖਾਂ ਉਤੇ ਚਹਿਕਦੇ ਮੌਸਮ
ਖ਼ੁਦਕਸ਼ੀ ਕਰ ਗਿਆ ਸੀ
ਤੇ ਸੂਰਜ ਕਾਲੀ ਧੁੰਧ ਦੀ ਸ਼ਰਮਿੰਦਗੀ 'ਚ ਡੁੱਬਾ
ਹਨੇਰੀ ਗੁਫ਼ਾ 'ਚ ਵੜ ਗਿਆ ਸੀ
ਮੁੱਦਤ ਹੋਈ ਮੈਂ ਬਣਾ ਲਈ ਸੀ ਕਬਰ
ਆਪਣੀ ਹੀ ਹਿੱਕ ਅੰਦਰ
ਆਪਣੀ ਆਵਾਜ਼ ਦੀ
ਤੋੜ ਦਿਤੀ ਸੀ ਹਰ ਇਕ ਤਾਰ ਡਿੰਗ ਡਿੰਗ ਪੱਥਰਾਂ ਨੇ
ਮੇਰੇ ਦਿਲ ਦੇ ਸਾਜ਼ ਦੀ
ਮੁੱਦਤਾਂ ਤੋਂ ਮੈਂ ਅੰਗਾਂ ਦੀ ਨਦੀ 'ਚ ਜਦ ਵੀ ਨਹਾਉਂਦਾ ਹਾਂ
ਰਗੜਕੇ ਰੇਤ ਨਾਲ ਪਿੰਡਾ
ਸੁੱਕਾ ਹੀ ਬਾਹਰ ਆਉਂਦਾ ਹਾਂ
ਮੁੱਦਤਾਂ ਤੋਂ ਮੇਰੇ ਕਦਮਾਂ 'ਚ ਖੇਡਦੇ ਬੱਚਿਆਂ 'ਚੋਂ
ਕਿਸੇ ਮੈਨੂੰ ਹੱਥ ਨਹੀਂ ਛੁਹਾਇਆ
ਤੇ ਨਾ ਹੀ ਦੇਖ ਕੇ ਮੈਨੂੰ
ਕਦੀ ਕੋਈ ਫੁੱਲ ਮੁਸਕਰਾਇਆ
ਮੁੱਦਤਾਂ ਤੋਂ ਇਸ ਸ਼ਹਿਰ ਅੰਦਰ
ਮਕੈਨਕੀ ਚਾਨਣਾਂ ਦਾ ਹੜ੍ਹ ਜਿਹਾ ਹੈ
ਪਰ ਮੇਰੇ ਅੰਦਰ ਹਨੇਰਾ ਚੜ੍ਹ ਰਿਹਾ ਹੈ
ਇਹ ਕਿਹੀ ਨਗਰੀ ਹੈ ਯਾਰੋ
ਤੇ ਕਿਹੋ ਜਿਹੀ ਹੈ ਸਜ਼ਾ ਇਸਦੀ
ਕਿ ਜਿਸਮ ਨੂੰ ਪਿਆਸੇ ਹੋਠਾਂ ਦੀ
ਛੁਹ ਲਈ ਤਰਸਣਾ ਪੈਂਦਾ
ਇਸ ਪੱਥਰ ਦੀ ਨਗਰੀ ਅੰਦਰ
ਹਰ ਕੋਈ ਪੱਥਰ ਹੋ ਰਹਿੰਦਾ
ਤੇ ਹੁਣ ਜਦੋਂ ਅੰਗਾਂ ਦੀ ਸੁੱਕਦੀ ਜਾਂਦੀ ਨਦੀ ਨੂੰ ਤੱਕਦਾਂ
ਤਾਂ ਉਸਦੇ ਪਾਣੀਆਂ ਵਿਚ ਆਪਾ ਖੋਰਨ ਨੂੰ ਜੀਅ ਕਰਦਾ
ਇਕ ਜਵਾਰ-ਭਾਟਾ
ਹਰ ਰੋਜ਼ ਮੇਰੇ ਅੰਦਰ
ਕਦੀ ਲਹਿੰਦਾ - ਕਦੀ ਚੜ੍ਹਦਾ
ਜੀਅ ਤਾਂ ਕਰਦਾ
ਆਪਣੇ ਕਦਮਾਂ 'ਚ ਖੇਡਦੇ ਬੱਚਿਆਂ ਦੀ
ਬੇਰੁਖੀ ਤੋੜਨ ਲਈ
ਬਣ ਖਿਲੌਣਾ ਉਨ੍ਹਾਂ ਦੇ ਹੱਥਾਂ ਵਿਚ ਟੁੱਟ ਜਾਵਾਂ
ਤੇ ਬਣਕੇ ਮੌਸਮ ਨਵਾਂ
ਰੁੱਖਾਂ ਨੂੰ ਮਹਿਕਾਵਾਂ
ਜਵਾਰ-ਭਾਟਾ ਬਣ
ਇਸ ਪੱਥਰ ਨਗਰੀ ਨੂੰ ਢਾਅ
ਨਵੀਂ ਨਗਰੀ ਵਸਾਵਾਂ
ਜਾਂ ਫਿਰ ਪਰਤ ਜਾਵਾਂ ਉੱਥੇ
ਜਿਥੋਂ ਦਾ ਸੂਰਜ ਪੱਥਰ ਪਿਘਲਾਉਂਦਾ ਹੈ
ਨੰਗੇ ਤਨ ਹੀ ਸਹੀ ਰੁੱਖ
ਪਰ ਨਵਾਂ ਮੌਸਮ ਤਾਂ ਆਉਂਦਾ ਹੈ

(.... ਬਾਕੀ ਸਫ਼ਾ 36)

ਕਹਾਣੀ:

# ਜਦੋਂ ਆਪਣੇ ਘਰ ਲੱਗੇ

ਅਵਤਾਰ ਗਿੱਲ

"ਹੁਣ ਹੋਊ ਸਾਨੂੰ ਦਾ ਭੇੜ... ਹੁਣ ਲੱਗੂ ਪਤਾ ਦਿੱਲੀ ਦੀ ਹਕੂਮਤ ਨੂੰ ਪਈ ਕਿੰਨੇ ਵੀਹੀਂ ਸੌ ਹੁੰਦੀ ਐ ਕਿ... ਆਊ ਸੁਆਦ ਹੁਣ ਸੇਠਾਂ ਦੀ ਪੂਛ ਨੂੰ ਹੱਥ ਲਾਉਣ ਦਾ... ਸ਼ਾਂਤੀ, ਸਾਂਤੀ, ... ਮਾਰ ਲਿਆ ਸਹੁਰੀ ਸ਼ਾਂਤੀ ਨੇ... ਹੁਣ ਜਦ ਬਾਲੇ ਘਰ ਘਰ ਭਾਂਬੜ ਬੱਲੇ ਸੇਠਾਂ ਨੂੰ ਤਾਂ ਪਤਾ ਲੱਗੂ ਦਿੱਲੀ ਦੇ ਹੁਕਮਰਾਨਾਂ ਨੂੰ ਪਈ ਕਿਸ ਭਾਅ ਵਿਕਦੀ ਐ ਕਿ..."

× × ×

ਮਾਸਟਰ ਗੁਰਬੰਤਾ ਸਿੰਘ ਨੂੰ ਇੱਕੋ ਸਕੂਲ ਵਿੱਚ ਪੜ੍ਹਾਉਂਦਿਆਂ ਅਠਾਰਾਂ-ਵੀਹ ਵਰ੍ਹੇ ਹੋ ਗਏ ਸਨ। ਕੋਹਲੂ ਦੇ ਬੈਲ ਵਾਂਗ ਇੱਕੋ ਤੋਰ ਤੁਰੀ ਜਾਂਦੀ ਜ਼ਿੰਦਗੀ ਤੋਂ ਉਹ ਉਪਰਾਮ ਜਿਹਾ ਹੋ ਗਿਆ ਸੀ। ਉਹਦੇ ਮਨ ਆਈ ਕਿ ਹੈੱਡਮਾਸਟਰ ਨਾਲ ਗੰਢ-ਤੁਪ ਕਰਕੇ ਸੈਕੰਡ ਮਾਸਟਰ ਦੀ ਖਾਲੀ ਸਾਮੀ ਲਈ ਹੱਥ ਪੈਰ ਮਾਰ ਕੇ ਵੇਖੇ। ਨਾ ਜਾਣੀਏ ਪੌਂ ਬਾਰਾਂ ਹੀ ਹੋ ਜਾਣ। ਕੁਝ ਦਿਨਾਂ ਦੀ ਮੁੱਠੀ ਚਾਪੀ ਤੋਂ ਬਾਅਦ ਗੁਰਬੰਤਾ ਸਿੰਘ ਨੂੰ ਲੱਗਾ ਕਿ ਇਨ੍ਹਾਂ ਤਿਲਾਂ ਵਿੱਚ ਤੇਲ ਨਹੀਂ। ਕਦੀ ਉਹਨੂੰ ਆਪਣੀ ਜੈਟੂਵਾਲ ਤੱਕ ਦੀ ਪੜ੍ਹਾਈ 'ਤੇ ਗੁੱਸਾ ਆਉਂਦਾ, ਕਦੀ ਕੁਲੱਕੜ ਹੈੱਡਮਾਸਟਰ ਉੱਤੇ।

ਖ਼ੈਰ... ਇਸੇ ਗਰਮ ਸਰਦ ਮਾਹੌਲ ਵਿੱਚ ਸਕੂਲ ਕਮੇਟੀ ਦੀਆਂ ਚੋਣਾਂ ਆ ਗਈਆਂ। ਨੀਲੀਆਂ ਪੱਗਾਂ ਨਾਲ ਮਾਸਟਰ ਦੀ ਮਾੜੀ ਮੋਟੀ ਸਾਂਝ ਤਾਂ ਪਹਿਲਾਂ ਹੀ ਸੀ, ਹੁਣ ਰਤਾ ਸੰਘਣੀ ਹੋ ਗਈ।

ਹੈੱਡਮਾਸਟਰ ਆਪਣੀ ਉਮਰ ਦੇ ਉਸ ਦੌਰ ਵਿੱਚੋਂ ਲੰਘ ਰਿਹਾ ਸੀ, ਜਿਸ ਦੌਰ ਵਿੱਚ ਚਰਿੱਤਰ 'ਤੇ ਊਜ ਲਾਉਣੀ ਕਾਰਗਰ ਸਾਬਤ ਨਹੀਂ ਹੁੰਦੀ। ਪੈਸੇ-ਧੇਲੇ ਦੇ ਲੇਖੇ-ਜੋਖੇ ਵਿੱਚ ਧਾਂਦਲੀ ਕਰਨ ਦਾ ਦੋਸ਼ ਜਦੋਂ ਹੈੱਡ-ਮਾਸਟਰ ਦੇ ਨਾਂ ਨਾਲ ਨੱਥੀ ਕੀਤਾ ਗਿਆ ਤਾਂ ਉਹਦੀ ਖਾਨਿਉਂ ਗਈ। ਬੇੜੀ ਇੱਥੋਂ ਤੱਕ ਗਰਕ ਜਾਵੇਗੀ, ਉਹਦੇ ਯਾਦ ਚਿੱਤ ਵੀ ਨਹੀਂ ਸੀ।

"ਨ... ਤੁਸੀਂ ਕਿਹੜਾ ਰੱਬ ਦੇ ਮਾਂਹ ਮਾਰੇ ਹੋਏ ਐਂ। ਆਖੋ ਨ ਉਸ ਲੰਡੂ ਮਾਸਟਰ ਨੂੰ ਜਾ ਕੇ ਗੁਰਦੁਆਰੇ ਚੁੱਕੇ ਧਰਮ-ਈਮਾਨ। ਉਹ ਨਹੀਂ ਚੁੱਕਦਾ ਤੁਸੀਂ ਚੁੱਕ ਲਵੋ। ਨ ਡਰ ਕਾਹਦਾ? ਵਾਹਿਗੁਰੂ ਸਾਖੀ ਐ। ਡਰ ਹੋਊ ਤਾਂ ਠੱਗੀ ਠੋਗੀ ਕਰਨ ਵਾਲੇ ਨੂੰ ਹੋਊ, ਆਪਾਂ ਨੂੰ ਕਾਹਦਾ? ਹਾਂ... ਆਂ।" ਹੈੱਡਮਾਸਟਰ ਦੀ ਪਤਨੀ ਨੇ ਹੈੱਡਮਾਸਟਰ ਨੂੰ ਜੁਗਤ ਦੱਸੀ। ਹੈੱਡਮਾਸਟਰ ਨੂੰ ਜਚ ਗਈ। ਉਹਨੇ ਸਕੂਲ ਕਮੇਟੀ ਮੋਹਰੇ ਅਰਜ਼ ਗੁਜ਼ਾਰ ਦਿੱਤੀ। ਮਾਸਟਰ ਨੂੰ ਕੱਚੀਆਂ ਤਰੇਲੀਆਂ ਆਉਣ ਲੱਗ ਪਈਆਂ ਪਰ ਨੌਬਤ ਗੁਰਦੁਆਰੇ ਜਾਣ ਤੱਕ ਨਾ ਆਈ। ਹੈੱਡਮਾਸਟਰ ਬਹਾਲ ਰਹਿ ਗਿਆ। ਮਾਸਟਰ ਗੁਰਬੰਤਾ ਸਿੰਘ ਨੂੰ ਉਹਦੀਆਂ ਬਹੁਮੁੱਲੀਆਂ ਸੇਵਾਵਾਂ ਬਦਲੇ ਤਰੱਕੀ ਮਿਲ ਗਈ।

ਹੈੱਡਮਾਸਟਰ ਨੂੰ ਖੁੜਕੀ ਕਿ ਇਸ ਤਰ੍ਹਾਂ ਦੇ ਸਾਜ਼ਿਸ਼ੀ ਮਾਹੌਲ ਵਿੱਚ 'ਧਰਮ-ਇਮਾਨ' ਦਾ ਜ਼ੰਗਾਲਿਆ ਹੋਇਆ ਹਥਿਆਰ ਇੱਕ ਅੱਧ ਵਾਰ ਤਾਂ ਕਾਰਗਰ ਸਾਬਤ ਹੋ ਸਕਦਾ ਹੈ, ਹਰ ਵਾਰ ਨਹੀਂ। ਮੁੱਲਾਂ ਦੀ ਦੌੜ ਮਸੀਤ ਤੱਕ, ਉਹਨੇ ਚਿੱਟੀਆਂ ਪੱਗਾਂ ਨਾਲ ਸਾਂਢਾ ਗਾਂਢਾ ਕਰ ਲਿਆ।

ਇਨ੍ਹਾਂ ਦਿਨਾਂ ਵਿੱਚ ਹੀ ਮਾਸਟਰ ਗੁਰਬੰਤਾ ਸਿੰਘ ਦੀ ਧੀ ਦਾ ਸੰਜੋਗ ਕੈਨੇਡਾ ਵਿੱਚ ਹੋ ਗਿਆ। ਕੁਝ ਸਾਲਾਂ ਦੇ ਅਰਸੇ ਪਿੱਛੋਂ ਮਾਸਟਰ ਦੋਹਾਂ ਕਾਕਿਆਂ ਅਤੇ ਪਤਨੀ ਸਮੇਤ ਆਪਣੀ ਧੀ ਕੋਲ ਆ ਪਹੁੰਚਿਆ।

ਪਹਿਲਾਂ ਪਹਿਲ ਮਾਸਟਰ ਨੂੰ ਕੈਨੇਡਾ ਦਾ ਮਾਹੌਲ ਉੱਜੜੇ ਹੋਏ ਬਤੀਸਖਾਨੇ ਵਰਗਾ ਲੱਗਿਆ। ਵਿਰਲੇ ਵਿਰਲੇ ਘਰ, ਟਾਵੇਂ ਟਾਵੇਂ ਲੋਕ; ਸੱਭੇ ਆਪੋ ਆਪਣਾ ਉੱਲੂ ਸਿੱਧਾ ਕਰਨ ਵਿੱਚ ਲੱਗੇ ਹੋਏ। ਮਾਸਟਰ ਸੋਚਣ ਲੱਗ- 'ਇੱਥੇ ਨਾਲੋਂ ਤਾਂ ਇੰਡੀਆ 'ਚ ਚੰਗੇ ਸਾਂ। ਚਲੋ ਮੌਸਮ ਸਿਆਲ ਦਾ ਸੀ- ਮੋਰਚਾ ਤਾਂ ਐਨ ਭਖਿਆ ਹੋਇਆ ਸੀ। ਐਨੇ ਚੁੱਕ'ਤੇ, ਐਨੇ ਚਾੜ੍ਹ'ਤੇ; ਗਰਮੋ ਗਰਮ ਖ਼ਬਰਾਂ, ਤੱਤੇ ਤੱਤੇ ਨਾਹਰੇ; ਚੰਗਾ ਭਲਾ ਨਿੱਘ ਆਉਂਦਾ ਸੀ ਕਿ।'

ਪ੍ਰਾਹੁਣਚਾਰੀ ਦੇ ਦਿਨ ਲੰਘਦਿਆਂ ਹੀ ਬੀ.ਸੀ. ਦੇ ਫਾਰਮਾਂ ਵਿੱਚ 'ਵੀਕਾਂ' ਬਣਾਉਣ ਦੀਆਂ ਗੱਲਾਂ ਤੁਰਨ ਲੱਗੀਆਂ। ਗੋਭੀ, ਬੇਰੀ ਅਤੇ ਬਰੌਕਲੀ ਦੇ ਪ੍ਰਸੰਗਾਂ ਵਿੱਚੋਂ ਜਦੋਂ ਸਾਲ ਭਰ ਦੇ ਅਨਇੰਪਲੋਏਮੈਂਟ-ਚੈੱਕਾਂ ਦੀ ਸਾਖੀ ਛਿੜਦੀ ਤਾਂ ਮਾਸਟਰ ਇਉਂ ਅਨੁਭਵ ਕਰਨ ਲਗਦਾ ਜਿਵੇਂ ਕਿਸੇ ਧਨੀ ਮੁਲਕ ਵਿੱਚ ਵਿਚਰ ਰਿਹਾ ਹੋਵੇ। ਜਦੋਂ ਕਿਤੇ ਕੌੜੇ ਪਾਣੀ ਦਾ ਘੁੱਟ ਮੂੰਹ ਲੱਗਾ ਹੁੰਦਾ ਤਾਂ ਇਹ ਵਿਸਮਾਦੀ ਰੌਂ ਉਹਨੂੰ ਹੋਰ ਵੀ ਸੁਆਦ ਸੁਆਦ ਕਰ ਜਾਂਦਾ।

ਦਿਨ ਪੱਧਰੇ ਆਉਂਦਿਆਂ ਹੀ ਮਾਸਟਰ ਨੇ ਕੌਲੀ-ਛੰਨਾ ਕੱਛ ਮਾਰ ਟੂੰਗੜੇ ਸਮੇਤ ਬੀ.ਸੀ. ਦੇ ਫਾਰਮਾਂ ਵੱਲ ਚਾਲੇ ਪਾ ਦਿੱਤੇ। ਉਨ੍ਹਾਂ ਦਿਨਾਂ ਵਿੱਚ ਕੰਮ ਵੀ ਜ਼ੋਰਾਂ ਉੱਤੇ ਸੀ ਅਤੇ ਮੀਂਹ ਵੀ...

"ਮਾਸਟਰ ਤੂੰ ਤਾਂ ਅੱਧੋਂ ਵੱਧ ਖਿਲਾਰੀ ਜਾਨੈਂ, ਇੱਦਾਂ ਸਾਡੇ ਪੱਲੇ ਕੀ ਪਊ?" ਫਾਰਮ ਦੇ ਗਭਰੂਟ ਮੁੰਡੇ ਨੇ ਝਾੜ ਪਾਈ।

'ਮਾਸਟਰ...' ਹਉਕਾ ਲੈ ਕੇ ਮਾਸਟਰ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਿਆ, '...ਸਾਰੀ

ਉਮਰ ਜੁਆਕਾਂ ਨੂੰ ਪੜ੍ਹਾ ਕੇ ਅੱਜ ਤੂੰ ਆਪ ਜੁਆਕਾਂ ਕੋਲ ਪੜ੍ਹਨ ਪੈਂ ਗਿਐਂ ਕਿ... ਤੇਰੀ ਮੱਤ ਮਾਰੀ ਗਈ ਐ ਮਾਸਟਰ! ਆਰੀ ਔਰੀ ਖੇਤਾਂ ਨੂੰ ਆਖਿਆ ਸੈਂ ਤੂੰ ਕਿੱਥੇ ? ... ਤੇ ਜੁਆਕ ਤੇਰੇ ? ...' ਜਦੋਂ ਸੁਰਤੀ ਜੁਆਕਾਂ ਵੱਲ ਪਰਤੀ ਤਾਂ ਮਾਸਟਰ ਨੂੰ ਦੋਵੇਂ ਪੁੱਤਰ, ਮੱਖਣ ਤੇ ਸੁਲੱਖਣ, ਅਤੇ ਨਾਲ ਹੀ ਉਨ੍ਹਾਂ ਦੀ ਮਾਂ, ਕਰਤਾਰ ਕੌਰ; ਮੀਂਹ ਦੇ ਸੀਤ ਪਾਣੀ ਵਿੱਚ ਨਿੱਤਰਦਿਆਂ ਹੋਇਆਂ ਬੜੇ ਨੇੜੇ ਦਿਖਾਈ ਦਿੱਤੇ। ਮਾਸਟਰ ਦੀ ਧਾਹ ਨਿੱਕਲ ਗਈ ਪਰ ਬੋਲਿਆ ਕੁਝ ਨਾ। ਉਹ ਦਾ ਉਹ ਮੂੰਹ ਵਿੱਚ ਬੁੜ ਬੁੜ ਕਰੀ ਗਿਆ।

"ਮਾਸਟਰ! ਪਾਠ ਕੈਂਪ ਵਿੱਚ ਜਾ ਕੇ ਕਰ ਲਈਂ, ਪਹਿਲਾਂ ਕੰਮ ਨਬੇੜ ਲੈ।" ਮਾਸਟਰ ਦੀ ਬਿਰਤੀ ਉੱਖੜ ਗਈ। ਮਾਲਕ ਦਾ ਮੁੰਡਾ ਅਜੇ ਵੀ ਸਿਰ 'ਤੇ ਖੜ੍ਹਾ ਸੀ, ਮਾਸਟਰ ਨੂੰ ਕੋਈ ਇਲਮ ਨਹੀਂ ਸੀ...

'ਬੀਕਾਂ' ਬਣਾ ਕੇ ਜਦੋਂ ਮਾਸਟਰ ਹੋਰੀਂ ਮੁੜ ਘਰ ਕੋਲ ਆ ਡੇਰੇ ਲਾਏ ਤਾਂ ਕੁਝ ਉਨ੍ਹਾਂ ਦੇ ਸਾਹ ਵਿੱਚ ਸਾਹ ਆਇਆ। ਤੇ ਫੇਰ ਜਦੋਂ ਅਨਇੰਪਲੋਏਮੈਂਟ ਦੇ ਚਾਰ ਚੈੱਕ ਪੱਕੇ ਹੋਏ ਅੰਬਾਂ ਵਾਂਗ ਟਪਕ ਕੇ ਲੈਟਰ ਬਕਸ ਵਿੱਚ ਡਿੱਗਣ ਲੱਗ ਪਏ, ਮਾਸਟਰ ਦੀ ਖੁਸ਼ਕ ਅਤੇ ਵੀਰਾਨ ਜ਼ਿੰਦਗੀ ਵਿੱਚ ਮੁੜ ਕੇ ਬਹਾਰ ਆ ਗਈ। ਗੁਰਦੁਆਰੇ ਗਿਆਂ ਨੂੰ ਕੋਈ ਨਾ ਕੋਈ ਫ਼ਾਰਮ ਮੇਲੀ ਮਿਲ ਪੈਂਦਾ। ਦੁੱਖ-ਸੁੱਖ ਫੋਲਣ ਤੋਂ ਬਾਅਦ ਫਾਰਮਾਂ ਦੀਆਂ ਗੱਲਾਂ ਤੁਰ ਪੈਂਦੀਆਂ। ਨਾਲ ਹੀ ਤੁਰ ਪੈਂਦੀ ਦੌਰੇ ਇੱਧਰ ਕਰਨ ਆਉਂਦੇ ਰੰਗ-ਬਰੰਗੇ ਲੀਡਰਾਂ ਦੇ ਸਤਰੰਗੇ ਲਾਰਿਆਂ ਦੀ ਲੜੀ। ਵਿੱਚੋਂ ਹੀ ਕਿਤਿਉਂ ਨੀਲੀਆਂ ਅਤੇ ਚਿੱਟੀਆਂ ਪੱਗਾਂ ਦੇ ਝੇੜੇ ਦੀ ਕਹਾਣੀ ਨਿੱਕਲ ਤੁਰਦੀ। ਜਿਹੜਾ ਚਿੱਟੀ ਪੱਗ ਦਾ ਹਾਮੀ ਹੁੰਦਾ, ਮਾਸਟਰ ਨੂੰ ਮੂੰਹ ਨਾ ਲਾਉਂਦਾ, ਨੀਲੀ ਪੱਗ ਦਾ ਹਾਮੀ ਸੌ ਕੋਹ ਦਾ ਫੇਰ ਪਾ ਕੇ ਵੀ ਆ ਮਿਲਦਾ।

ਪੰਜਾਬ ਵਿੱਚ ਲੱਗੇ ਅਕਾਲੀ ਮੋਰਚੇ ਦਾ ਸੇਕ ਹੁਣ ਕੈਨੇਡਾ ਦੇ ਗੁਰਦੁਆਰਿਆਂ ਵਿੱਚ ਜੁੜੀਆਂ ਸੰਗਤਾਂ ਤੱਕ ਵੀ ਪਹੁੰਚਣਾ ਸ਼ੁਰੂ ਹੋ ਗਿਆ ਸੀ। ਨਰਮ ਅਤੇ ਗਰਮ ਖ਼ਿਆਲੀਆਂ ਵਿਚਕਾਰ ਪਤਲੀ ਜਿਹੀ ਪਈ ਹੋਈ ਲਕੀਰ ਹੁਣ ਉੱਘੜ ਕੇ ਸਾਹਮਣੇ ਆ ਗਈ। ਨਰਮ-ਖ਼ਿਆਲੀਏ ਕਹਿੰਦੇ ਸਨ – ਅਸੀਂ ਸ਼ਾਂਤਮਈ ਮੋਰਚੇ ਦੇ ਹੱਕ ਵਿੱਚ ਹਾਂ। ਗਰਮ-ਖ਼ਿਆਲੀਏ ਕਹਿੰਦੇ ਸਨ – ਸਾਥੋਂ ਹੁਣ ਹੋਰ ਜ਼ੁਲਮ ਨਹੀਂ ਜਰਦਾ ਹੋਣਾ। ਮੰਜ਼ਿਲ ਹਥਿਆਰਾਂ ਨਾਲ ਹੀ ਮਿਲਦੀ ਹੈ – 'ਅੜੇ ਸੋ ਝੜੇ' ਬਿਨਾਂ ਗੁਜ਼ਾਰਾ ਨਹੀਂ।

ਮੁਲਕੋਂ ਤਾਜ਼ੇ ਤਾਜ਼ੇ ਆਏ ਇੱਕ ਨੇਤਾ ਨੇ ਇੱਕ ਐਤਵਾਰ ਗੁਰਦਵਾਰੇ ਵਿੱਚ ਇਕ ਐਸਾ ਭੜਕਾਊ ਭਾਸ਼ਣ ਝਾੜਿਆ ਕਿ ਸੰਗਤਾਂ ਦੀਆਂ ਜੇਬਾਂ ਦੇ ਮੂੰਹ ਆਪ ਮੁਹਾਰੇ ਖੁੱਲ੍ਹ ਗਏ। ਬਥੇਰਾ ਘੂਰ ਘੂਰ ਕੇ ਜੇਬ 'ਤੇ ਹੱਥ ਰੱਖਿਆ ਮਾਸਟਰ ਨੇ ਪਰ ਓੜਕ ਵਾਹ ਨਾ ਗਈ। ਰੀਸੋ ਰੀਸੀ ਸੌ ਡਾਲਰ ਦਿੱਤਾ ਗਿਆ। ਉਧਰ ਸੌ ਡਾਲਰ ਜੇਬ ਵਿੱਚੋਂ ਗਿਆ ਇਧਰ ਕਲੇਸ਼ ਘਰ ਵਿੱਚ ਆ ਵੜਿਆ। "ਗੁਰਦੁਆਰੇ ਜਾ ਕੇ ਦਾਨੀ ਬਣ ਜਾਂਦੇ ਐ, ਘਰ ਗਰਜ਼ਾਂ ਦੇ ਪੂਰੇ ਪੈਸੇ ਨਹੀਂ ਦਿੱਤੇ ਜਾਂਦੇ। ਕਮਾਏ ਦਾ ਨਾਂ ਥੋੜ੍ਹ ਨੀਂ।" ਤੱਤਾ ਹੋਇਆ ਫਿਰਦਾ ਮਾਸਟਰ ਦਾ ਜਵਾਈ ਭੜਾਸ ਕੱਢ ਗਿਆ, "ਬੇਸਮੈਂਟ ਕਰਾਏ 'ਤੇ ਚਾੜ੍ਹੀਓ ਹੋਏ, ਸੁੱਕਾ-ਪੁੱਕਾ ਚਾਰ ਸੌ ਤਾਂ ਕਿਤੇ ਨੀਂ ਗਿਆ। ਬਿੱਲ-ਬੱਤੀਆਂ ਦੇ ਪੈਸੇ ਤਾਂ ਕੀ ਦੇਣੇ ਦੇਣੇ ਐਂ ਕਿਸੇ ਕੰਜਰ ਨੇ, ਗੁਰਮਤੇ ਕਰਨ ਵਾਲਿਆਂ ਦੀਆਂ ਰੋਜ਼ੂੰ ਚਾੜ੍ਹੀ ਰੱਖਦੇ ਐਂ। ਜਾਣੋਂ ਜਿੱਦਾਂ ਬਣੀ ਆਪਾਂ ਕਿਸੇ ਦਾ ਲੇਖਾ ਜੋਖਾ ਪੂਰਾ ਕਰਨ ਲਈ ਈ ਜੰਮੇਂ ਆਂ।"

ਮਾਸਟਰ ਅਜੇ ਗੁਰਦੁਆਰਿਓਂ ਮੁੜਿਆ ਨਹੀਂ ਸੀ। ਭੋਗ ਤੋਂ ਬਾਅਦ ਮੋਹਰੀਆਂ ਨਾਲ ਘੁਸਰ-ਮੁਸਰ ਕਰਨ ਦਾ ਉਹਨੂੰ ਠਰਕ ਜਿਹਾ ਸੀ। ਕਈ ਵਾਰ ਦੁਪਹਿਰ ਨੂੰ ਸ਼ੁਰੂ ਕੀਤੀ ਕਥਾ ਦੀ ਸਮਾਪਤੀ ਰਾਤ ਨੂੰ ਖਾਣ ਪੀਣ ਵੇਲੇ ਜਾ ਕੇ ਹੁੰਦੀ। ਅੱਜ ਜਦੋਂ ਡੂੰਘੀ ਰਾਤ ਗਈ ਮਾਸਟਰ ਘਰ ਪਰਤਿਆ ਤਾਂ ਕਰਤਾਰ ਕੌਰ ਨੇ ਉਹਦੇ ਖਾਨੇ ਪਾਈ – "ਜੱਗ ਦਾ ਵਿਹਾਰ ਐ ਪਈ ਮਾਪੇ ਧੀਆਂ ਨੂੰ ਪਾਲਦੇ ਆਏ ਐ। ਅਸੀਂ ਇੱਥੇ ਉਲਟੀ ਗੰਗਾ ਵਗਾਈ ਤੁਰੇ ਜਾਨੇ ਐਂ। ਕੁਛ ਸੋਚਣਾ ਬਣਦਾ ਐ – ਇਹ ਨਿਰਾ ਕੰਜਰਪੁਣਾ ਹੁੰਦਾ ਐ, ਕੰਜਰਪੁਣਾ।" ਸ਼ਬਦ 'ਕੰਜਰਪੁਣਾ' ਉੱਤੇ ਦੋਵੇਂ ਵਾਰ ਕਰਤਾਰ ਕੌਰ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਸਾਂ ਵਿਹਾੜੀ ਕਿਹੜੀ ਪਰਲੋਂ ਆ ਗਈ, ਮਾਸਟਰ ਬੁੱਝ ਨਾ ਸਕਿਆ। ਫਿਰ ਜਦੋਂ ਕਰਤਾਰ ਕੌਰ ਨੇ ਵਿਚਲੀ ਘੁੰਡੀ ਖੋਲ੍ਹੀ ਮਾਸਟਰ ਭੜਕ ਪਿਆ, "ਨਾ ਸੁਣ... ਜੇ ਟੱਬਰ ਭਾੜੇ ਕਰਨਾ ਐਂ ਤਾਂ ਕੁੜਮਾਂ ਨਾਲ ਈ ਕਰਨਾ ਐਂ? ਕੋਈ ਹੋਰ ਬੇਸਮੈਂਟ ਨਾ ਲੱਭੂ? ... ਨਾਲੇ ਸਹੁਰੀ ਦੇ ਨੂੰ ਪੁੱਛਣ ਤਾਂ ਪਈ ਕੰਜਰ ਕੌਣ ਹੁੰਦੇ ਐ ਕਿ।"

"ਹੌਲੀ ਬੋਲੋ, ਉਧਰ ਸੁਣ ਲਊ ਤਾਂ ਰਾਤ ਕਿੱਦਾਂ ਕੱਢਾਂਗੇ ਆਪਾਂ... ਜੁਆਈਆਂ-ਭਾਈਆਂ ਨਾਲ ਨਹੀਂ ਬਗਾੜੀਦੀ।" ਕਰਤਾਰ ਕੌਰ ਨੇ ਵਾਸਤਾ ਪਾਇਆ।

"ਮੈਂ ਬਗਾੜਦਾਂ ਕੰਜਰ ਨਾਲ? ਸਹੁਰੀ ਦਾ ਮੈਨੂੰ ਕੰਜਰ ਦਸਦਾ ਐ ਕਿ...।" ਮਾਸਟਰ ਦਾ ਪਾਰਾ ਉਪਰਲੇ ਖਾਨੇ ਤੱਕ ਚੜ੍ਹਿਆ ਹੋਇਆ ਸੀ। ਮੱਖਣ ਨੇ ਆ ਕੇ ਚੁੱਪ ਕਰਾਇਆ ਤਾਂ ਕਿਤੇ ਜਾ ਕੇ ਅਮਨ ਚੈਨ ਹੋਇਆ।

ਹਫ਼ਤੇ ਦੇ ਵਿੱਚ ਵਿੱਚ ਮਾਸਟਰ ਨੇ ਬੇਸਮੈਂਟ ਦਾ ਬੰਦੋਬਸਤ ਕਰ ਲਿਆ। ਖਰਚਾ ਭਾਵੇਂ ਤਿੰਨ ਚਾਰ ਸੌ ਵਧ ਗਿਆ ਪਰ ਮਾਸਟਰ ਫਿਰ ਵੀ ਖੁਸ਼ ਸੀ ਕਿ ਹੁਣ ਉਹਦੀ ਆਜ਼ਾਦੀ ਵਿੱਚ ਡੱਕਾ ਡਾਹੁਣ ਵਾਲਾ ਕੋਈ ਨਹੀਂ ਸੀ। ਮਾਲਕ ਮਕਾਨ ਦੇ ਕੁਝ ਹਫ਼ਤਿਆਂ ਲਈ ਇੰਡੀਆ ਚਲੇ ਜਾਣ ਨਾਲ ਘਰ ਹੋਰ ਵੀ ਖੁੱਲ੍ਹਾ ਹੋ ਗਿਆ ਸੀ। ਸਵੇਰੇ ਸਵੱਖਤੇ ਹੀ 'ਜਥੇਦਾਰ ਜੀ! ਦਰਵਾਜ਼ਾ ਖੋਲ੍ਹੋ!!' ਦੇ ਆਵਾਜ਼ੇ ਸ਼ੁਰੂ ਹੋ ਜਾਂਦੇ ਅਤੇ ਰਾਤ ਗਏ ਤੱਕ ਦਰਵਾਜ਼ੇ 'ਤੇ ਠੱਕ ਠੱਕ ਹੁੰਦੀ ਰਹਿੰਦੀ। ਪੰਜਾਬ ਦੇ ਜਥੇਦਾਰ ਮਾਸਟਰ ਨੂੰ ਲਾਗੇ ਨਹੀਂ ਸਨ ਢੁਕਣ ਦਿੰਦੇ ਤੇ ਹੁਣ ਸ਼ਹਿਰ ਦੇ ਪ੍ਰਮੁੱਖ ਜਥੇਦਾਰਾਂ ਦਾ ਸ਼ਿੰਗਾਰ-ਸਿਤਾਰ ਸੀ। ਗੁਰਦੁਆਰੇ ਦੀ ਸਟੇਜ ਤੋਂ ਜਦੋਂ ਕਦੀ ਉਹ ਅਕਾਲੀ ਮੋਰਚੇ ਦੀ ਸ਼ੁਰੂਆਤ ਦੇ ਕਾਰਨ, ਅਨੰਦਪੁਰ ਦੇ ਮਤੇ ਦੀ ਵਿਆਖਿਆ, ਨਹਿਰੀ ਪਾਣੀ ਦੇ ਝਗੜੇ ਜਾਂ ਬਿਜਲੀ ਸੰਕਟ ਦੇ ਮੂਲ ਕਾਰਨਾਂ ਦਾ ਵਿਸਥਾਰ ਸਹਿਤ ਜ਼ਿਕਰ ਕਰਦਾ ਤਾਂ ਉਹਦੀ ਵਿਦਵਤਾ ਦੀ ਧੰਨ ਧੰਨ ਹੋ ਜਾਂਦੀ। ਆਪਣੀ ਜ਼ਿੰਦਗੀ ਵਿੱਚ ਇੰਨੀ ਇੱਜ਼ਤ ਮਾਸਟਰ ਨੇ ਕਦੀ ਨਹੀਂ ਸੀ ਵੇਖੀ।

ਉੱਧਰ ਪੰਜਾਬ ਵਿੱਚ ਰੇਲਵੇ ਸਟੇਸ਼ਨਾਂ ਨੂੰ ਅੱਗਾਂ ਲੱਗੀਆਂ, ਇੱਧਰ ਮਾਸਟਰ ਗੁਰਬੰਤਾ ਸਿੰਘ ਨੇ ਗੁਰਦਵਾਰੇ ਵਿਚ ਲਾਵਾ ਉਗਲਿਆ : "ਹੁਣ ਹੋਊ ਸਾਨ੍ਹਾਂ ਦਾ ਭੇੜ ..., ਹੁਣ ਲੱਗੂ ਪਤਾ ਦਿੱਲੀ ਦੀ ਹਕੂਮਤ ਨੂੰ ਪਈ ਕਿਵੇਂ ਵੀਹੀਂ ਸੌ ਹੁੰਦੀ ਐ ਕਿ ... ਆਊ ਸੁਆਦ ਹੁਣ ਸ਼ੇਰਾਂ ਦੀ ਪੂਛ ਨੂੰ ਹੱਥ ਲਾਉਣ ਦਾ... ਸ਼ਾਂਤੀ, ਸ਼ਾਂਤੀ... ਮਾਰ ਲਿਆ ਸਹੁਰੀ ਸ਼ਾਂਤੀ ਨੇ ... ਹੁਣ ਜਦ ਬਾਲੇ ਘਰ ਘਰ ਭਾਂਬੜ ਬੱਗੇ ਸ਼ੇਰਾਂ ਨੇ ਤਾਂ ਪਤਾ ਲੱਗੂ ਦਿੱਲੀ ਦੇ ਹੁਕਮਰਾਨਾਂ ਨੂੰ ਪਈ ਕਿਸ ਭਾਅ ਵਿਕਦੀ ਐ ਕਿ ..."

ਘਰ ਪਹੁੰਚਦਿਆਂ ਹੀ ਭਰੀ ਪੀਤੀ ਕਰਤਾਰ ਕੌਰ ਮਾਸਟਰ ਦੇ ਗਲ ਪੈ ਗਈ, "ਮਖਿਆ ਮੱਘਰ ਦੇ ਬਾਪੂ, ਤੂੰ ਲੀਡਰ ਕਾਹਦਾ ਬਣ ਗਿਆ, ਤੇਰੀ ਤਾਂ ਜਮਾਂ ਈ ਮੱਤ ਮਾਰੀ ਗਈ ਐ। ਘਰ ਘਰ ਭਾਂਬੜ ਬਾਲਣ ਦੀਆਂ ਗੱਲਾਂ ਕਰਦਾ ਐਂ, ਕੁਛ ਹੋਸ਼ ਕਰ। ਸਿਰ ਦੇ ਘਰ ਆ। ਪੁੱਤ ਮਰਨਗੇ ਲੋਕਾਂ ਦੇ, ਤੇਰਾ ਕੀ ਜਾਣਾ ?"

"ਕਮਲੀਏ, ਕੁਰਬਾਨੀਆਂ ਬਗੈਰ ਵੀ ਕਦੇ ਕੌਮਾਂ ਜੀਂਦੀਆਂ ?"

"ਤੂੰ ਆਪ ਜਾਣ ਤਾਂ ... ਦੇਹ ਕੁਰਬਾਨੀ ... ਉਥੋਂ ਈ ਆਇਆ ਐਂ, ਕਿਹੜੀ ਕੁਰਬਾਨੀ ਦਿੱਤੀ ਸੀ ਤੂੰ ਉਥੇ ? ਕਦੇ ਖ਼ਸਮਾਂ ਨੂੰ ਖਾਣੀ ਅਖ਼ਬਾਰ ਸਾਰਥੀ ਤਾਂ ਤੈਂ ਖਰੀਦੀ ਨ ਸੀ। ਹੁਣ ਤੈਨੂੰ ਮੋਰਚੇ ਦਾ ਹੇਜ ..." ਗੱਲ ਅਜੇ ਵਿਚਾਲੇ ਹੀ ਸੀ ਕਿ ਬਾਹਰ ਦਰਵਾਜ਼ੇ 'ਤੇ ਠੱਕ ਠੱਕ ਦੀ ਆਵਾਜ਼ ਆਈ। ਮਾਸਟਰ ਕਰਤਾਰ ਕੌਰ ਦੇ ਮੂੰਹ ਮੋਹਰੇ ਹੱਥ ਦੇ ਕੇ ਦਰਵਾਜ਼ਾ ਖੋਲ੍ਹਣ ਚਲਾ ਗਿਆ।

"ਕਿਉਂ ਜੱਥੇਦਾਰ ਜੀ, ਮੁਲਖ ਮੋਰਚਾ ਗਰਮ ਹੁੰਦਾ ਜਾਂਦਾ ਐ, ਤੁਸੀਂ ਠੰਡੇ ਪੈਂਦੇ ਜਾਂਦੇ ਓ ?" ਫਤਹਿ ਬੁਲਾਉਂਦਿਆਂ ਸਾਰ ਹੀ ਇਕ ਜੂਨੀਅਰ ਜੱਥੇਦਾਰ ਨੇ ਮਾਸਟਰ 'ਤੇ ਟੋਟਕਾ ਛਾੜਿਆ।

"ਨਾ, ਨਾ ਭਰਾਵੋ, ਇਦਾਂ ਦੀ ਕੋਈ ਗੱਲ ਨੀਂ ... ਮੌਕਾ ਆਇਆ ਤਾਂ ਭਰਾਵਾਂ ਦੇ ਬਰਾਬਰ ਭਿੜੂੰ ਕਿ ..." ਮਾਸਟਰ ਨੇ ਭਰੋਸਾ ਦਿਵਾਇਆ।

"ਮੌਕਾ ਤਾਂ ਆ ਗਿਆ ਸਮਝੋ। ਕਮੇਟੀ ਨੇ ਫੈਸਲਾ ਕੀਤਾ ਐ ਕਿ ਇੱਕ ਜੱਥਾ ਇਥੋਂ ਮੁਲਖ ਭੇਜਣਾ ਐ... ਉਹਦੀ ਜੱਥੇਦਾਰੀ ਤੁਹਾਨੂੰ..."

"ਮੈਨੂੰ ਕੋਈ ਮਾਸਾ ਸੋਚਣ ਤਾਂ ਦਿਉ।"

"ਸੋਚਿਆਂ ਸੋਚ ਨਾ ਹੋਵਈ ਜੇ ਸੋਚੇ ਲਖਵਾਰ ..."

"ਉਹ ਤਾਂ ਠੀਕ ਐ ਗੁਰਮੁਖੋ ... ਪਰ ਪਿੱਛੇ ਟੱਬਰ ਖਾਣ ਵਾਲਾ ਕਿ ..."

"ਉਹਦਾ ਬੰਦੋਬਸਤ ਅਸੀਂ ਪਹਿਲਾਂ ਈ ਕਰ ਦਿੱਤਾ ਐ। ਜਿੰਨੇ ਪੈਸੇ ਤੁਹਾਨੂੰ ਬੈਂਕ ਦੇ ਆਉਂਦੇ ਐ, ਉਨੇ ਕਮੇਟੀ ਦੇਊ।"

"ਆਪਾਂ ਨੂੰ ਤਾਂ ਉਜ਼ਰ ਈ ਕੋਈ ਨਹੀਂ ਕਿ ... ਇਹ ਤਾਂ ਜਣੇ ਤੁਹਾਨੂੰ ਸਭ ਨੂੰ ਪਤਾ ਈ ਐ ਪਈ ਪਾਪੀ ਪੇਟ ... ਨਾਲੇ ਆਪਾਂ ਤਾਂ ਜ਼ਿੰਦਗੀ ਪੰਥ ਦੇ ਲੇਖੇ ..."

"ਬੋਲੇ ਸੋ ਨਿਹਾਲ ... ਸਾ ਸਰੀ ਅਕਾਲ ..."

"ਬੋਲੇ ਸੋ ਨਿਹਾਲ ... ਸਾ ਸਰੀ ..."

"ਬੋਲੇ ਸੋ ਨਿਹਾਲ ..."

"ਬੋਲੇ ਸੋ ..."

"ਬੋਲੇ ..."

ਜੈਕਾਰਿਆਂ ਦੀ ਗੂੰਜ ਵਿਚ ਮਾਸਟਰ ਨੂੰ ਇੰਡੀਆ ਨੂੰ ਜਾਣ ਵਾਲੇ ਜੱਥੇ ਦਾ ਜੱਥੇਦਾਰ ਥਾਪ ਦਿੱਤਾ ਗਿਆ। ਦਰਵਾਜ਼ਿਉਂ ਬਾਹਰ ਸੰਗਰਾਂਦ ਦੇ ਮੇਲੇ ਜਿੰਨੀ ਰੌਣਕ ਲੱਗੀ ਹੋਈ ਸੀ, ਅੰਦਰ ਕਰਤਾਰ ਕੌਰ ਮੂੰਹ ਵਿਚ ਬੁੜਬੁੜ ਕਰੀ ਜਾਂਦੀ ਸੀ : "ਅਜੇ ਗੋਰਿਆਂ ਦੀਆਂ ਅਗਲੀਆਂ ਤੈਨੀਆਂ ਬਾਰੀਆਂ ਪੂਆ ਨਹੀਂ ਹੋਈਆਂ ... ਇਹ ਹੋਰ ਭੈਣਦਣੂ। ਮੋਰਚਾ ਖਸਮਾਂ ਨੂੰ ਖਾਣਾ ਮੁਲਖ ਲੱਗਾ ਐ, ਇਨ੍ਹਾਂ ਚੌਰਿਆਂ ਨੇ ਭੜਥੂ ਸਾਡੇ ਘਰ ਪਾਇਆ ਐ। ਇਕ ਚਲਾ ਜਾਂਦਾ ਐ, ਦੋ ਆ ਜਾਂਦੇ ਐ। ਦੋ ਚਲੇ ਜਾਂਦੇ ਐ, ਚਾਰ ਹੋਰ ਆ ਜਾਂਦੇ ਐ। ਜਾਣੋਂ ਇਹ ਕੋਈ ਘਰ ਨਾ ਹੋ ਕੇ ਦਾਣਾ-ਮੰਡੀ ਵਾਲਾ ਹੋਟਲ ਹੋਵੇ ..." ਕਰਤਾਰ ਕੌਰ ਦੀ ਕੁੜ੍ਹ ਕੁੜ੍ਹ ਅਜੇ ਸਮਾਪਤ ਨਹੀਂ ਸੀ ਹੋਈ, ਦਰਵਾਜ਼ੇ ਮੋਹਰਲੀ ਸਾਰੀ ਭੀੜ ਨੇ ਗੁਰਦੁਆਰੇ ਨੂੰ ਚਾਲੇ ਪਾ ਲਏ। ਮਾਸਟਰ ਵੀ ਨਾਲ ਹੀ। ਕਰਤਾਰ ਕੌਰ ਦੇ ਇੱਕ ਚੜ੍ਹਦੀ, ਇੱਕ ਉਤਰਦੀ।

'ਜ਼ਿੰਦਾਬਾਦ - ਮੁਰਦਾਬਾਦ' ਕਰਵਾ ਕੇ ਜਦੋਂ ਡੂੰਘੀ ਰਾਤ ਗਈ ਮਾਸਟਰ ਘਰ ਪਰਤਿਆ, ਉਹਨੇ ਆਹਿਸਤਾ ਆਹਿਸਤਾ ਜੰਦਰਾ ਖੋਲ੍ਹਿਆ। ਕਬੂਤਰ ਵਾਂਗ ਪੋਲੇ ਪੋਲੇ ਪੈਰ ਪੁੱਟਦਾ ਬਿਸਤਰੇ ਵਿਚ ਜਾ ਵੜਿਆ। ਅੱਗਿਉਂ ਸ਼ੇਰਨੀ ਵਾਂਗ ਕਰਤਾਰ ਕੌਰ ਉਹਦੇ 'ਤੇ ਝਪਟ ਪਈ "ਮੈਂ'ਖਿਆ ਇਹ ਕੀ ਲੱਛਣ ਫੜ ਲਏ ਲੀਡਰ-ਲੋਕ ਜੀ! ਅੱਕੀਂ ਚੜ੍ਹਕੇ ਪਲਾਹੀਂ ਉਤਰਦੇ ਓਂ। ਜੁਆਕ ਪਾਲਣੇ ਐਂ ਜਾਂ ਦਿੱਲੀ ਦੱਖਣ ਗਾਹੁਣ ਐਂ ?"

"ਕੁਛ ਹੋਸ਼ ਕਰ ਕਰਤਾਰ ਕੁਰੇ ... ਆਪਣੀ ਮਿੱਟੀ ਆਪ ਨਹੀਂ ਪੁੱਟੀਦੀ ਕਿ ... ਮਾਂ ਨੇ ਨਾਂ ਰੱਖਿਆ 'ਕਰਤਾਰ ਕੌਰ'... ਕਰਤਾਰ! ਸਤਿ ਕਰਤਾਰ!! ਤੂੰ ਹੈਂਗੀ ਨਿਰੀ ਬੇਕਰ .... ਜਿਹੜੀਆਂ ਚਾਲਾਂ ਮੈਂ ਚੱਲਦਾ ਵਾਂ ਤੇਰੇ ਖਾਨੇ ਇਕ ਨਹੀਂ ਪੈਂਦੀ ਕਿ ..."

"ਕਿਹੜੀਆਂ ਚਾਲਾਂ ਚੱਲਦੇ ਓ ਤੁਸੀਂ ਲੀਡਰ ਲੋਕ ਜੀ? ਕੁੱਝ ਸਾਡੇ ਨਾਲ ਵੀ ਬਚਨ-ਬਲਾਸ ਕਰੋ।" ਕਰਤਾਰ ਕੌਰ ਅੰਦਰੋਂ ਜਿਉਂ ਦੀ ਤਿਉਂ ਤਪਰਹੀ ਸੀ।

"ਕਿਰਾਇਆ ਕਮੇਟੀ ਦਾ... ਸਾਰਾ ਟਿੱਕੜ-ਸ਼ੁੱਕੜ ਕਮੇਟੀ ਦਾ! ਜਿੰਨੀਆਂ ਵੀਕਾਂ ਅਨ-ਇੰਪਲਾਇਮੈਂਟ ਦੀਆਂ ਬਣੀਆਂ, ਆਪਾਂ ਵਾਪਸ ਆ ਕੇ ਲੈ ਲੈਣੀਆਂ ... ਹਿੰਗ ਲੱਗੇ ਨਾ ਫਟਕੜੀ ਕਿ ...।"

"ਖਸਮਾਂ ਨੂੰ ਖਾਣੀ ਤੁਹਾਡੀ ਮੱਤ ਨੂੰ ਕੀ ਹੋ ਗਿਆ ਲੀਡਰ-ਲੋਕ ਜੀ? ਅਗਲੇ ਸਾਲ ਲਈ ਵੀਕਾਂ ਤੁਹਾਡੀ ਥਾਂ ਮੇਰਾ ...।"

"ਓਹ...ਹੋ, ਇਹ ਗੱਲ ਤਾਂ ਮੈਂ ਸੋਚੀ ਈ ਨਹੀਂ ਕਿ ...।"

"ਤੁਹਾਡਾ ਮਗਜ਼ ਤਾਂ ਮੁਫ਼ਤਖੋਰੀ ਨੇ ਮਾਰ ਦਿੱਤਾ ਐ। ਕੁਛ ਸੋਚਣ ਜੋਗੇ ਕਿਥੋਂ ਰਹਿ ਗਏ ਤੁਸੀਂ ਹੁਣ ... ਇਹ ਤਾਂ ਜਾਣੇ ਪੈ ਗਏ ਮੇਰੀ ਜਾਨ ਨੂੰ ਸਿਆਪੇ ...।"

'ਕੜੱਕ... ਕੜੱਕ ... ਕੜੱਕ' ਅਜੇ ਕਰਤਾਰ ਕੌਰ ਦੀ ਗੱਲ ਵਿਚਾਲੇ ਹੀ ਸੀ ਕਿ ਦੋ-ਤਿੰਨ ਇੱਟਾਂ ਜਾਂ ਸ਼ਾਇਦ ਪੱਥਰ, ਬਾਰੀਆਂ ਦਾ ਸ਼ੀਸ਼ਾ ਤੋੜ ਕੇ ਕਿਚਨ ਵਿਚ ਆ ਡਿੱਗੇ। ਕੱਚ ਦੀਆਂ ਕੰਕਰਾਂ ਫਰਸ਼ 'ਤੇ ਖਿੱਲਰ ਗਈਆਂ। ਬਾਹਰੋਂ ਘੁਸਰ-ਮੁਸਰ ਸੁਣਾਈ ਦਿੱਤੀ। ਪਹਿਲਾਂ ਤਾਂ ਕਰਤਾਰ ਕੌਰ ਸਹਿਮ ਗਈ। ਫਿਰ ਹੌਸਲਾ ਕਰਕੇ ਉੱਠੀ। ਮੱਘਰ ਅਤੇ ਸੁਲੱਖਣ ਨੂੰ ਜਗਾਇਆ। ਕਿਚਨ ਵਿੱਚੋਂ ਗੈਸ ਦੀ ਬੋਅ ਆਉਣ ਲੱਗੀ। ਮਾਸਟਰ ਨੇ ਦੇਖਿਆ-

ਮੂੰਹ-ਸਿਰ ਲਪੇਟੀ ਕਿਸੇ ਨੇ ਬਲਦੀ ਤੀਲੀ ਅੰਦਰ ਸੁੱਟ ਦਿੱਤੀ ਸੀ। ਮਾਸਟਰ ਚੀਕਿਆ, "ਦੌੜੋ ਉਏ ... ਭੱਜੋ ਉਏ ... ਮਾਰੇ ਜਾਵਾਂਗੇ... ਫੂਕੇ ਜਾਵਾਂਗੇ ... ਦੌੜੋ ਇੱਥੋਂ ਦੌੜੋ ...।" ਚਾਰੇ ਜਣੇ ਪੌੜੀਆਂ ਚੜ੍ਹ ਕੇ ਮੂਹਰਲੇ ਦਰਵਾਜ਼ੇ ਤੱਕ ਆ ਗਏ। ਦਰਵਾਜ਼ਾ ਖੁੱਲ੍ਹਣ ਵਿਚ ਨਹੀਂ ਸੀ ਆ ਰਿਹਾ। ਸੁੱਖਣ ਪਿਛਲੇ ਦਰਵਾਜ਼ੇ ਵੱਲ ਨੂੰ ਦੌੜਿਆ। ਉਹਦੀ ਹੱਥੀ ਵੀ ਬਾਹਰੋਂ ਕਿਸੇ ਨੇ ਬੱਧੀ ਹੋਈ ਸੀ। ਅੱਗ ਕਿਚਨ ਤੋਂ ਫੈਲ ਕੇ ਲਾਂਡਰੀ ਰੂਮ ਤੱਕ ਪਹੁੰਚ ਗਈ ਸੀ। ਸਾਹ ਲੈਣਾ ਔਖਾ ਹੋ ਰਿਹਾ ਸੀ। ਧੂੰਏਂ ਕਾਰਣ ਦਿਖਾਈ ਕੁੱਝ ਵੀ ਨਹੀਂ ਸੀ ਦੇ ਰਿਹਾ। ਪੁਲਸ ਨੂੰ ਫੋਨ ਕਰਨ ਉਪਰੰਤ ਸੁਲੱਖਣ ਬਾਰੀ ਦੇ ਸ਼ੀਸ਼ੇ ਨਾਲ ਅੱਖਾਂ ਲਾਕੇ ਬਾਹਰ ਦੇਖਣ ਦੀ ਕੋਸ਼ਿਸ਼ ਕਰਨ ਲੱਗਾ। ਇਕ ਬੰਦਾ ਦੂਜੇ ਨੂੰ ਆਖ ਰਿਹਾ ਸੀ: "ਜਦੋਂ ਦੇ ਇਹ 'ਗੌਡੈਮ ਹਿੰਦੂ' ਇਸ ਏਰੀਏ ਵਿਚ ਆਏ ਹਨ, ਸਾਡਾ ਜੀਣਾ ਮੁਹਾਲ ਕਰ ਦਿੱਤਾ ਏ। ਹੁਣ ਵੱਢ ਹੋਊ ਫਾਹਾ ਰੋਜ਼ ਦੀ ਟੈਂ ਟੈਂ ਦਾ।" ਸੁਲੱਖਣ ਨੇ ਫਿਰ ਸ਼ੀਸ਼ਾ ਸਾਫ ਕਰਕੇ ਦੇਖਿਆ, ਅਜੇ ਵੀ ਬਾਹਰ ਕੁੱਝ ਨਹੀਂ ਸੀ ਦਿਸ ਰਿਹਾ।

"ਓ ਮਾਂ ਮਰ ਗਿਆ...।" ਅਚਾਨਕ ਹੀ ਸੁਲੱਖਣ ਦੇ ਮੂੰਹੋਂ ਚੀਕ ਨਿੱਕਲੀ। ਬਾਹਰੋਂ ਮਾਰੀ ਗਈ ਇੱਟ ਨਾਲ ਕੱਚ ਦੀਆਂ ਕੰਕਰਾਂ ਉਹਦੇ ਪੂਰੇ ਚਿਹਰੇ ਵਿੱਚ ਧਸ ਗਈਆਂ ਸਨ। ਅੱਖਾਂ ਵਿਚ ਹੋ ਰਹੀ ਪੀੜ ਉਹਦੀ ਬਰਦਾਸ਼ਤ ਤੋਂ ਬਾਹਰ ਸੀ। ਕਰਤਾਰ ਕੌਰ ਨੇ ਉਹਨੂੰ ਕਲਾਵੇ ਵਿਚ ਲੈ ਲਿਆ।

"ਲੈੱਟਸ ਗੋ" ਆਖ ਕੇ ਹੁੱਲੜਬਾਜ਼ ਭੱਜ ਤੁਰੇ। ਦਰਵਾਜ਼ਾ ਖੁੱਲ੍ਹ ਗਿਆ। ਸੁੱਖਣ ਬਾਹਰ ਦੌੜਿਆ ਪਰ ਉਹਨਾਂ ਡਾਹ ਨਾ ਦਿੱਤੀ। ਕਰਤਾਰ ਕੌਰ ਅਤੇ ਮਾਸਟਰ ਸੁਲੱਖਣ ਨੂੰ ਪੌੜੀਆਂ ਉਤਾਰਨ ਲੱਗੇ।

"ਪੁੱਤ, ਕਾਹਲੀ ਨਾ ਕਰ ... ਹੌਲੀ ਹੌਲੀ, ਦੇਖ ਕੇ...।" ਧੁਰ ਅੰਦਰੋਂ ਕਰਤਾਰ ਕੌਰ ਰੋਈ ਜਾ ਰਹੀ ਸੀ।

"ਮਾਂ, ਮੈਨੂੰ ਤਾਂ ਕੁਝ ਦੀਂਹਦਾ ਨਹੀਂ।"

"ਓ ਮੇਰਿਆ ਪਰਮਾਤਮਾ, ਮੇਰੇ ਪੁੱਤ ਦਾ ਕੀ ਬਣੂੰ ..." ਸੁਲੱਖਣ ਨੂੰ ਆਸਰਾ ਦਿੰਦੀ ਕਰਤਾਰ ਕੌਰ ਆਪ ਨਿਆਸਰਿਆਂ ਵਾਂਗ 'ਧੜੰਮ' ਕਰਦੀ ਡਿਗ ਪਈ, "ਜਿਨ੍ਹਾਂ ਨੇ ਮੇਰੇ ਪੁੱਤ ਦੀਆਂ ਅੱਖਾਂ ..... ਉਹਨਾਂ ਦਾ ਕੱਖ ਨਾ ਰਹੇ ...।"

"ਇਹਨਾਂ ਕੰਜਰਾਂ ਦਾ ਭਲਾ ਕਰਤਾਰ ਕਰੇ ਆਪਾਂ ਕੀ ਬਗਾੜਿਆ ਸੀਗਾ?" ਮਾਸਟਰ ਦੀ ਖੁਸ਼ਕ ਸੰਘੀ ਵਿਚੋਂ ਭਰੜਾਈ ਹੋਈ ਆਵਾਜ਼ ਨਿੱਕਲੀ।

"ਜਿਨ੍ਹਾਂ ਦੇ ਘਰੀਂ ਭਾਂਬੜ ਬਾਲਣ ਦੇ ਤੂੰ ਬਾਨ੍ਹਣੂੰ ਬੰਨ੍ਹਦਾ ਫਿਰਦੈਂ, ਉਨ੍ਹਾਂ ਨੇ ਤੇਰਾ ਕੀ ਬਗਾੜਿਐ?"

ਮਾਸਟਰ ਦੇ ਪੈਰਾਂ ਹੇਠੋਂ ਜ਼ਮੀਨ ਨਿੱਕਲ ਗਈ। ਉੱਤਰ ਕੋਈ ਨਾ ਅਹੁੜਿਆ। "ਸੱਚੇ ਪਾ-ਸ਼ਾਹ! ਆਉਂਦੇ ਐਤਵਾਰ ਨੂੰ 'ਖੰਡ-ਪਾਠ ਕਰਾਊਂ, ਮੇਰੇ ਪੁੱਤ ਦਾ ਵਾਲ ਵਿੰਗਾ ਨਾ ਹੋਵੇ।" ਮਾਸਟਰ ਨੂੰ ਕੱਚੀਆਂ ਤਰੇਲੀਆਂ ਆਉਣ ਲੱਗ ਪਈਆਂ। • (SHERWOOD PARK, ALBERTA)

(ਛਪ ਰਹੇ ਕਹਾਣੀ ਸੰਗ੍ਰਹਿ 'ਸੱਤੀਂ ਵੀਹੀਂ ਸੌ' ਵਿਚੋਂ)

---

(ਸਫ਼ਾ 29 ਦੀ ਬਾਕੀ...)

'ਤੇ ਵੀ ਹਮਲਾ ਹੋ ਗਿਆ।

"ਬਾਹਰ ਆ ਉਏ ਕੁੱਤੇ" ਉਹਨਾਂ ਅਮਰੀਕ ਨੂੰ ਲਲਕਾਰਿਆ।

"ਹੋਸ਼ ਸੇ ਕਾਮ ਲੋ ਭਾਈ, ਯੇਹ ਭੀ ਹਮਾਰੇ ਭਾਈ ਹੈਂ।" ਸਾਦੇ ਨੌਜਵਾਨ ਨੇ ਅੱਗੇ ਹੋ ਕੇ ਆਖਿਆ।

"ਤੁਮਾਰੇ ਹੋਂਗੇ, ਹਮਾਰੇ ਤੋ ਸਦੀਉਂ ਕੇ ਦੁਸ਼ਮਨ ਹੈਂ।" ਉਹਨਾਂ ਨੇ ਨੌਜਵਾਨ ਨੂੰ ਜ਼ੋਰ ਨਾਲ ਇਕ ਪਾਸੇ ਧੱਕਦਿਆਂ ਆਖਿਆ। ਵਿਨੋਦ ਤੇ ਲਾਲਾ ਜੀ ਅਮਰੀਕ ਨੂੰ ਬਚਾਉਣਾ ਚਾਹੁੰਦੇ ਸਨ ਪਰ ਹਮਲਾਵਰ ਜ਼ਿਆਦਾ ਵੇਖ ਕੇ ਡਰ ਗਏ। ਗੁੰਡਿਆਂ ਨੇ ਅਮਰੀਕ ਤੇ ਬਿੱਟੂ ਨੂੰ ਧੂਹ ਕੇ ਗੱਡੀ ਤੋਂ ਬਾਹਰ ਖਿੱਚ ਲਿਆ।

"ਮੰਮੀ ਬਘਿਆੜ!" ਬਿੱਟੂ ਚੀਕਿਆ।

"ਹਾਂ ਬੇਟੇ, ਤੁਮਹੇਂ ਭੇੜਯੋਂ ਕੀ ਹੀ ਇੰਤਜ਼ਾਰ ਥੀ" ਇਕ ਗੁੰਡਾ ਚੀਕਿਆ। ਉਸ ਨੇ ਬਿੱਟੂ ਨੂੰ ਵਗਾਹ ਕੇ ਪਲੈਟਫਾਰਮ 'ਤੇ ਮਾਰਿਆ। ਇਕ ਹੋਰ ਨੇ ਉਸ ਉਪਰ ਪੈਟਰੋਲ ਸੁੱਟ ਕੇ ਅੱਗ ਲਾ ਦਿੱਤੀ। ਭਿੰਦਰ ਦੀਆਂ ਚੀਕਾਂ ਨਿੱਕਲ ਗਈਆਂ। ਅਮਰੀਕ ਇਹ ਅੱਤਿਆਚਾਰ ਵੇਖ ਕੇ ਪਾਗਲ ਹੋ ਗਿਆ ਸੀ। ਤੇ ਉਹਨਾਂ ਕੋਲੋਂ ਛੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਦੀ ਪੇਸ਼ ਨਹੀਂ ਜਾ ਰਹੀ ਸੀ। ਉਸ ਨੇ ਇੱਕ ਦੇ ਘਸੁੰਨ ਜੜ ਦਿੱਤਾ ਤੇ ਨਾਲੇ ਗਾਲਾਂ ਕੱਢੀਆਂ। ਦੂਸਰਿਆਂ ਨੇ ਡਾਂਗਾਂ ਅਤੇ ਤ੍ਰਿਸ਼ੂਲਾਂ ਨਾਲ ਅਮਰੀਕ ਨੂੰ ਢੇਰ ਸੁੱਟਿਆ। ਜਦ ਉਹ ਡਿੱਗ ਪਿਆ, ਗੁੰਡਿਆਂ ਨੇ ਦੋਵਾਂ ਲੱਤਾਂ ਤੋਂ ਖਿੱਚ ਕੇ ਉਸ ਨੂੰ ਪਾੜਨਾ ਸ਼ੁਰੂ ਕਰ ਦਿੱਤਾ।

"ਉਏ ਰੱਬ ਤੋਂ ਡਰੋ - ਇਹ ਕਹਿਰ ਨਾ ਕਰੋ।" ਲਾਲਾ ਜੀ ਇਹ ਜ਼ੁਲਮ ਨਾ ਦੇਖ ਸਕੇ।

"ਇਨਹੋਂ ਨੇ ਕੌਨ ਸੀ ਕਮ ਕੀ ਹੈ, ਅਬ ਦੇਖ ਲੋਂ ਮਜ਼ਾ ਹਮਾਰੇ ਪ੍ਰੈਜ਼ੀਡੈਂਟ ਕੋ ਮਾਰਨੇ ਕਾ।"

"ਪ੍ਰੈਜ਼ੀਡੈਂਟ ਕੋ ਕਿਆ ਇਨਹੋਂ ਨੇ ਮਾਰਾ ਹੈ?" ਵਿਨੋਦ ਚੀਕਿਆ।

"ਔਰ ਨਹੀਂ ਤੋ ਕਿਆ ਤੂ ਨੇ ਮਾਰਾ ਹੈ? ਭਾਗ ਜਾ ਸਾਲੇ ਵਰਨਾ ਤੁਮਹੇਂ ਭੀ ਚੀਰ ਦੇਂਗੇ।"

ਸਟੇਸ਼ਨ 'ਤੇ ਚਾਰ ਚੁਫੇਰੇ ਚੀਕ ਚਿਹਾੜਾ ਸੀ। ਕਈ ਤ੍ਰਿਸ਼ੂਲਾਂ ਨਾਲ ਵਿੰਨ੍ਹੇ ਗਏ, ਕਈ ਜਿਉਂਦੇ ਸਾੜੇ ਗਏ, ਕਈ ਬੱਚੇ ਰੇਲ ਦੀ ਪਟੜੀ 'ਤੇ ਸੁੱਟ ਕੇ ਲਹੂ ਲੁਹਾਨ ਕਰ ਦਿੱਤੇ ਤੇ ਕਈਆਂ ਨੂੰ ਚੀਰ ਚੀਰ ਕੇ ਮਾਰ ਦਿੱਤਾ। ਉਹਨਾਂ ਦੇ ਮੂੰਹਾਂ 'ਤੇ ਥੁੱਕਿਆ ਗਿਆ ਤੇ ਕਈਆਂ ਦੇ ਕੇਸ ਦਾੜ੍ਹੀਆਂ ਮੁੰਨ ਦਿੱਤੇ। ਮਿੰਟਾਂ ਵਿੱਚ ਹੀ ਆਪਣੇ ਦੇਸ਼ ਦਾ ਪਲੈਟਫ਼ਾਰਮ ਆਪਣੇ ਦੇਸ਼ ਦੀਆਂ ਲੋਥਾਂ ਤੇ ਜ਼ਖ਼ਮੀਆਂ ਨਾਲ ਭਰ ਗਿਆ। ਪੁਲੀਸ ਦੇ ਕੁੱਝ ਸਿਪਾਹੀ ਦੂਰ ਖੜ੍ਹੇ ਬੀੜੀਆਂ ਪੀ ਰਹੇ ਸਨ ਅਤੇ ਆਪਸ ਵਿਚ ਗੱਲਾਂ ਕਰਦੇ ਉੱਚੀ ਉੱਚੀ ਬਦਮਾਸ਼ ਹਾਸਾ ਹੱਸ ਰਹੇ ਸਨ। ਭਿੰਦਰ ਦੀਆਂ ਅੱਖਾਂ ਪੱਥਰ ਹੋ ਗਈਆਂ। ਬਬਲੀ ਸਹਿਮੀ ਹੋਈ ਕੋਲ ਖੜ੍ਹੀ ਹੌਲੀ ਹੌਲੀ ਭਿੰਦਰ ਨੂੰ ਪੁੱਛ ਰਹੀ ਸੀ: "ਮੰਮੀ! ਇਹ ਬਘਿਆੜ ਨੇ?"

• (GRANDE PRAIRIE, ALBERTA)

---

| | |
|---|---|
| "ਕੈਨੇਡਾ ਦੀ ਧਰਤੀ ਉੱਪਰ ਅਮਰੀਕਣ ਮਿਸਾਈਲਾਂ" ਲਈ ਰੈਫ਼ਰੈਂਸ ਨੋਟ: | • CRUISE MISSILES–A CANADIAN PROSPECTIVE • THE DEFENCE MONITOR - VOL VII NO 4 • THE GLOBE & MAIL: FEB 6, 11/85 • DISCUSSIONS WITH 'EDMONTONIANS FOR NON-NUCLEAR FUTURE • WATNO DUR - MAY/JUNE 1982 • NOTES FROM AN ADDRESS BY MR. JOE CLARK TO THE 39th SESSION OF U.N. GENERAL ASSEMBLY. |

# ਮਨੁੱਖਤਾ ਦੀ ਤਲਾਸ਼

— ਗੁਲਸ਼ਨ ਪਾਲ ਦਿਆਲ

ਓ ਖੁਦਾਇਆ
ਕੀ ਹੈ ਤੇਰਾ ਕੋਈ ਪੀਰ ਪੈਗੰਬਰ
ਜੋ ਮੈਨੂੰ ਦਸ ਦੇਵੇ
ਰਾਹ ਉਸ ਸੱਚ ਦਾ
ਪਰਮ ਮਨੁੱਖ ਬਣਨ ਲਈ
ਮਨੁੱਖਤਾ ਦੇ ਉਸ ਚਾਨਣ ਮੁਨਾਰੇ ਤੱਕ
ਪਹੁੰਚਣ ਦਾ ਮਾਰਗ
ਕੋਈ ਮੈਨੂੰ ਲੱਭ ਦੇਵੇ
ਕੁਝ ਸੁਝੋ, ਕੁਝ ਕਰੋ
ਇਸ ਤਲਾਸ਼ ਵਿੱਚ ਭਟਕਦੀ
ਤਰਸ ਰਹੀ ਪਿਆਸੀ ਹਾਂ ਮੈਂ
ਸੱਚ ਮੁੱਚ ਹੀ ਇਨਸਾਨੀਅਤ ਦੀ
ਗੁਆਚੀ ਜਿਹੀ ਰੂਹ ਹਾਂ ਮੈਂ
ਆਪਣੀ ਹੀ ਹੋਂਦ ਨੂੰ ਢੂੰਡਦੀ
ਆਦਿ ਅੰਤ ਨੂੰ ਲੱਭਦੀ
ਇੱਕ ਦੁਖੀ ਜਿਹੀ ਆਤਮਾਂ ਹਾਂ ਮੈਂ
ਘ੍ਰਿਣਾ, ਹਿੰਸਾ, ਹੰਝੂਆਂ ਤੇ ਹੌਕਿਆਂ 'ਚ
ਭੁੱਲੀ ਭਟਕੀ ਜਿੰਦੜੀ ਹਾਂ ਮੈਂ
ਕੌਣ ਹਾਂ ਮੈਂ?
ਕਿਥੇ ਜਾਣੈਂ ਤੇ ਕਿਵੇਂ ਜਾਵਾਂ?
ਇਸ ਸੁਆਲ ਤੋਂ ਬਹੁਤ ਪ੍ਰੇਸ਼ਾਨ ਹਾਂ ਮੈਂ
ਕੀ ਕੋਈ ਹੈ ਜੋ ਮੇਰਾ ਆਪਾ ਲੱਭ ਦੇਵੇ
ਪਹਿਚਾਣ ਮੇਰੀ ਮੈਨੂੰ ਕਰਵਾ ਦੇਵੇ
ਉਸ ਸਰੋਤ ਨਾਲ ਮੁੜ ਮੈਨੂੰ ਜੋੜ ਦੇਵੇ
ਜਿਥੋਂ ਕਿਣਕੇ ਵਾਂਗ ਟੁੱਟ ਕੇ ਵਿਖਰੀ ਹਾਂ ਮੈਂ
ਇਨਸਾਨੀਅਤ ਦੀ ਭਾਲ 'ਚ
ਗਿਆਨ ਦੀ ਖੋਜ 'ਚ
ਬਹੁਤ ਘਬਰਾ ਗਈ ਹਾਂ ਮੈਂ
ਕਿਥੇ ਹੈ ਉਹ ਪਰਮ ਮਨੁੱਖ
ਕਿਥੇ ਹੈ ਉਹ ਅਪਾਰ ਸ਼ਕਤੀ
ਲਭਣ ਲਈ ਉਸ ਨੂੰ
ਕਿਹੜਾ ਰਾਹ ਮੈਂ ਅਪਣਾਵਾਂ
ਕਿਹੜਾ ਧਰਮ ਤੇ ਕੀ ਮਜ਼ਹਬ ਚੁਣਾਂ ਮੈਂ
ਸੱਚ ਮੁੱਚ ਹੀ ਬਹੁਤ ਪ੍ਰੇਸ਼ਾਨ ਹਾਂ ਮੈਂ
ਓ ਈਸਾ ਮਸੀਹ
ਤੂੰ ਮੁਹੱਬਤ ਤੇ ਦੁਖੀਆਂ ਖ਼ਾਤਿਰ
CRUCIFY ਹੋਇਆ ਸੀ
ਤੇ CHRIST ਅਖਵਾਇਆ ਸੀ
ਕੀ ਗਲ ਵਿੱਚ ਸਿਰਫ਼ CROSS ਲਟਕਾ
ਹੀ CHRISTIAN ਹਾਂ ਮੈਂ
ਕਿਵੇਂ ਕਹਾਂ ਪਛਾਣਦੀ ਹਾਂ ਮੈਂ
ਬਾਲੇ ਤੇ ਮਰਦਾਨੇ ਦੇ ਸੰਗੀਤ 'ਚ
ਡੁੱਬੇ ਹੋਏ ਨਾਨਕ ਦੇ ਗੀਤਾਂ ਨੂੰ
ਪਛਾਣਦੀ ਹਾਂ ਰੂਹ ਤਾਂ ਸਿਰਫ਼
ਇੱਕ ਚੀਕ ਚਿਹਾੜਾ
ਤੇ ਭਿਆਨਕ ਜਿਹਾ ਇੱਕ ਸ਼ੋਰ
ਜਾਂ ਬਾਰੂਦ ਹੇਠ ਦਬੀਆਂ
ਮਾਸੂਮ ਆਹਾਂ ਨੂੰ
ਓ ਮੁਹੰਮਦ - ਪ੍ਰਸੰਸਾ ਦੇ ਹੱਕੀ
ਮੁਸਲਿਮ ਵੀ ਨਹੀਂ ਮੈਂ
ਨਮਾਜ਼ ਨਹੀਂ ਪੜ੍ਹਦੀ
ਰੋਜ਼ੇ ਨਹੀਂ ਰਖਦੀ
ਰੋਜ਼ਾ ਤਾਂ ਕਦੀ ਉਹ ਰਖੇ
ਜੋ ਰੱਜਿਆ ਹੋਵੇ।
ਜੈਨੀ ਨਹੀਂ ਮੈਂ
ਚਿੱਤ ਨੂੰ ਜਿੱਤ ਨਹੀਂ ਸਕਦੀ
ਬੋਧੀ ਵੀ ਨਹੀਂ
ਗਿਆਨ ਦਾ ਝਲਕਾਰਾ
ਕਦੀ ਅਖੀਆਂ 'ਚ ਉਤਰਿਆ ਨਹੀਂ।
ਮੈਂ ਨਹੀਂ ਜਾਣਦੀ
ਕੋਈ ਪਿਆਰ ਭਿੱਜਾ ਗੀਤ ਮੀਰਾ ਦਾ
ਨਹੀਂ ਵੇਖਿਆ ਮੈਂ ਕੋਈ
ਵਰਿੰਦਾਬਨ ਕ੍ਰਿਸ਼ਨ ਦਾ।
ਸੁਣਦੀ ਹਾਂ ਐਪਰ
ਗੋਲੀਆਂ ਦਾ ਕੰਨ ਪਾੜਵਾਂ ਸ਼ੋਰ
ਵਿਸ਼ ਨਾਲ ਭਰੇ ਬੋਲਾਂ ਨੂੰ
ਵੇਖਦੀ ਹਾਂ
ਨਫਰਤ ਭਰੀ ਠੰਢੀ ਚੁੱਪ ਨੂੰ
ਰਾਹਾਂ ਤੇ ਤੁਰਦੀ, ਜ਼ਹਿਰ ਉਗਲਦੀਆਂ ਸੜਕਾਂ ਨੂੰ
ਤੱਕਦੀ ਹਾਂ ਉਦਾਸ ਬੇਬਸੀ 'ਚ
ਇਹ ਤੇਰਾ ਜਗਤ ਤਮਾਸ਼ਾ
ਓ ਰੱਬਾ
ਕੀ ਹਾਰ ਜਾਵੇਂਗਾ ਆਪਣੀ ਹੀ ਰਚਨਾਂ ਤੋਂ?
ਕੀ ਇਹੋ ਹੀ ਹੈ ਤੇਰੀ ਕਲਪਨਾ?
ਕਿਉਂ ਬਾਰ ਬਾਰ ਹਾਰਦਾ ਹੈਂ ਸ਼ੈਤਾਨ ਹੱਥੋਂ?
ਕਿਉਂ ਗੁਆਚ ਗੁਆਚ ਜਾਂਦਾ ਹੈ
ਸੱਚ ਦਾ ਰਾਹ ਸਾਡੇ ਕੋਲੋਂ?
ਜਾਂ ਫਿਰ ਮਨੁੱਖ ਵਾਂਗ
ਕੀ ਤੂੰ ਵੀ ਹਾਰ ਗਿਆ ਹੈਂ?
ਸੁਝੋ ਲਭੋ, ਕੁਝ ਕਰੋ
ਕੋਈ ਹੈ ਜੋ ਲਭ ਦੇਵੇ
ਇਹੋ ਜਿਹਾ ਪੀਰ ਪੈਗੰਬਰ
ਲੱਭ ਸਕੇ ਜੋ ਰਾਹ ਪਿਆਰ ਦਾ
ਮਨੁੱਖਤਾ ਦਾ ਉਹ ਚਾਨਣ ਮੁਨਾਰਾ

• (JAGRAON, PANJAB, INDIA)

• ਅਜਮੇਰ ਰੋਡੇ •

## ਮਲਕਾ ਦਾ ਇੱਕ ਬਾਂਦਰ

ਮਲਕਾ ਗੋਦੀ ਖਿੱਲਾਂ ਖਾਂਦਾ
ਬਾਂਦਰ ਹੱਸੇ ਮੁਸ਼ਕੜੀਆਂ
ਬੱਸ ਇਕ ਦੋ ਛੱਡੀਆਂ ਫੁਲਝੜੀਆਂ
ਘਰੀਂ ਘਰੀਂ ਚੰਗਿਆੜੇ ਪੌਣਾਂ ਲੈ ਵੜੀਆਂ।

ਕੱਲ੍ਹ ਬੁਝੀ ਅੱਜ ਫੇਰ ਜਗੀ
ਬੱਸ ਜਗਦੀ ਬੁਝਦੀ ਭੜਕ ਪਈ
ਹੋਇਆ ਫੇਰੀ ਕਲਸ ਸੁਨਹਿਰੀ
ਲੱਖ ਦਿਲਾਂ 'ਚੋਂ ਲਾਟ ਬਲੀ
"ਧੋਤੀ ਟੋਪੀ ਜਮੁਨਾ ਪਾਰ"
"ਕੱਛ ਕੜਾ ਕੰਘਾ ਕਿਰਪਾਨ
ਭੇਜ ਦਿਆਂਗੇ ਪਾਕਿਸਤਾਨ"
ਲਹੇ ਸੀਸ ਦੇ ਟੋਪੀ ਉੱਡੀ
ਲਹੇ ਕੇਸ ਪੱਗ ਰਾਖ ਹੋਈ
ਮੁੜ ਸੈਤਾਨੀ ਨੇ ਅੱਖ ਮਾਰੀ
ਮਲਕਾ ਅੰਦਰੋਂ ਖੁਸ਼ ਹੋਈ।
ਸਿਰਾਂ 'ਚ ਭਰਿਆ ਧੂੰਦੂਕਾਰਾ
ਨ ਮਲਕਾ ਦੀ ਅੱਖ ਪਛਾਨਣ
ਅੱਖਾਂ ਉੱਤੇ ਪੱਟੀ ਬੰਨ੍ਹੀ
ਇਕ ਦੂਜੇ ਦੀਆਂ ਭੰਨੀ ਜਾਵਣ ਪੁੜਪੜੀਆਂ
ਮਲਕਾ ਗੋਦੀ ਖਿੱਲਾਂ ਖਾਂਦਾ
ਬਾਂਦਰ ਹੱਸੇ ਮੁਸ਼ਕੜੀਆਂ।

ਟੱਪੀਆਂ ਸੱਤ ਸਮੁੰਦਰ ਪੌਣਾਂ ਨਾ ਟਲੀਆਂ
ਏਸ ਨਗਰ ਵੀ ਆ ਵੜੀਆਂ
ਸੁੱਤੇ ਬਿੱਛੂਆਂ ਕੰਨੀ ਫੂਕਾਂ ਮਾਰ ਗੀਆਂ
ਵਾਂਗ ਫੁਹਾਰੇ ਜ਼ਹਿਰਾਂ ਉੱਠੀਆਂ
ਸੰਗ ਵਰੋਲੇ ਤੁਰ ਪਈਆਂ
ਮਸਾਂ ਮਸਾਂ ਜੋ ਉੱਠੀਆਂ ਧੌਣਾਂ
ਵਾਂਗ ਕਰੂੰਬਲ ਮੁੜ ਗਈਆਂ
ਖੁੰਬਾਂ ਵਾਂਗਰ ਉੱਠ ਖਲੋਤੇ
ਲੋਕ ਅਜਨਬੀ ਕਦੇ ਨ ਤੱਕੇ
ਜਣੇ ਖਣੇ ਨੂੰ ਮਾਰਨ ਧੱਕੇ
ਜੇ ਕਿਸੇ ਚਾਨਣ ਦੀ ਗੱਲ ਤੋਰੀ
ਉੱਥੇ ਤੈ ਦੀ ਮੱਸਿਆ ਉਤਰੀ
ਹਸਨ ਰਹੀਮ ਤੇ ਮੇਵਾ ਸਿੰਘ ਦੀ
ਖਿੱਚ ਕੇ ਏਹਨਾਂ ਕੰਘੜੀ ਤੋੜੀ

ਮਲਕਾ ਡੂੰਘੀ ਸੈਨਤ ਮਾਰੇ
ਬਾਂਦਰ ਨੱਚੇ ਨਾਚ ਨਚਾਵੇ
ਜਦ ਮਲਕਾ ਦੀ ਇੱਛਾ ਪੂਰੀ
ਉਸ ਨੇ ਬਾਂਦਰ ਨੂੰ ਵੀ ਕਹਿਆ:
ਬੱਚੂ ਤੇਰੀਆਂ ਚੰਦ ਘੜੀਆਂ
ਮਲਕਾ ਗੋਦੀ ਖਿੱਲਾਂ ਖਾਂਦਾ
ਬਾਂਦਰ ਹੱਸੇ ਮੁਸ਼ਕੜੀਆਂ।

• (RICHMOND, B.C.)

• ਗੁਰਚਰਨ ਰਾਮਪੁਰੀ •

## ਦੱਖਣੀ ਅਫਰੀਕਾ

ਤਖ਼ਤ ਅਧਰਮੀ ਸੀ ਪਹਿਲਾਂ ਹੀ
ਹੁਣ ਪਤਲਾ ਇਨਸਾਫ਼ੀ ਪਰਦਾ ਵੀ ਦਰਬਾਰੋਂ
ਲਾਹ ਦਿੱਤਾ ਹੈ।

ਇਹ ਸੱਪਣੀ ਅੱਜ ਕਾਰ ਨਾ ਕੱਢੇ
ਜਦ ਆਪਣੇ ਬੱਚਿਆਂ ਨੂੰ ਖਾਵੇ,
ਨਸਲੀ ਨਫ਼ਰਤ ਦਾ ਇਹ ਨਰਕ
ਕੋਹੜੀਆਂ ਦੀ ਬਸਤੀ ਦੀ ਜੂਨ ਹੰਢਾਵੇ।
ਸੋਨੇ ਦੀ ਲੰਕਾ ਦੀ ਭੁੱਖੀ ਰੱਈਅਤ ਉੱਤੇ
ਬਾਰੂਦੀ ਧੂੰਏਂ ਦਾ ਪਹਿਰਾ,
ਨਫ਼ਰਤ ਜਿੰਨਾਂ ਜ਼ਹਿਰੀ, ਗਹਿਰਾ।

ਪਰ ਸੂਰਜ ਨੂੰ ਚੜ੍ਹਨੋਂ ਰੋਕਣ
ਤੂਫ਼ਾਨੀ ਲਹਿਰਾਂ ਨੂੰ ਟੋਕਣ
ਸੂਰਨ ਕੋਟ ਦੀਆਂ ਉੱਚੀਆਂ ਕੰਧਾਂ
ਦੇ ਵੱਸ ਕਿੱਥੇ?

ਕੋਹੜੀ ਦੇ ਬੀਮਾਰ ਅੰਗਾਂ ਨੂੰ ਕੱਟਣ ਖ਼ਾਤਰ
ਫ਼ੌਲਾਦੀ ਚਮਕੀਲੇ ਨੇਜ਼ੇ ਨਸ਼ਤਰ ਬਣ ਕੇ
ਤਣੇ ਹੋਏ ਹਨ;
ਛੇਤੀ ਹੀ ਜੰਗਾਹਾਂ ਰੋਗੀ-ਰੂਹ ਦੀ
ਮੁਕਤੀ ਕਰ ਦੇਣੀ ਹੈ।

• (N. VANCOUVER, B.C.)

• ਅਵਤਾਰ ਰੋਡੇ •

## ਮਾਂਝੀ

ਮੇਰੇ ਕੰਮ ਦਾ
ਕੋਈ ਨਿਯਤ ਸਮਾਂ ਨਹੀਂ
ਗਰਮੀ, ਸਰਦੀ; ਦਿਨ, ਰਾਤ
ਮੀਂਹ, ਹਨੇਰੀ, ਵੇਲੇ, ਕੁਵੇਲੇ
ਬੱਸ ਮਾਲਕ ਦੇ ਇਸ਼ਾਰੇ
ਪਾਲਤੂ ਜਾਨਵਰ ਵਾਂਗ
ਕੰਮ ਤੇ ਜੁਟ ਜਾਂਦਾ ਹਾਂ।

ਜੇਠ ਹਾੜ੍ਹ ਦੀਆਂ
ਚੁਭਵੀਆਂ ਧੁੱਪਾਂ ਵਿੱਚ
ਮੇਰੀ ਭਰਵੀਂ ਤੇ ਸੱਜਰੀ
ਮੁਰਝਾਈ ਜਵਾਨੀ
ਕਾਲੀਆਂ 'ਨ੍ਹੇਰੀਆਂ ਰਾਤਾਂ ਵਿਚ
ਪਾਣੀਆਂ ਦੇ ਨੱਕੇ ਮੋੜਦੀ ਹੈ।

ਪੋਹ ਮਾਘ ਦੇ ਮਹੀਨੇ
ਹੱਥਾਂ ਪੈਰਾਂ ਵਿਚ
ਪਈਆਂ ਕੱਚੀ ਕੰਧ ਦੇ
ਪਾਟੇ ਲਿਓੜ ਵਾਂਗ ਬਿਆਈਆਂ 'ਚੋਂ
ਸਿੰਮਦੇ ਲਹੂ ਨਾਲ
ਖੇਤਾਂ ਨੂੰ ਸਿੰਜਦਾ
ਖੁਰਦੀਆਂ ਵੱਟਾਂ ਵਾਂਗ
ਮੈਂ ਆਪ ਖੁਰ ਜਾਂਦਾ ਹਾਂ।

ਤੈਥੋਂ ਉਧਾਰ ਲਈ ਰਕਮ
ਕਈ ਗੁਣਾ ਹੋ ਕੇ
ਮੇਰੇ ਸਾਰੇ ਪ੍ਰਵਾਰ ਨੂੰ
ਤੇਰਾ ਗੁਲਾਮ ਬਣਾ ਦਿੰਦੀ ਹੈ।
ਮੇਰੀ ਇਕ ਛੋਟੀ ਜਿਹੀ ਗਲਤੀ 'ਤੇ
ਮੈਨੂੰ ਬੇਇੱਜ਼ਤ ਕਰਦਿਆਂ
ਗੁੱਸੇ 'ਚ ਆ ਕੇ
ਮੇਰੇ ਨਾਂ ਨਾਲ ਕਈ ਤਰ੍ਹਾਂ ਦੇ
ਵਿਸ਼ੇਸਣ ਲਾ ਕੇ ਲਲਕਾਰਦਾ ਹੈਂ।

ਮੇਰੇ ਨਾਲੋਂ ਤਾਂ ਤੇਰੇ ਪਸ਼ੂ ਚੰਗੇ
ਜਿੰਨ੍ਹਾਂ ਦੇ ਪਿੰਡੇ 'ਤੇ ਹਰ ਰੋਜ਼
ਪਿਆਰ ਨਾਲ ਥਾਪੀ ਤਾਂ ਦਿੰਦਾ ਹੈਂ
ਪਰ ਮੈਨੂੰ ਹੱਥ ਲਾਇਆਂ
ਤੇਰਾ ਸਰੀਰ ਭਰਿਸ਼ਟ ਹੁੰਦਾ ਹੈ
ਮੇਰੇ ਕੋਲੋਂ ਤੈਨੂੰ ਗਰੀਬੀ ਦਾ
ਮੁਸ਼ਕ ਆਉਂਦਾ ਹੈ

ਬਿਜਾਈ ਤੋਂ ਲੈ ਕੇ
ਆਟੇ ਦੀ ਪਿਸਾਈ ਤੱਕ
ਸਾਰਾ ਸਾਲ ਖ਼ੂਨ ਪਸੀਨੇ ਦੀ
ਕਮਾਈ ਕਰਦਾ
ਮੈਂ ਖ਼ੁਦ ਪਿਸ ਜਾਂਦਾ ਹਾਂ
ਫਿਰ ਵੀ ਹਰ ਰੋਜ਼
ਕਿਸੇ ਭਿਖਾਰੀ ਵਾਂਗ ਦੂਰ ਬੈਠ
ਰੋਟੀ ਦੀ ਉਡੀਕ ਕਰਦਾ ਹਾਂ
ਜਦ ਦੋ ਚਾਰ ਰੁੱਖੀਆਂ ਮਿੱਸੀਆਂ
ਤੇਰੀ ਨਫਰਤ ਦਾ ਪਲੇਥਣ ਲੱਗ
ਮੇਰੇ ਕਮਾਊ ਹੱਥਾਂ 'ਤੇ
ਦੂਰੋਂ ਹੀ ਸੁੱਟ
ਦਿੱਤੀਆਂ ਜਾਂਦੀਆਂ ਹਨ।

• (QUESNEL, B.C.)

ਸਫ਼ਾ 30
ਦੀ ਬਾਕੀ–

ਕੁਝ ਵੀ ਕਰਾਂ
ਹੁਣ ਪੱਥਰ ਜਿਸਮ ਅੰਦਰ
ਮੈਥੋਂ ਹੋਰ ਬਹਿ ਨਹੀਂ ਹੁੰਦਾ
ਮੈਂ ਹਰ ਹਾਲ ਟੁੱਟਣਾ ਚਾਹੁੰਦਾਂ
ਮੁੱਦਤ ਹੋਈ ਇਸ ਸ਼ਹਿਰ ਨੂੰ ਪੱਥਰ ਹੋਇਆਂ
ਮੁੱਦਤ ਹੋਈ ਇਸ ਸ਼ਹਿਰ ਮੈਨੂੰ ਬੁੱਤ ਬਣ ਖਲੋਇਆਂ।

• (SOUTHALL, U.K.)

# BOMBAY SWEETS MFG. INCORPORATED

## FOR LARGEST VARIETY IN INDIAN SWEETS

• ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
• ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ
ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722

**OPEN EVERY DAY 9 A.M. TO 9:30 P.M.**

# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

## TEL: 324-3177

**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

## 6407 MAIN ST. VANCOUVER, B.C.

# PAUL'S

***PLUMBING & ELECTRICAL SUPPLY***



**'OPEN ON SUNDAYS TOO'**

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***

***PH: 872-3118*** Supply
***872-7227*** Service

# KESRI

**SWEETS & RESTAURANT LTD.**

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

• ਸੁਖਿੰਦਰ •

# ਇਕ ਹੋਰ 1947

ਤੂਫ਼ਾਨ ਗੁਜ਼ਰ ਜਾਣ ਤੋਂ ਬਾਅਦ ਤਾਂ
ਮਹਿਜ਼, ਡਿੱਗੇ ਘਰਾਂ ਦੇ
ਮਲਬੇ ਹੀ ਸਾਂਭੇ ਜਾ ਸਕਦੇ ਨੇ –

ਸੰਨ '47 ਹੋਵੇ ਜਾਂ 1984
ਇਹ ਪਾਗਲ ਹਵਾ ਦੇ
ਬੇਰਹਿਮ ਵਾਵਰੋਲੇ
ਜਦ ਵੀ ਚੱਲਦੇ ਨੇ
ਮਿਥਿਹਾਸ ਅਤੇ ਇਤਿਹਾਸ ਵਿਚ
ਕੋਈ ਫ਼ਰਕ ਨਹੀਂ ਰਹਿ ਜਾਂਦਾ
ਹਨੇਰੀ ਰਾਤ ਵਿਚ
ਸੜਕਾਂ ਉੱਤੇ, ਆਦਮੀ ਨਹੀਂ –
ਭੇੜੀਏ ਦੌੜਦੇ ਹਨ
ਮਨੁੱਖਾਂ ਦੇ ਸਾਹਾਂ 'ਚੋਂ
ਮਰੇ ਹੋਏ ਪਸ਼ੂਆਂ ਦੀ
ਦੁਰਗੰਧ ਆਉਣ ਲੱਗਦੀ ਹੈ
ਫਿਰ, ਹਵਾ ਵਿਚ ਘੁੱਗੀਆਂ ਨਹੀਂ
ਸਿਰਫ਼ ਗਿਰਝਾਂ ਹੀ ਪਰਵਾਜ਼ ਕਰਦੀਆਂ ਹਨ।

ਧਰਮ, ਸੱਭਿਆਚਾਰ, ਰਾਜਨੀਤੀ
ਆਦਮੀ ਨੂੰ ਆਦਮੀ ਦੁਆਰਾ
ਸੂਲੀ 'ਤੇ ਟੰਗਣ ਦੇ
ਨੁਸਖ਼ੇ ਬਣ ਕੇ ਰਹਿ ਜਾਂਦੇ ਨੇ
ਮੰਦਰ, ਮਸਜਿਦਾਂ, ਗੁਰਦੁਆਰੇ, ਗਿਰਜਾਘਰ
ਪੰਛੀਆਂ ਦੇ ਰੈਣ ਬਸੇਰੇ ਨਹੀਂ
ਸੱਪਾਂ ਦੇ ਘਰੌਂਦੇ ਬਣ ਜਾਂਦੇ ਨੇ
ਮੰਦਰਾਂ 'ਚ ਵੱਜਦੇ ਸੰਖ
ਮਸਜਿਦਾਂ 'ਚੋਂ ਉੱਠਦੀ ਆਜ਼ਾਨ
ਗੁਰਦੁਆਰਿਆਂ 'ਚ ਵੱਜਦੇ ਨਗਾਰੇ
ਗਿਰਜਿਆਂ 'ਚ ਵੱਜਦੇ ਟੱਲ
ਸਿਰਫ਼ ਮੌਤ ਦੀ ਹੀ ਸੁਰ ਅਲਾਪਦੇ ਹਨ
ਗੀਤਾ ਤੇ ਗ੍ਰੰਥ
ਕੁਰਾਨ ਤੇ ਬਾਈਬਲ ਦੇ ਸਫ਼ੇ
ਫਿਰ ਕਿਸੇ ਜ਼ਿੰਦਗੀ ਲਈ
ਦੁਆ ਨਹੀਂ ਬਣਦੇ
ਮਹਿਜ਼ – ਕਾਲੇ ਹਾਸ਼ੀਏ ਵਾਲੇ
ਮਰਸੀਏ ਬਣ ਕੇ ਰਹਿ ਜਾਂਦੇ ਨੇ।

ਮੌਸਮੀ ਤੂਫ਼ਾਨ ਤੋਂ ਸਹਿਮਈਆਂ
ਘਰਾਂ ਦੀਆਂ ਖੁੱਡਾਂ ਵਿਚ
ਜਾ ਵੜਦੀਆਂ ਹਨ
ਰੇਸ਼ਮੀ ਚਿਹਰਿਆਂ ਵਾਲੀਆਂ
ਕੁਝ ਕੁ ਦੋ-ਮੂੰਹੀਂ ਨਿਪੁੰਸਕ ਜੁਬਾ ਕਲਮਾਂ
ਪਰ ਚਲਾਕ ਲੂੰਬੜਾਂ ਵਰਗੀਆਂ
ਖੱਸੀ ਹੋ ਚੁੱਕੀਆਂ ਕੁਝ ਬੁੱਢੀਆਂ ਕਲਮਾਂ
ਗੱਲ੍ਹਾਂ 'ਤੇ ਘਟੀਆ ਗੁਲਾਲ ਦੀਆਂ ਤਹਿਆਂ ਜਮਾ,
ਲਾਲ ਬੱਤੀ ਵਾਲੇ ਚੌਕ 'ਚ ਆ ਖੜ੍ਹਦੀਆਂ ਨੇ
ਮੌਸਮੀ ਧੁੱਪ ਸੇਕਣ ਦੇ ਬਹਾਨੇ
ਆਪਣੇ ਨੰਗੇਜ਼ ਦਾ
ਬੇਸ਼ਰਮੀ ਸੰਗ, ਪ੍ਰਦਰਸ਼ਨ ਕਰਦਿਆਂ ਹੋਇਆਂ
ਭੁੱਖੇ ਚਿਹਰਿਆਂ ਵਾਲੇ
ਭ੍ਰਿਸ਼ਟ ਵਪਾਰੀ ਗਾਹਕਾਂ ਦੀ ਉਡੀਕ ਵਿਚ।

ਲਲਾਰੀਆਂ ਦੇ ਰੰਗੀਨ ਪਾਣੀਆਂ ਵਿਚ ਨਹਾ ਕੇ
ਵੇਸਵਾ-ਨੁਮਾ ਰਾਜਨੀਤੀ ਦੇ
ਬੇਜ਼ਮੀਰ, ਜੂਏਬਾਜ਼, ਸਿਆਸਤੀ ਦੱਲੇ
ਤੇਜ਼ਾਬੀ ਸ਼ਬਦਾਂ ਦਾ ਸ਼ੋਰ ਮਚਾਂਦੇ
ਸੜਕਾਂ 'ਤੇ ਨਿਕਲ ਆਉਂਦੇ ਹਨ
ਬਰਸਾਤੀ ਡੱਡੂਆਂ ਦੇ ਵਾਂਗ –

ਇਹ ਫ਼ਿਰਕੂ ਅੱਗ ਦੇ ਵਣਜਾਰੇ
ਚਿਹਰਿਆਂ 'ਤੇ ਬਹੁ-ਰੰਗੇ ਮੁਕਟ ਸਜਾਈ
ਆਪਣੇ ਗਲੇ ਸੜੇ ਦਿਮਾਗ਼ਾਂ 'ਚ ਉੱਕਰੇ
ਚੰਦਰੇ ਮਨਸੂਬਿਆਂ ਦੇ ਪਰਚਮ ਲਹਿਰਾਂਦੇ
ਆਪਣੇ ਰਾਖਸ਼ੀ ਲਬੂਹਿਆਂ 'ਚੋਂ ਲੂੰਹੇਂ ਸੁੱਟਦੇ
ਆਪਣੀਆਂ ਪਿੱਠਾਂ ਪਿਛੇ ਉੱਗ ਆਈਆਂ ਪੂਛਾਂ
ਸੱਤਾ ਦੀਆਂ ਕੁਰਸੀਆਂ ਦੀਆਂ ਲੱਤਾਂ ਦੁਆਲੇ
ਵਲ੍ਹੇਟਣ ਦੀ ਕਾਹਲ ਵਿਚ ਭੁੱਲ ਜਾਂਦੇ ਨੇ
ਕਿ ਆਦਮੀ ਕਦੀ ਟੋਪੀਆਂ, ਪਗੜੀਆਂ ਜਾਂ ਕੁੱਲੇ ਨਹੀਂ ਹੁੰਦੇ
ਆਦਮੀ ਤਾਂ ਹੱਡ ਮਾਸ ਦੇ
ਸਾਹ ਲੈਂਦੇ ਪੁਤਲੇ ਦਾ ਨਾਮ ਹੈ।

ਫ਼ਿਰਕਾਪ੍ਰਸਤ ਬਘਿਆੜਾਂ ਦੇ ਮੂੰਹ ਵੱਲ ਤੱਕਿਆ
ਮੌਸਮ ਦੀ ਇਸ ਬੇਰੁਖੀ ਤਨਹਾਈ 'ਚ ਫਸਿਆ
ਆਦਮੀ, ਆਦਮੀ ਜਿਹੇ ਬੋਲਾਂ ਲਈ ਤਰਸਦਾ ਹੈ
ਕਿਤੇ ਵੀ ਪੰਛੀਆਂ ਦੀ ਚੂਰ ਚੂਰ
ਬਾਲਾਂ ਦੇ ਪਵਿੱਤਰ ਹਾਸੇ
ਸੁਣਾਈ ਨਹੀਂ ਦਿੰਦੇ
ਮਹਿਕਾਂ ਛੱਡਦੇ ਗੁਲਾਬਾਂ
ਅਤੇ ਅੱਧ ਖਿੜੀਆਂ ਕਲੀਆਂ ਨੂੰ
ਖਿੜਨ ਤੋਂ ਪਹਿਲਾਂ ਹੀ
ਹੜੱਪ ਕਰ ਜਾਂਦੇ ਨੇ
ਮਹਾਂ-ਮਾਨਵੀ ਅਜਗਰ –

ਸਾਂ, ਸਾਂ ਕਰਦੀ ਰਾਤ ਦੇ ਹਨੇਰੇ ਵਿੱਚ
ਬਾਂਵਰੀ ਹੋਈ, ਸਿਵਿਆਂ 'ਚੋਂ ਉੱਡ ਰਹੀ ਰਾਖ
ਫਿਰ ਹਰ ਕਿਸੇ ਨੂੰ ਪੁੱਛਦੀ ਫਿਰਦੀ ਹੈ
ਇਕ ਹੀ ਸੁਆਲ:
ਇਹ ਕਿਸ ਮਾਨਵ ਦਾ ਇਤਿਹਾਸ ਹੈ!

• (TORONTO, ONT.)

# ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ, ਵਿਨੀਪੈੱਗ ਦੀ ਮੀਟਿੰਗ

ਅਮਰਜੀਤ ਸਿੰਘ

ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ, ਵਿਨੀਪੈੱਗ ਦੀ ਮੀਟਿੰਗ 24 ਫਰਵਰੀ, 1985 ਨੂੰ ਹੋਈ। ਪੰਜਾਬ ਦੀ ਵਰਤਮਾਨ ਸਥਿਤੀ ਬਾਰੇ ਵਿਚਾਰ ਵਿਟਾਂਦਰਾ ਕਰਨ ਤੋਂ ਬਾਅਦ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ:

ਸਭਾ ਦੇ ਮੈਂਬਰ ਪੰਜਾਬ ਦੀ ਸਥਿਤੀ ਉੱਤੇ ਚਿੰਤਾ ਅਤੇ ਦੁੱਖ ਪ੍ਰਗਟ ਕਰਦੇ ਹਨ। ਪੰਜਾਬ ਵਿਚ ਫੌਜ ਨੂੰ ਆਇਆਂ ਤਕਰੀਬਨ ਇਕ ਸਾਲ ਹੋ ਗਿਆ ਹੈ। ਕੇਂਦਰੀ ਸਰਕਾਰ ਦੀਆਂ ਚੋਣਾਂ ਹੋਇਆਂ ਵੀ ਦੋ ਮਹੀਨੇ ਤੋਂ ਉੱਪਰ ਹੋ ਚੱਲੇ ਹਨ। ਅਜੇ ਤੱਕ ਪੰਜਾਬ ਦੇ ਹਾਲਾਤ ਸੁਧਾਰਨ ਵਿਚ ਕੇਂਦਰ ਦੀ ਕੋਈ ਦਿਲਚਸਪੀ ਨਹੀਂ ਲੱਗਦੀ। ਫੋਕੀ ਬਿਆਨਬਾਜ਼ੀ ਤੋਂ ਇਲਾਵਾ ਪੰਜਾਬ ਬਾਰੇ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਪੰਜਾਬ ਦੀ ਜਨਤਾ ਫੌਜੀ ਅਤੇ ਪੁਲਸੀ ਜਬਰ ਥੱਲੇ ਕੁਰਾਹ ਰਹੀ ਹੈ। ਜਨ-ਸਾਧਾਰਨ ਦੀ ਆਜ਼ਾਦੀ ਅਤੇ ਮੁੱਢਲੇ ਹੱਕਾਂ ਉਤੇ ਕੇਂਦਰੀ ਹਕੂਮਤ ਛਾਪਾ ਮਾਰੀ ਬੈਠੀ ਹੈ। ਸਭਾ ਕੇਂਦਰੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਗੰਭੀਰ ਹੋ ਕੇ ਕੋਈ ਪ੍ਰੋਗਰਾਮ ਬਣਾਵੇ। ਪੰਜਾਬ ਦੀ ਸਮੱਸਿਆ ਨੂੰ ਹੱਲ ਕਰਨ ਦੀ ਨੇਕ ਨੀਅਤ ਦਰਸਾਉਣ ਲਈ ਸਰਕਾਰ ਹੇਠ ਲਿਖੇ ਕਦਮ ਚੁੱਕੇ:

1 ਪੰਜਾਬ 'ਚੋਂ ਫੌਜ ਫੌਰਨ ਵਾਪਸ ਬੁਲਾਈ ਜਾਵੇ।
2 ਫੌਜੀ ਅਤੇ ਪੁਲਸੀ ਤਸ਼ੱਦਦ ਬੰਦ ਕੀਤਾ ਜਾਵੇ।
3 ਲੋਕਾਂ ਦੀ ਆਜ਼ਾਦੀ 'ਤੇ ਛਾਪਾ ਮਾਰਨ ਵਾਲੇ ਜਾਬਰ ਕਾਨੂੰਨ ਭੰਗ ਕੀਤੇ ਜਾਣ।
4 ਇਨ੍ਹਾਂ ਕਾਨੂੰਨਾਂ ਤਹਿਤ ਫੜੇ ਆਮ ਸਾਧਾਰਨ ਲੋਕਾਂ ਨੂੰ ਫੌਰਨ ਰਿਹਾ ਕੀਤਾ ਜਾਵੇ।
5 ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਹੋਏ ਫਾਸ਼ਿਸ਼ਟ ਦੰਗੇ, ਜਿਨ੍ਹਾਂ ਵਿਚ ਹਜ਼ਾਰਾਂ ਬੇਗੁਨਾਹ ਲੋਕ ਮਾਰੇ ਗਏ ਹਨ ਅਤੇ ਫਿਰਕੂ ਜ਼ਹਿਰ ਹੋਰ ਫੈਲਿਆ ਹੈ; ਦੀ ਅਦਾਲਤੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਸਭਾ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਮੌਜੂਦਾ ਗੰਭੀਰ ਸੰਕਟ ਸਮੇਂ ਸਾਰੇ ਪੰਜਾਬੀ ਲੋਕ ਇਕੱਠੇ ਹੋ ਕੇ ਕੇਂਦਰੀ ਸਰਕਾਰ ਦੇ ਇਸ ਧੱਕੇ ਵਿਰੁੱਧ ਜ਼ੋਰ ਸ਼ੋਰ ਨਾਲ ਆਵਾਜ਼ ਬੁਲੰਦ ਕਰਨ। ਇਹ ਮਸਲਾ ਕਿਸੇ ਇਕ ਫਿਰਕੇ, ਧਰਮ ਜਾਂ ਸੂਬੇ ਦਾ ਨਹੀਂ, ਇਹ ਸਮੁੱਚੇ ਭਾਰਤ ਦੇ ਜਨ-ਸਾਧਾਰਨ ਦਾ ਮਸਲਾ ਹੈ ਜਿਸ ਨੂੰ ਸਾਰੇ ਭਾਰਤ ਦੇ ਲੋਕ ਇਕੱਠੇ ਹੋ ਕੇ ਹੀ ਹੱਲ ਕਰ ਸਕਦੇ ਹਨ। • (WINNIPEG, MAN., CANADA)

---

ਕਾਤਲ ਹਾਕਮਾਂ ਨੇ ਆਪਣੇ ਕਾਲੇ ਕਾਰਨਾਮਿਆਂ ਤੇ ਪੜਦਾ ਪਾਉਣ ਲਈ

# "ਦੋਸ਼ੀ ਕੌਣ ਹਨ" ਨੂੰ ਜਬਤ ਕਰ ਲਿਆ ਗਿਆ

ਭਾਰਤੀ ਹਾਕਮਾਂ ਨੇ ਆਪਣੇ ਘਿਨੌਣੇ ਕਾਰਨਾਮਿਆਂ ਤੇ ਪੜਦਾ ਪਾਉਣ ਲਈ, "ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਕ ਰਾਈਟਸ" ਅਤੇ "ਪੀਪਲਜ ਯੂਨੀਅਨ ਫਾਰ ਸਿਵਲ ਲਿਬਰਟੀਜ਼" ਵਲੋਂ ਤਿਆਰ ਕਰਵਾਈ ਗਈ ਮਸ਼ਹੂਰ ਦਸਤਾਵੇਜ "ਹੂ ਆਰ ਦਾ ਗਿਲਟੀ" (ਦੋਸ਼ੀ ਕੌਣ ਹਨ ?) ਦੇ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਕਰਵਾਏ ਪੰਜਾਬੀ ਅਨੁਵਾਦ ਦੀਆਂ ਹਜ਼ਾਰਾਂ ਕਾਪੀਆਂ ਜਬਤ ਕਰ ਲਈਆਂ ਹਨ।

ਇਸ ਦਸਤਾਵੇਜ਼ ਵਿਚ ਇੰਦਰਾ ਦੇ ਕਤਲ ਪਿਛੋਂ ਹਾਕਮ ਜੁੰਡੀ ਵਲੋਂ ਕਰਵਾਏ ਗਏ ਨਿਰਦੋਸ਼ ਸਿਖਾਂ ਦੇ ਕਤਲਾਂ ਦੀਆਂ ਹੌਲਨਾਕ ਘਟਨਾਵਾਂ ਦਾਂ ਵਰਨਣ ਕੀਤਾ ਗਿਆ ਸੀ ਅਤੇ ਅੰਤ ਵਿਚ ਇਕ ਲਿਸਟ ਛਾਪੀ ਗਈ. ਸੀ. ਜਿਸ ਵਿਚ ਮੰਤਰੀਆ, ਮੈਂਬਰ ਪਾਰਲੀਮਿੰਟਾ, ਪੁਲਸ ਅਫਸਰਾਂ ਅਤੇ ਹੋਰ ਅਨੇਕਾਂ ਗੁੰਡਿਆਂ ਦੇ ਨਾਂ ਸਨ ਜਿਨਾਂ ਨੇ ਸਿਖਾਂ ਨੂੰ ਜੀਉਂਦੇ ਸਾੜਿਆ, ਕੋਹ ਕੋਹ ਕੇ ਮਾਰਿਆ ਜਾ ਮਾਰਨ ਵਿਚ ਸਹਾਇਤਾ ਕੀਤੀ।

ਪੰਜਾਬ ਸਰਕਾਰ ਵਲੋਂ ਇਹ ਕੋਝੀ ਕਾਰਵਾਈ ਇੰਦਰਾ ਦੇ ਕਤਲ ਤੋਂ ਜਲਦੀ ਪਿਛੋਂ ਵੀ ਕੀਤੀ ਗਈ ਸੀ ਜਦੋਂ ਉਸਦੀ ਪੁਲਸ ਨੇ ਬੁਕ ਸਟਾਲਾਂ ਤੇ ਛਾਪੇ ਮਾਰ ਕੇ ਸੁਰਖ ਰੇਖਾ ਦੀਆਂ ਹਜ਼ਾਰਾਂ ਕਾਪੀਆਂ ਜ਼ਬਤ ਕਰ ਲਈਆਂ ਸਨ। ਤੇ ਹੁਣ ਸੱਚ ਦੀ ਅਵਾਜ਼ ਨੂੰ ਦਬਾਉਣ ਲਈ ਇਹ ਦੂਸਰਾ ਹਮਲਾ ਕੀਤਾ ਗਿਆ ਹੈ। ਸਰਕਾਰ ਦੀ ਇਹ ਹੋਛੀ ਕਾਰਵਾਈ ਪੰਜਾਬ ਦੀਆਂ ਸਾਰੀਆਂ ਇਨਕਲਾਬੀ ਜਮਹੂਰੀ ਸ਼ਕਤੀਆਂ ਲਈ ਇਕ ਚੈਲਿੰਜ ਹੈ। ਪੰਜਾਬ ਸਰਕਾਰ ਅੱਤਵਾਦ ਨੂੰ ਦਬਾਉਣ ਦੇ ਨਾਂ ਹੇਠ ਅਸਲ ਵਿਚ ਇਕ ਅਜਿਹਾ ਘਿਨੌਣਾ ਕਾਰਨਾਮਾ ਕਰ ਰਹੀ ਹੈ ਜਿਸ ਨਾਲ ਹਰ ਤਰ੍ਹਾਂ ਦੀ ਹੱਕੀ ਅਤੇ ਜਮਹੂਰੀ ਅਵਾਜ਼ ਨੂੰ ਦਬਾ ਕੇ ਲੋਕਾਂ ਉਪਰ ਜ਼ਬਰ ਕੀਤਾ ਜਾਵੇ। ਅਦਾਰਾ ਸਰਖ ਰੇਖਾ, ਸਾਰੀਆਂ ਇਨਸਾਫ ਪਸੰਦ ਸ਼ਕਤੀਆ ਅਤੇ ਵਿਸ਼ੇਸ਼ ਕਰਕੇ ਕਮਿਊਨਿਸਟ ਇਨਕਲਾਬੀਆਂ ਨੂੰ ਇਹ ਅਪੀਲ ਕਰਦਾ ਹੈ ਕਿ ਉਹ ਸਰਕਾਰ ਦੀਆਂ, ਇਸ ਕਿਸਮ ਦੀਆਂ ਦਮਨਕਾਰੀ ਨੀਤੀਆਂ ਦਾ ਵਿਰੋਧ ਕਰਨ ਲਈ ਇਕ ਮੁਠ ਹੋਣ। ਅਜੋਕੇ ਸਮੇਂ ਵਿਚ ਹੱਕ ਅਤੇ ਸੱਚ ਦੀ ਅਵਾਜ ਨੂੰ ਜੇ ਕੋਈ ਕਾਇਮ ਰੱਖ ਸਕਦਾ ਹੈ ਤਾਂ ਉਹ ਲੋਕਾਂ ਦਾ ਮਜ਼ਬੂਤ ਏਕਾ ਹੀ ਹੈ। ਆਉ ਪੰਜਾਬ ਸਰਕਾਰ ਦੀ ਇਸ ਕੋਝੀ ਹਰਕਤ ਦਾ ਮੂੰਹ ਤੋੜਵਾਂ ਜੁਆਬ ਦਈਏ।

— ਅਦਾਰਾ 'ਸੁਰਖ਼ ਰੇਖਾ' ('ਸੁਰਖ਼ ਰੇਖਾ' ਮਾਰਚ '85 'ਚੋਂ ਧੰਨਵਾਦ ਸਹਿਤ)

**WATNO DUR**
P.O. Box 9545
Edmonton, Alberta, T6E 5X2
Second Class Mail Reg. No. 3233

TO:

# ਫਰੰਟੀਅਰ ਕਲਾਥ ਹਾਊਸ




## NEW DESIGNS & NEW FASHIONS

# SAREES

**We have the largest variety in Punjabi suits both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515.